JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON



ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post



Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact :
647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6



To view our online newspaper visit punjabipost.ca/epaper | Vol 21* Issue 154 | Friday, August 05, 2022 | Tel: 905-793-2202 | Fax: 905-793-2282 | news@punjabipost.ca ਤੁਸੀਂ 'ਪੰਜਾਬੀ ਪੋਸਟ' Onlineਰੋਜ਼ਾਨਾ ਪੜ੍ਹ ਸਕਦੇ ਹੋ


## ਜੋਤੀ ਮਾਨ ’ਤੇ ਹੋਇਆ ਜਾਨਲੇਵਾ ਹਮਲਾ





ਬਰੈਂਪਟਨ, 4 ਅਗਸਤ (ਪੋਸਟ ਬਿਊਰੋ)- ਟੋਰਾਂਟੋ ਤੋਂ ਫਤਹਿ ਮੀਡੀਆ ਦੇ ਸੰਚਾਲਕ ਜੋਤੀ ਮਾਨ ਉੱਤੇ ਬੀਤੇ ਕੱਲ੍ਹ ਵੀਰਵਾਰ ਸਵੇਰੇ 8:20 ਵਜੇ ਦੇ ਕਰੀਬ ਉਸ ਦੇ ਘਰ ਦੇ ਬਾਹਰ ਜਾਨਲੇਵਾ ਹਮਲਾ ਹੋਇਆ ਹੈ।

ਦੱਸਿਆ ਜਾ ਰਿਹਾ ਹੈ ਕਿ ਸਵੇਰੇ ਜੋਤੀ ਮਾਨ ਜਦੋਂ ਘਰੋਂ ਆਪਣਾ ਰੇਡੀਓ ਪ੍ਰੋਗਰਾਮ ਕਰਨ ਨਿਕਲੇ ਤਾਂ ਉਨ੍ਹਾਂ ਉੱਤੇ ਤਿੰਨ ਹਥਿਆਰਬੰਦ ਵਿਅਕਤੀਆਂ ਵਲੋਂ ਹਮਲਾ ਕਰ ਦਿੱਤਾ ਗਿਆ। ਇਨ੍ਹਾਂ ਕੋਲ ਕੁਹਾੜੀਆਂ ਅਤੇ ਦਾਤ ਫੜ੍ਹੇ ਹੋਏ ਸਨ। ਜਿਉਂ ਹੀ ਜੋਤੀ ਮਾਨ ਆਪਣੀ ਗੱਡੀ ਵਿਚ ਬੈਠਣ ਲੱਗੇ ਤਾਂ ਇਨ੍ਹਾਂ ਹਮਲਾਵਰਾਂ ਨੇ ਜੋਤੀ ਮਾਨ ਉਤੇ ਤਾਬੜਤੋੜ ਵਾਰ ਕਰਨੇ ਸ਼ੁਰੂ ਕਰ ਦਿੱਤੇ। ਚਸ਼ਮਦੀਦ ਲੋਕਾਂ ਵਲੋਂ ਬਣਾਈ ਗਈ ਵੀਡੀਓ ਵਿਚ ਦੇਖਿਆ ਜਾ ਸਕਦਾ ਹੈ ਕਿ ਜੋਤੀ ਮਾਨ ਦੁਆਲੇ ਖ਼ੂਨ ਹੀ ਖੂਨ ਹੈ। ਉਸ ਦੀ ਲੱਤ, ਬਾਂਹ ਅਤੇ ਉਸ ਦੇ ਹੋਰ ਅੰਗਾਂ ’ਤੇ ਸੱਟਾਂ ਵੱਜੀਆਂ ਨਜ਼ਰ ਆ ਰਹੀਆਂ ਹਨ।

ਇਹ ਵੀ ਪਤਾ ਲੱਗਿਆ ਕਿ ਇਹ ਵਿਅਕਤੀ ਇਕ ਨੀਲੇ ਰੰਗ ਦੀ ਗੱਡੀ ਵਿਚ ਆਏ, ਜੋ ਗੱਡੀ ਘਰ ਤੋਂ ਥੋੜ੍ਹੀ ਦੂਰ ਖੜ੍ਹੀ ਕੀਤੀ ਗਈ ਸੀ ਹਮਲਾ ਕਰਨ ਤੋਂ ਬਾਅਦ ਇਹ ਗੱਡੀ ਵਿਚ ਹੀ ਫ਼ਰਾਰ ਹੋ ਗਏ। ਸਕਿਊਰਿਟੀ ਕੈਮਰਿਆਂ ਦੀਆਂ ਵੀਡੀਓ ਫੁਟੇਜ ਵਿਚ ਇਸ ਗੱਡੀ ਬਾਰੇ ਕਾਫ਼ੀ ਕੁਝ ਨਜ਼ਰ ਆ ਰਿਹਾ ਹੈ। ਜਿਉਂ ਹੀ ਜੋਤੀ ਮਾਨ ਉੱਤੇ ਹਮਲਾ ਕੀਤਾ ਗਿਆ ਤਾਂ ਦੱਸਿਆ ਜਾ ਰਿਹਾ ਹੈ ਕਿ ਇਨ੍ਹਾਂ ਦੇ ਘਰ ਦੀ ਬੇਸਮੈਂਟ ਵਿਚ ਰਹਿ ਰਹੀ ਇਕ ਲੜਕੀ ਨੇ ਇਹ ਸਭ ਕੁਝ ਦੇਖਿਆ ਤੇ ਫੇਰ ਇਸ ਬਾਰੇ ਰੌਲਾ ਪਾਉਣ ਤੋਂ ਬਾਅਦ ਜੋਤੀ ਮਾਨ ਦੀ ਮਾਂ ਨੇ ਆ ਕੇ ਹਮਲਾਵਰਾਂ ਨੂੰ ਹਟਾਇਆ ਅਤੇ ਫੇਰ ਉਹ ਹਮਲਾਵਰ ਭੱਜ ਗਏ। ਜੋਤੀ ਮਾਨ ਨੂੰ ਸਨੀ ਬਰੁੱਕ ਹਸਪਤਾਲ ਲੈ ਕੇ ਗਏ। ਦੱਸਿਆ ਜਾ ਰਿਹਾ ਹੈ ਕਿ ਉਸ ਦੀ ਸਥਿਤੀ ਕਾਫੀ ਗੰਭੀਰ ਹੈ ਅਤੇ ਉਸ ਦਾ ਬਹੁਤ ਸਾਰਾ ਖੂਨ ਵਹਿ ਚੁੱਕਿਆ ਹੈ। ਹਾਲੇ ਤੱਕ ਪੁਲਸ ਵਲੋਂ ਮਸ਼ਕੂਕਾਂ ਦੀ ਭਾਲ ਕੀਤੀ ਜਾ ਰਹੀ ਹੈ ਅਤੇ ਕੋਈ ਵੀ ਆਪਣੀ ਸਟੇਟਮੈਂਟ ਜਾਰੀ ਨਹੀਂ ਕੀਤੀ ਗਈ।

## ਜਗਮੀਤ ਸਿੰਘ ਨੇ ਟਰੂਡੋ ਸਰਕਾਰ ਤੋਂ ਹੈਲਥ ਕੇਅਰ ਸਿਸਟਮ ਵਿਚ ਸਟਾਫ ਦੀ ਘਾਟ ਦੇ ਮਸਲੇ ਨੂੰ ਹੱਲ ਕਰਨ ਦੀ ਕੀਤੀ ਮੰਗ



ਓਟਵਾ, 4 ਅਗਸਤ (ਪੋਸਟ ਬਿਊਰੋ) : ਐਨਡੀਪੀ ਆਗੂ ਜਗਮੀਤ ਸਿੰਘ ਵੱਲੋਂ ਲਿਬਰਲ ਸਰਕਾਰ ਤੋਂ ਮੰਗ ਕੀਤੀ ਜਾ ਰਹੀ ਹੈ ਕਿ ਕੈਨੇਡਾ ਦੇ ਹੈਲਥ ਕੇਅਰ ਸਿਸਟਮ ਵਿੱਚ ਸਟਾਫ ਦੀ ਘਾਟ ਦੇ ਮਸਲੇ ਨੂੰ ਫੌਰੀ ਤੌਰ ਉੱਤੇ ਹੱਲ ਕੀਤਾ ਜਾਵੇ।ਉਨ੍ਹਾਂ ਵੱਲੋਂ ਇਹ ਸੁਝਾਅ ਵੀ ਦਿੱਤਾ ਗਿਆ ਹੈ ਕਿ ਇਸ ਮਸਲੇ ਨੂੰ ਹੱਲ ਕਰਨ ਲਈ ਕੌਮਾਂਤਰੀ ਪੱਧਰ ਉੱਤੇ ਟਰੇਂਡ ਵਰਕਰਜ਼ ਤੇ ਲਾਂਗ ਟਰਮ ਕੇਅਰ ਵਰਕਰਜ਼ ਨੂੰ ਹਾਇਰ ਕੀਤਾ ਜਾਵੇ ਤੇ ਉਨ੍ਹਾਂ ਦੀਆਂ ਤਨਖਾਹਾਂ ਵਿੱਚ ਵੀ ਵਾਧਾ ਕੀਤਾ ਜਾਵੇ।

ਵੀਰਵਾਰ ਨੂੰ ਓਨਟਾਰੀਓ ਨਰਸਿਜ਼ ਐਸੋਸਿਏਸ਼ਨ ਦੀ ਪ੍ਰੈਜ਼ੀਡੈਂਟ ਕੈਥਰੀਨ ਹੋਏ ਨਾਲ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਜਗਮੀਤ ਸਿੰਘ ਵੱਲੋਂ ਇਹ ਮੰਗ ਕੀਤੀ ਗਈ। ਦੇਸ਼ ਭਰ ਵਿੱਚ ਕਈ ਐਮਰਜੰਸੀ ਰੂਮਜ਼ ਨੂੰ ਆਰਜ਼ੀ ਤੌਰ ਉੱਤੇ ਬੰਦ ਕੀਤੇ ਜਾਣ ਤੇ ਸਟਾਫ ਦੀ ਘਾਟ ਕਾਰਨ ਸੇਵਾਵਾਂ ਵਿੱਚ ਆਈ ਕਮੀ ਤੇ ਸਟਾਫ ਨਰਸਾਂ ਵੱਲੋਂ ਕੰਮ ਛੱਡਣ ਦੇ ਮੱਦੇਨਜ਼ਰ ਜਗਮੀਤ ਸਿੰਘ ਵੱਲੋਂ ਇਹ ਮੰਗ ਕੀਤੀ ਗਈ ਹੈ।

ਜਗਮੀਤ ਸਿੰਘ ਨੇ ਆਖਿਆ ਕਿ ਪ੍ਰਧਾਨ ਮੰਤਰੀ ਟਰੂਡੋ ਇਸ ਨੂੰ ਪ੍ਰੋਵਿੰਸ਼ੀਅਲ ਮਸਲਾ ਦੱਸ ਕੇ ਆਪਣੇ ਹੱਥ ਪਿੱਛੇ ਨਹੀਂ ਖਿੱਚ ਸਕਦੇ, ਫੈਡਰਲ ਸਰਕਾਰ ਨੂੰ ਆਪਣੀ ਭੂਮਿਕਾ ਨਿਭਾਉਣ ਲਈ ਅੱਗੇ ਆਉਣਾ ਹੋਵੇਗਾ। ਟਰੂਡੋ ਨੂੰ ਲੀਡਰ ਬਣ ਕੇ ਵਿਖਾਉਣਾ ਹੋਵੇਗਾ।ਉਨ੍ਹਾਂ ਆਖਿਆ ਕਿ ਫੈਡਰਲ ਸਰਕਾਰ ਨੂੰ ਕੌਮਾਂਤਰੀ ਪੱਧਰ ਉੱਤੇ ਟਰੇਂਡ ਹੈਲਥ ਕੇਅਰ ਵਰਕਰਜ਼ ਦੇ ਦਸਤਾਵੇਜ਼ਾਂ ਨੂੰ ਮਾਨਤਾ ਦੇਣ ਦੀ ਪ੍ਰਕਿਰਿਆ ਤੇਜ਼ ਕਰਨੀ ਹੋਵੇਗੀ।

## ਪ੍ਰਧਾਨ ਮੰਤਰੀ ਦੀ ਰਿਹਾਇਸ਼ ਦੇ ਗੇਟ ਨਾਲ ਟਕਰਾਈ ਬੱਸ



ਓਟਵਾ, 3 ਅਗਸਤ (ਪੋਸਟ ਬਿਊਰੋ) : ਓਟਵਾ ਵਿੱਚ 24 ਸਸੈਕਸ ਡਰੇਲ ਦੇ ਗੇਟ ਦੇ ਨਾਲ ਟੂਰ ਬੱਸ ਟਕਰਾ ਗਈ ਪਰ ਇਸ ਦੌਰਾਨ ਕਿਸੇ ਦੇ ਵੀ ਜ਼ਖ਼ਮੀ ਹੋਣ ਦੀ ਖਬਰ ਨਹੀਂ ਮਿਲੀ ਹੈ। ਇਹ ਪ੍ਰਧਾਨ ਮੰਤਰੀ ਦੀ ਸਰਕਾਰੀ ਰਿਹਾਇਸ਼ ਹੈ ਜਿੱਥੇ ਕੋਈ ਨਹੀਂ ਰਹਿੰਦਾ।

ਐਂਫੀਬਸ ਦੇ ਨਾਂ ਨਾਲ ਜਾਣੀ ਜਾਣ ਵਾਲੀ ਇਹ ਬੱਸ ਬੁੱਧਵਾਰ ਨੂੰ ਸਵੇਰੇ 9:00 ਵਜੇ ਗੇਟ ਨਾਲ ਜਾ ਟਕਰਾਈ। ਓਟਵਾ ਦੇ ਪੈਰਾਮੈਡਿਕਸ ਨੇ ਦੱਸਿਆ ਕਿ ਇਸ ਹਾਦਸੇ ਵਿੱਚ ਕੋਈ ਜ਼ਖ਼ਮੀ ਨਹੀਂ ਹੋਇਆ। ਓਟਵਾ ਪੁਲਿਸ ਵੀ ਮੌਕੇ ਉੱਤੇ ਪਹੁੰਚ ਗਈ। ਪੁਲਿਸ ਦੇ ਬੁਲਾਰੇ ਨੇ ਦੱਸਿਆ ਕਿ ਇਸ ਹਾਦਸੇ ਦੇ ਸਬੰਧ ਵਿੱਚ ਕਿਸੇ ਨੂੰ ਵੀ ਗ੍ਰਿਫਤਾਰ ਨਹੀਂ ਕੀਤਾ ਗਿਆ ਹੈ ਤੇ ਨਾ ਹੀ ਕਿਸੇ ਤਰ੍ਹਾਂ ਦੇ ਕੋਈ ਚਾਰਜਿਜ਼ ਹੀ ਲਾਏ ਗਏ ਹਨ।

ਆਪਰੇਟਰ ਲੇਡੀ ਡਾਈਵ ਟੂਰਜ਼ ਦੇ ਅਨੁਸਾਰ ਇਹ ਐਂਫੀਬਸ ਸਸੈਕਸ ਡਰਾਈਵ ਦੇ ਨਾਲ ਟੂਰ ਕਰਵਾਉਂਦੀ ਹੈ ਤੇ ਇਹ ਪ੍ਰਧਾਨ ਮੰਤਰੀ ਦੀ ਰਿਹਾਇਸ਼ ਦੇ ਨਾਲ ਨਾਲ ਅਹਿਮ ਸਥਾਨਾਂ ਦਾ ਦੌਰਾ ਵੀ ਕਰਵਾਉਂਦੀ ਹੈ।ਬੱਸ ਦੇ ਮਾਲਕ ਐਟੀਨ ਕੈਮਰੋਨ ਨੇ ਦੱਸਿਆ ਕਿ ਹਾਦਸੇ ਸਮੇਂ ਨਾ ਹੀ ਬੱਸ ਵਿੱਚ ਕੋਈ ਪੈਸੈਂਜਰ ਸੀ ਤੇ ਬੱਸ ਦੇ ਡਰਾਈਵਰ ਨੂੰ ਵੀ ਕੋਈ ਸੱਟ ਫੇਟ ਨਹੀਂ ਲੱਗੀ ਹੈ।


AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat
Aaxel InsuranceBrokers Ltd. | 1332 Khalsa Dr, Unit # 11, Mississauga, ON L5S 0A2

SUPER VISA INSURANCE EXPERTS
7003 Steeles Ave. W, Unit 10, Etobicoke, ON, M9W 0A2
gill@punjabinsurance.ca | topinsuranceservices.ca
Punjab Insurance Inc
Disability Insurance
Mortgage Insurance
Life Insurance
Visitor & Travel Insurance
RESP(Education Plan)
Critical Illness Insurance
RANJIT GILL
Insurance Advisor
416-724-5000

GURBIR CHAHAL
Sales Representative
416.566.7605
gurbir.chahal@yahoo.com
ROYAL LEPAGE Flower City Realty
Off: 905.230.3100

Pure Vegetarian
MUFFIN'S
INDIAN SWEETS & RESTAURANT
CALL (905)794-3007
NOW OPEN AT EMBASSY GRAND PLAZA
#6-8770 THE GORE RD, BRAMPTON, ON L6P 0B1
Free CHOLE BHATURE
WHEN YOU SPEND OVER $20

NOW HIRING !!!
ALLKIND INSURANCE
Life Insurance • Super Visa Insurance
Critical illness Ins • Mortgage Insurance
Travel & Visitor Ins • Disability Insurance
RESP & TFSA & RRSP • Funeral Insurance
SIMRAN SAINI
416.994.7272
www.allkindinsurance.com

OURR HOME & APPLIANCES
Late Summer TREATS
PRICE $3199 +TAX
PRICE $1599 +TAX
KitchenAid moffat MAYTAG LG SAMSUNG Electrolux JENNAIR BOSCH Whirlpool
Unit #1, 241 Clarence, St Brampton, On L6W 3E7, (416) 551 3343 | 44 Fasken Dr. # 2-9 Etobicoke, On M9W 5M8, (416) 792-0877 | Unit #6 410 Lewis Road, Stoney Creek, On L8E 5Y7, (905) 643-0818 | Unit #4 - 1540 Fanshawe Park Road West London, On N6H 5L8 519-641-1010
WWW.OURRHOMEAPPLIANCES.COM (416) 792-0877 (416) 551 3343

HELPING YOU PLAN TODAY...FOR TOMORROW
Supervisa / Visitor Insurance
Life /Mortgage/Funeral Insurance
Disability Insurance
Critical Illness Insurance
RESP /RRSP
www.ufsinsurance.com
JATINDERBIR S BAJWA
Insurance Broker
Dir:647-928-4990
# 25-831 Bovaird Dr. W. Brampton, ON L6X0T9 | www.ufsinsurance.com

INSURANCE
Home • Auto
Business • Trucking
Life Insurance • Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill
Certified & Licenced Exterminator

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu
Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
Aman Sharma
25 Cherrycrest Drive, Unit # 6 Brampton, ON, L6P 3W4
Open Saturday
Providing excellent quality legal services to our clients

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available
1888 864 3131
Jasbir Singh Hundal
Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0011
NC Dhawan
Certified Instructor

KELLEY LAW OFFICE
Immigration • Real Estate
Family Law • Business Closing
Corporate • Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
ਇਮੀਗ੍ਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੰਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੌਰਨੀ, ਹਾਫੀਦਾ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley
905-362-0755

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Avon Financial Inc. Advice you can bank on.
Brokerage Lic. 12538
Cell: 416-841-4218 Tel: 905-216-5563
Harpreet Singh Goraya
Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

MANN LAW FIRM
Real Estate Law • Business Law
Wills & Estates • Family Law
Power of Attorney • Civil Litigation
Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

Royal Pest Control
Residential Commercial Industrial
Specialist in Bedbugs Service
All Pest Control :
Mouse & Rats • Spiders & Fleas • Bedbugs • Wasps
Cockroaches • Carpenter Ants • Silver Fish • Racoons
Call : PARESH PATEL
416 938 4598

ਨਵਾਂ ਘਾਹ ਲਵਾਉ | 647-784-1213
www.aaalandscaping.ca
1. ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2. ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3. ਨਵਾਂ ਘਾਹ ਲਵਾਉ
4. ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

ਵਰਕਰਾਂ ਦੀ ਲੋੜ
ਘਾਹ ਕੱਟਣ ਲਈ ਅਤੇ ਕੰਸਟ੍ਰਕਸ਼ਨ ਦੇ ਫੁੱਲ ਟਾਈਮ ਕੰਮ ਲਈ ਜਨਰਲ ਲੇਬਰ ਦੀ ਲੋੜ ਹੈ। ਕੰਮ ਉਤੇ ਲੈ ਕੇ ਆਉਣ ਅਤੇ ਲਿਜਾਣ ਦੀ ਸੁਵਿਧਾ। ਬਿਨੈਕਾਰ ਸਰੀਰਕ ਤੌਰ ਉਤੇ ਫਿਟ ਅਤੇ 50 ਐਲ.ਬੀ.ਐਸ. ਵਜ਼ਨ ਚੁੱਕਣ ਦੇ ਯੋਗ ਹੋਣਾ ਚਾਹੀਦਾ ਹੈ।
ਸੰਪਰਕ ਅਮਿਤ: 647-784-1213

# ਕਾਊਂਸਲਰ ਗੁਰਪ੍ਰੀਤ ਢਿੱਲੋਂ ਦੇ ਮਾਮਲੇ ਨੂੰ ਹੱਲ ਕਰਨ ਲਈ ਸਿਟੀ ਵੱਲੋਂ ਕੋਈ ਰਕਮ ਨਹੀਂ ਸੀ ਦਿੱਤੀ ਗਈ : ਸਿਟੀ ਸੌਲੀਸਿਟਰ

ਬਰੈਂਪਟਨ, 4 ਅਗਸਤ (ਪੋਸਟ ਬਿਊਰੋ) : ਸਿਟੀ ਸੌਲੀਸਿਟਰ ਵੱਲੋਂ ਮੇਅਰ ਪੈਟ੍ਰਿਕ ਬ੍ਰਾਊਨ ਤੇ ਕਾਊਂਸਲ ਦੇ ਹੋਰਨਾਂ ਮੈਂਬਰਾਂ ਨੂੰ ਮੰਗਲਵਾਰ ਸਵੇਰੇ ਭੇਜੀ ਗਈ ਇੱਕ ਈਮੇਲ ਵਿੱਚ ਇਸ ਦਾਅਵੇ ਤੋਂ ਇਨਕਾਰ ਕੀਤਾ ਗਿਆ ਹੈ ਕਿ ਕਾਊਂਸਲਰ ਗੁਰਪ੍ਰੀਤ ਢਿੱਲੋਂ ਖਿਲਾਫ ਜਿਨਸੀ ਸ਼ੋਸ਼ਣ ਦੇ ਲੱਗੇ ਦੋਸ਼ਾਂ ਦੇ ਮਸਲੇ ਨੂੰ ਹੱਲ ਕਰਨ ਲਈ ਸੁਲ੍ਹਾ ਸਫਾਈ ਵਾਸਤੇ ਰਕਮ ਦਿੱਤੀ ਗਈ ਸੀ।

ਮੰਗਲਵਾਰ ਸਵੇਰੇ ਬ੍ਰਾਊਨ ਵੱਲੋਂ ਪ੍ਰੈੱਸ ਕਾਨਫਰੰਸ ਕੀਤੇ ਜਾਣ ਤੋਂ ਪਹਿਲਾਂ ਬਰੈਂਪਟਨ ਦੀ ਕਮਿਸ਼ਨਰ ਆਫ ਲੈਜਿਸਲੇਟਿਵ ਸਰਵਿਸਿਜ਼ ਅਤੇ ਸਿਟੀ ਦੀ ਸੌਲੀਸਿਟਰ ਡਾਇਨਾ ਸੂਸ ਨੇ ਇਹ ਈਮੇਲ ਲਿਖ ਕੇ ਆਖਿਆ ਕਿ ਉਨ੍ਹਾਂ ਵੱਲੋਂ ਇਸ ਗੱਲ ਦੀ ਪੁਸ਼ਟੀ ਕੀਤੀ ਜਾਂਦੀ ਹੈ ਕਿ ਕਾਊਂਸਲਰ ਢਿੱਲੋਂ ਨਾਲ ਸਬੰਧਤ ਇਸ ਮਸਲੇ ਨੂੰ ਸੈਟਲ ਕਰਨ ਲਈ ਸਿਟੀ ਵੱਲੋਂ ਕਿਸੇ ਤਰ੍ਹਾਂ ਦੀ ਰਕਮ ਨਹੀਂ ਦਿੱਤੀ ਗਈ। ਪਰ ਸਿਟੀ ਦੀ ਉੱਘੀ ਵਕੀਲ ਦੇ ਇਸ ਸਪਸ਼ਟ ਬਿਆਨ ਦੇ ਬਾਵਜੂਦ ਮੇਅਰ ਪੈਟ੍ਰਿਕ ਬ੍ਰਾਊਨ ਨੇ ਜਨਤਕ ਤੌਰ ਉੱਤੇ ਇਹ ਦਾਅਵਾ ਕੀਤਾ ਕਿ ਇਹ ਰਕਮ ਸਿਟੀ ਵੱਲੋਂ ਅਦਾ ਕੀਤੀ ਗਈ ਹੈ।

ਸੂਸ ਨੇ ਇਹ ਵੀ ਆਖਿਆ ਸੀ ਕਿ ਇਸ ਮੁੱਦੇ ਉੱਤੇ ਜਨਤਕ ਤੌਰ ਉੱਤੇ ਕੀਤੀ ਜਾਣ ਵਾਲੀ ਕਿਸੇ ਕਿਸਮ ਦੀ ਟਿੱਪਣੀ ਨਾਲ ਸਿਟੀ ਆਫ ਬਰੈਂਪਟਨ ਖਿਲਾਫ ਕਾਨੂੰਨੀ ਕਾਰਵਾਈ ਦਾ ਖਤਰਾ ਖੜ੍ਹਾ ਹੋ ਸਕਦਾ ਹੈ। ਉਨ੍ਹਾਂ ਇਸ ਮੁੱਦੇ ਨੂੰ ਜਨਤਕ ਤੌਰ ਉੱਤੇ ਵਿਚਾਰਨ ਲਈ ਵੀ ਸਾਰਿਆਂ ਨੂੰ ਮਨ੍ਹਾਂ ਕੀਤਾ ਸੀ। ਈਮੇਲ ਵਿੱਚ ਕਿਤੇ ਵੀ ਇਸ ਗੱਲ ਦਾ ਕੋਈ ਜ਼ਿਕਰ ਨਹੀਂ ਹੈ ਕਿ ਇਸ ਮਾਮਲੇ ਵਿੱਚ ਕਿਸੇ ਤਰ੍ਹਾਂ ਦੇ ਸਮਝੌਤੇ ਉੱਤੇ ਪਹੁੰਚਿਆ ਗਿਆ। ਸੂਸ ਨੇ ਇਹ ਵੀ ਆਖਿਆ ਕਿ ਜੇ ਢਿੱਲੋਂ ਬਾਰੇ ਦੋਸ਼ਾਂ ਦੇ ਸਬੰਧ ਵਿੱਚ ਕੋਈ ਵੀ ਫੈਸਲਾ ਕਾਨੂੰਨੀ ਤੌਰ ਉੱਤੇ ਲਿਆ ਜਾਂਦਾ ਹੈ ਤਾਂ ਉਸ ਵਿੱਚ ਢਿੱਲੋਂ ਨੂੰ ਸ਼ਾਮਲ ਨਹੀਂ ਹੋਣਾ ਚਾਹੀਦਾ। ਇਸ ਸਬੰਧ ਵਿੱਚ ਇੰਸ਼ੋਰੈਂਸ ਪ੍ਰੋਵਾਈਡਰਜ਼ ਇਹ ਤੈਅ ਕਰਦੇ ਹਨ ਕਿ ਅੱਗੇ ਕਿਵੇਂ ਵਧਣਾ ਹੈ। ਤੀਜੀ ਪਾਰਟੀ ਇੰਸ਼ੋਰੈਂਸ ਕੰਪਨੀ ਹੀ ਇਹ ਤੈਅ ਕਰੇਗੀ ਜੇ ਕਿਸੇ ਤਰ੍ਹਾ ਦਾ ਸਮਝੌਤਾ ਹੁੰਦਾ ਹੈ।



ਪ੍ਰੈੱਸ ਕਾਨਫਰੰਸ ਵਿੱਚ ਵੀ ਬ੍ਰਾਊਨ ਨੇ ਚੋਣਵੇਂ ਮੀਡੀਆ ਨੂੰ ਹੀ ਸ਼ਮੂਲੀਅਤ ਦਾ ਸੱਦਾ ਦਿੱਤਾ ਸੀ। ਬ੍ਰਾਊਨ ਨੇ ਇਹ ਦਾਅਵਾ ਵੀ ਕੀਤਾ ਸੀ ਕਿ ਇਸ ਤਰ੍ਹਾਂ ਸਿਟੀ ਵੱਲੋਂ ਰਕਮ ਦਿੱਤੇ ਜਾਣ ਦੀ ਖਬਰ ਦੀ ਪੁਸ਼ਟੀ ਸਿਟੀ ਦੇ ਚੀਫ ਐਡਮਨਿਸਟ੍ਰੇਟਿਵ ਆਫੀਸਰ (ਸੀਏਓ) ਵੱਲੋਂ ਕੀਤੀ ਜਾਵੇਗੀ। ਪਰ ਬਰੈਂਪਟਨ ਦੇ ਕਾਰਜਕਾਰੀ ਸੀਏਓ ਪਾਲ ਮੌਰੀਸਨ ਨੇ ਬ੍ਰਾਊਨ ਦੇ ਇਨ੍ਹਾਂ ਦਾਅਵਿਆਂ ਦੀ ਪੁਸ਼ਟੀ ਕਰਨ ਤੋਂ ਇਨਕਾਰ ਕਰ ਦਿੱਤਾ। ਉਨ੍ਹਾਂ ਆਖਿਆ ਕਿ ਸਿਟੀ ਇਸ ਤਰ੍ਹਾਂ ਦੇ ਮਾਮਲਿਆਂ ਵਿੱਚ ਟਿੱਪਣੀ ਨਹੀਂ ਕਰ ਸਕਦੀ।

ਮੇਅਰ ਬ੍ਰਾਊਨ ਵੱਲੋਂ ਜਨਤਕ ਤੌਰ ਉੱਤੇ ਇਸ ਮਸਲੇ ਨੂੰ ਸੁਲਝਾਉਣ ਲਈ ਸਿਟੀ ਵੱਲੋਂ ਪੈਸੇ ਦੇਣ ਦੇ ਲਾਏ ਗਏ ਦੋਸ਼ਾਂ ਤੋਂ ਢਿੱਲੋਂ ਵੱਲੋਂ ਇਨਕਾਰ ਕੀਤਾ ਗਿਆ ਹੈ। ਇਸ ਸਮੇਂ ਮੇਅਰ ਬ੍ਰਾਊਨ ਉੱਤੇ ਢਿੱਲੋਂ ਵੱਲੋਂ ਕਾਨੂੰਨੀ ਕਾਰਵਾਈ ਕੀਤੀ ਜਾ ਰਹੀ ਹੈ।

ਜ਼ਿਕਰਯੋਗ ਹੈ ਕਿ ਕਾਊਂਸਲਰ ਗੁਰਪ੍ਰੀਤ ਢਿੱਲੋਂ ਨੇ ਮੇਅਰ ਪੈਟ੍ਰਿਕ ਬ੍ਰਾਊਨ ਵੱਲੋਂ ਸੁਲ੍ਹਾ ਸਫਾਈ ਵਾਸਤੇ ਰਕਮ ਦਿੱਤੇ ਜਾਣ ਦੇ ਕੀਤੇ ਕਥਿਤ ਦਾਅਵੇ ਨੂੰ ਨਕਾਰਦਿਆਂ ਆਖਿਆ ਸੀ ਕਿ ਉਹ ਮੇਅਰ ਖਿਲਾਫ ਕਾਨੂੰਨੀ ਕਾਰਵਾਈ ਕਰਨਗੇ। ਨਵੰਬਰ 2019 ਵਿੱਚ ਤੁਰਕੀ ਦੇ ਇੱਕ ਮਿਸ਼ਨ ਉੱਤੇ ਢਿੱਲੋਂ ਵੱਲੋਂ ਕਥਿਤ ਤੌਰ ਉੱਤੇ ਬਰੈਂਪਟਨ ਦੀ ਬਿਜ਼ਨਸਵੁਮਨ ਉੱਤੇ ਜਿਨਸੀ ਹਮਲਾ ਕਰਨ ਦਾ ਦੋਸ਼ ਸੀ। ਪਰ ਢਿੱਲੋਂ ਵੱਲੋਂ ਇਨ੍ਹਾਂ ਦੋਸ਼ਾਂ ਤੋਂ ਇਨਕਾਰ ਕੀਤਾ ਗਿਆ ਸੀ ਜਦਕਿ ਉਸ ਮਹਿਲਾ ਨੇ 2 ਮਿਲੀਅਨ ਡਾਲਰ ਹਰਜਾਨੇ ਵਜੋਂ ਹਾਸਲ ਕਰਨ ਲਈ ਢਿੱਲੋਂ ਖਿਲਾਫ ਕੇਸ ਕੀਤਾ ਸੀ।

ਇੱਥੇ ਦੱਸਣਾ ਬਣਦਾ ਹੈ ਕਿ ਜੁਲਾਈ ਦੇ ਪਹਿਲੇ ਹਫਤੇ ਕੰਜ਼ਰਵੇਟਿਵ ਪਾਰਟੀ ਦੀ ਲੀਡਰਸ਼ਿਪ ਦੌੜ ਤੋਂ ਬਾਹਰ ਕੀਤੇ ਗਏ ਬ੍ਰਾਊਨ ਨੂੰ ਮੇਅਰ ਦੇ ਅਹੁਦੇ ਤੋਂ ਲਾਂਭੇ ਕਰਨ ਦੀ ਮੰਗ ਕਰਨ ਵਾਲੇ ਛੇ ਕਾਊਂਸਲ ਮੈਂਬਰਾਂ ਦੇ ਗਰੁੱਪ ਵਿੱਚ ਢਿੱਲੋਂ ਵੀ ਸ਼ਾਮਲ ਸਨ। ਇਸ ਗਰੁੱਪ ਨੇ ਸਿਟੀ ਕਾਊਂਸਲ ਦੀਆਂ ਪਿਛਲੀਆਂ ਕੁੱਝ ਮੀਟਿੰਗਾਂ ਵਿੱਚ ਹਿੱਸਾ ਲੈਣ ਤੋਂ ਇਨਕਾਰ ਕਰ ਦਿੱਤਾ ਸੀ ਤੇ ਮੇਅਰ ਨੇ ਉਨ੍ਹਾਂ ਦੀ ਤਨਖਾਹ ਰੋਕਣ ਦੀ ਧਮਕੀ ਵੀ ਦਿੱਤੀ ਸੀ।

## ਚਾਕੂ ਦੀ ਨੋਕ ਉੱਤੇ ਕੀਤੀ ਕਾਰਜੈਕਿੰਗ, 3 ਮਸ਼ਕੂਕਾਂ ਦੀ ਭਾਲ ਕਰ ਰਹੀ ਹੈ ਪੁਲਿਸ

ਬਰੈਂਪਟਨ, 4 ਅਗਸਤ (ਪੋਸਟ ਬਿਊਰੋ) : ਬੁੱਧਵਾਰ ਰਾਤ ਨੂੰ ਬਰੈਂਪਟਨ ਵਿੱਚ ਚਾਕੂ ਦੀ ਨੋਕ ਉੱਤੇ ਕੀਤੀ ਗਈ ਕਾਰਜੈਕਿੰਗ ਤੋਂ ਬਾਅਦ ਪੀਲ ਪੁਲਿਸ ਵੱਲੋਂ ਤਿੰਨ ਮਸ਼ਕੂਕਾਂ ਦੀ ਭਾਲ ਕੀਤੀ ਜਾ ਰਹੀ ਹੈ।




ਇਹ ਘਟਨਾ ਡਿਕਸੀ ਰੋਡ ਤੇ ਕਲਾਰਕ ਬੁਲੇਵਾਰਡ ਨੇੜੇ ਬ੍ਰਾਇਰ ਪਾਥ ਤੇ ਬ੍ਰੇਮਰ ਡਰਾਈਵ ਉੱਤੇ ਰਾਤੀਂ 10:40 ਉੱਤੇ ਵਾਪਰੀ। ਪੁਲਿਸ ਨੇ ਦੱਸਿਆ ਕਿ ਇੱਕ ਮਸ਼ਕੂਕ ਨੇ ਡਰਾਈਵਰ ਨੂੰ ਚਾਕੂ ਨਾਲ ਧਮਕਾਇਆ ਤੇ ਉਸ ਕੋਲੋਂ ਕਾਲੇ ਰੰਗ ਦੀ ਗੱਡੀ ਖੋਹ੍ਹਣ ਵਿੱਚ ਕਾਮਯਾਬ ਵੀ ਹੋ ਗਿਆ। ਕਿਸੇ ਦੇ ਜ਼ਖਮੀ ਹੋਣ ਦੀ ਕੋਈ ਖਬਰ ਨਹੀਂ ਹੈ। ਤਿੰਨਾਂ ਮਸ਼ਕੂਕਾਂ ਨੂੰ ਆਖਰੀ ਵਾਰੀ ਕਾਲੇ, ਗ੍ਰੇਅ ਰੰਗ ਤੋਂ ਇਲਾਵਾ ਚਿੱਟੇ ਰੰਗ ਦੀ ਹੁਡੀਜ਼ ਪਾਈ ਵੇਖਿਆ ਗਿਆ। ਮਾਮਲੇ ਦੀ ਜਾਂਚ ਚੱਲ ਰਹੀ ਹੈ।

## ਕਈ ਗੱਡੀਆਂ ਦੇ ਆਪਸ ਵਿੱਚ ਟਕਰਾਉਣ ਕਾਰਨ ਇੱਕ ਵਿਅਕਤੀ ਦੀ ਹੋਈ ਮੌਤ

ਓਨਟਾਰੀਓ, 4 ਅਗਸਤ (ਪੋਸਟ ਬਿਊਰੋ) : ਯੌਰਕ ਰੀਜਨ ਵਿੱਚ ਹਾਈਵੇਅ 404 ਉੱਤੇ ਕਈ ਗੱਡੀਆਂ ਦੇ ਆਪਸ ਵਿੱਚ ਟਕਰਾ ਜਾਣ ਕਾਰਨ ਇੱਕ 67 ਸਾਲਾ ਵਿਅਕਤੀ ਦੀ ਮੌਤ ਹੋ ਗਈ।

ਵੀਰਵਾਰ ਸਵੇਰੇ ਸਟੱਫਵਿੱਲ ਰੋਡ ਦੇ ਉੱਤਰ ਵੱਲ ਹਾਈਵੇਅ ਉੱਤੇ ਇਹ ਘਾਤਕ ਹਾਦਸਾ ਵਾਪਰਿਆ। ਪੁਲਿਸ ਨੇ ਦੱਸਿਆ ਕਿ ਸੁਰੂ ਵਿੱਚ ਰਾਤੀਂ 11:55 ਉੱਤੇ ਦੋ ਗੱਡੀਆਂ ਆਪਸ ਵਿੱਚ ਟਕਰਾਉਣ ਕਾਰਨ ਮਾਮੂਲੀ ਘਟਨਾ ਵਾਪਰੀ। ਇੱਕ ਹਰ ਗੱਡੀ ਚੱਲਦੀ ਲੇਨ ਵਿੱਚ ਹੀ ਰੁਕ ਗਈ ਤੇ ਉਹ ਤੀਜੀ ਗੱਡੀ ਨਾਲ ਪਿੱਛਿਓਂ ਜਾ ਟਕਰਾਈ। ਫਿਰ ਕੁੱਝ ਦੇਰ ਬਾਅਦ ਚੌਥੀ ਗੱਡੀ ਉਸ ਦੇ ਪਿਛਲੇ ਹਿੱਸੇ ਨਾਲ ਜਾ ਟਕਰਾਈ।

ਚੌਥੀ ਗੱਡੀ ਦੇ ਡਰਾਈਵਰ ਨੂੰ ਮੌਕੇ ਉੱਤੇ ਹੀ ਮ੍ਰਿਤਕ ਐਲਾਨ ਦਿੱਤਾ ਗਿਆ। ਪੁਲਿਸ ਨੇ ਦੱਸਿਆ ਕਿ 67 ਸਾਲਾ ਵਿਅਕਤੀ ਨੇ ਹਾਦਸੇ ਸਮੇਂ ਸੀਟ ਬੈਲਟ ਨਹੀ ਸੀ ਪਾਈ ਹੋਈ। ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

# ਤਾਇਵਾਨ ਦੇ ਆਲੇ ਦੁਆਲੇ ਮਿਜ਼ਾਈਲ ਪ੍ਰੀਖਣ ਕਰ ਰਿਹਾ ਹੈ ਚੀਨ

ਬੀਜਿੰਗ, 4 ਅਗਸਤ (ਪੋਸਟ ਬਿਊਰੋ): ਵੀਰਵਾਰ ਨੂੰ ਚੀਨ ਨੇ ਆਖਿਆ ਕਿ ਉਸ ਵੱਲੋਂ ਫੌਜੀ ਮਸ਼ਕਾਂ ਤਹਿਤ ਤਾਇਵਾਨ ਦੁਆਲੇ ਮਿਜ਼ਾਈਲ ਪਰੀਖਣ ਕੀਤਾ ਗਿਆ ਹੈ। ਇਸ ਨਾਲ ਖਿੱਤੇ ਵਿੱਚ ਕਾਫੀ ਤਣਾਅ ਵੱਧ ਗਿਆ ਹੈ। ਕਈ ਦਹਾਕਿਆਂ ਤੋਂ ਇਸ ਏਰੀਆ ਵਿੱਚ ਐਨਾ ਤਣਾਅਭਰਪੂਰ ਮਾਹੌਲ ਕਦੇ ਨਹੀਂ ਸੀ ਹੋਇਆ।

ਇਸ ਤੋਂ ਪਹਿਲਾਂ ਚੀਨ ਨੇ ਇਹ ਐਲਾਨ ਕੀਤਾ ਸੀ ਕਿ ਉਨ੍ਹਾਂ ਦੀ ਜਲ ਸੈਨਾ, ਹਵਾਈ ਸੈਨਾ ਤੇ ਹੋਰਨਾਂ ਵਿਭਾਗਾਂ ਵੱਲੋਂ ਤਾਇਵਾਨ ਦੇ ਆਲੇ ਦੁਆਲੇ ਵਾਲੀਆਂ ਛੇ ਜ਼ੋਨਜ਼ ਵਿੱਚ ਫੌਜੀ ਮਸ਼ਕਾਂ ਕੀਤੀਆਂ ਜਾ ਰਹੀਆਂ ਹਨ। ਬੀਜਿੰਗ ਇਹ ਦਾਅਵਾ ਕਰਦਾ ਆਇਆ ਹੈ ਕਿ ਤਾਇਵਾਨ ਉਸ ਦੀ ਸੰਪਤੀ ਹੈ ਤੇ ਲੋੜ ਪੈਣ ਉੱਤੇ ਇਸ ਨੂੰ ਧੱਕੇ ਨਾਲ ਆਪਣੇ ਨਾਲ ਵੀ ਮਿਲਾਇਆ ਜਾ ਸਕਦਾ ਹੈ।



ਇਹ ਵੀ ਮੰਨਿਆ ਜਾ ਰਿਹਾ ਹੈ ਕਿ ਇਹ ਮਸ਼ਕਾਂ ਅਮਰੀਕਾ ਦੀ ਹਾਊਸ ਸਪੀਕਰ ਨੈਨਸੀ ਪੈਲੋਸੀ ਵੱਲੋਂ ਇਸ ਹਫਤੇ ਕੀਤੀ ਜਾ ਰਹੀ ਤਾਇਵਾਨ ਫੇਰੀ ਨੂੰ ਧਿਆਨ ਵਿੱਚ ਰੱਖਦਿਆਂ ਹੋਇਆਂ ਵੀ ਕੀਤੀਆਂ ਜਾ ਰਹੀਆਂ ਹਨ। ਇਸ ਤੋਂ ਇਲਾਵਾ ਇਹ ਵੀ ਮੰਨਿਆ ਜਾ ਰਿਹਾ ਹੈ ਕਿ ਸੈਲਫ ਗਵਰਨਿੰਗ ਆਈਲੈਂਡ ਰਿਪਬਲਿਕ ਨੂੰ ਧਮਕਾਉਣ ਲਈ ਚੀਨ ਵੱਲੋਂ ਅਜਿਹਾ ਕੀਤਾ ਜਾ ਰਿਹਾ ਹੈ।

## ਮੇਅਰ ਦੀ ਚੋਣ ਨਹੀਂ ਲੜੇਗੀ ਰੂਬੀ ਸਹੋਤਾ

ਬਰੈਂਪਟਨ, 4 ਅਗਸਤ (ਪੋਸਟ ਬਿਊਰੋ) :ਬਰੈਂਪਟਨ ਨੌਰਥ ਤੋਂ ਲਿਬਰਲ ਐਮਪੀ ਰੂਬੀ ਸਹੋਤਾ ਨੇ ਇਸ ਸਾਲ ਦੇ ਅੰਤ ਵਿੱਚ ਹੋਣ ਜਾ ਰਹੀਆਂ ਮਿਊਂਸਪਲ ਇਲੈਕਸ਼ਨ ਵਿੱਚ ਮੇਅਰ ਵਜੋਂ ਖੜ੍ਹੇ ਨਾ ਹੋਣ ਦਾ ਫੈਸਲਾ ਕੀਤਾ ਹੈ।

2015 ਤੋਂ ਤਿੰਨ ਵਾਰੀ ਫੈਡਰਲ ਚੋਣਾਂ ਵਿੱਚ ਜਿੱਤ ਹਾਸਲ ਕਰਨ ਵਾਲੀ ਸਹੋਤਾ ਪੈਟ੍ਰਿਕ ਬ੍ਰਾਊਨ ਖਿਲਾਫ ਮੇਅਰ ਦੀ ਚੋਣ ਵਿੱਚ ਨਿੱਤਰਣ ਬਾਰੇ ਵਿਚਾਰ ਕਰ ਰਹੀ ਸੀ। ਪਰ ਵੀਰਵਾਰ ਨੂੰ ਉਨ੍ਹਾਂ ਟਵਿੱਟਰ ਉੱਤੇ ਪੋਸਟ ਪਾ ਕੇ ਇਹ ਸਪਸ਼ਟ ਕੀਤਾ ਕਿ ਉਹ ਐਮਪੀ ਵਜੋਂ ਆਪਣੀ ਮੌਜੂਦਾ



ਭੂਮਿਕਾ ਨਿਭਾਉਂਦੀ ਰਹੇਗੀ। ਇਸ ਰਲੀਜ਼ ਵਿੱਚ ਉਨ੍ਹਾਂ ਆਖਿਆ ਕਿ ਪਿਛਲੇ ਕਈ ਹਫਤਿਆਂ ਤੋਂ ਉਨ੍ਹਾਂ ਵੱਲੋਂ ਕਈ ਲੋਕਾਂ, ਕਮਿਊਨਿਟੀ ਆਗੂਆਂ ਤੇ ਕਮਿਊਨਿਟੀ ਇੰਟਰਸਟ ਗਰੁੱਪਜ਼ ਨਾਲ ਇਸ ਬਾਬਤ ਗੱਲ ਕੀਤੀ ਗਈ। ਉਨ੍ਹਾਂ ਆਖਿਆ ਕਿ ਆਪਣੇ ਪਰਿਵਾਰ, ਕੁਲੀਗਜ਼ ਤੇ ਦੋਸਤਾਂ ਨਾਲ ਗੱਲਬਾਤ ਕਰਨ ਤੋਂ ਬਾਅਦ ਉਨ੍ਹਾਂ ਇਹ ਫੈਸਲਾ ਕੀਤਾ ਹੈ ਕਿ ਉਹ ਫੈਡਰਲ ਪੱਧਰ ਉੱਤੇ ਬਰੈਂਪਟਨ ਦੀ ਬਿਹਤਰ ਨੁਮਾਇੰਦਗੀ ਕਰ ਸਕਦੀ ਹੈ।

ਜ਼ਿਕਰਯੋਗ ਹੈ ਕਿ ਇਸ ਸਮੇਂ ਮੇਅਰ ਦੇ ਅਹੁਦੇ ਦੀ ਚੋਣ ਲਈ ਪੰਜ ਉਮੀਦਵਾਰ ਮੈਦਾਨ ਵਿੱਚ ਨਿੱਤਰ ਚੁੱਕੇ ਹਨ ਤੇ ਇਨ੍ਹਾਂ ਵਿੱਚ ਪੈਟ੍ਰਿਕ ਬ੍ਰਾਊਨ, ਜਰਮੇਨ ਚੇਂਬਰਜ਼, ਕੋਡੀ ਵਾਚਰ, ਵਿੱਦਿਆ ਸਾਗਰ ਗੌਤਮ ਤੇ ਬੌਬ ਦੋਸਾਂਝ ਸਿੰਘ ਸ਼ਾਮਲ ਹਨ। ਮੇਅਰ ਦੇ ਅਹੁਦੇ ਲਈ ਚੋਣ 24 ਅਕਤੂਬਰ ਨੂੰ ਹੋਵੇਗੀ।

## ਲੱਖਾਂ ਰੁਪਏ ਹੜੱਪਣ ਵਾਲੇ ਕੌਂਸਲਰ ਸਣੇ 18 ਜਣੇ ਨਾਮਜ਼ਦ

ਜਲੰਧਰ, 4 ਅਗਸਤ (ਪੋਸਟ ਬਿਊਰੋ)- ਥਾਣਾ ਨੰਬਰ ਅੱਠ ਦੀ ਪੁਲਸ ਨੇ ਵਿਕਾਸ ਅਤੇ ਜਨਤਾ ਲਈ ਕਮਿਊਨਿਟੀ ਹਾਲ ਲਈ ਸਰਕਾਰ ਵੱਲੋਂ ਭੇਜੇ ਲੱਖਾਂ ਰੁਪਏ ਦਾ ਘੋਟਾਲਾ ਕਰ ਚੁੱਕੇ ਵਾਰਡ ਨੰਬਰ 64 ਦੇ ਕੌਂਸਲਰ ਸੁਸ਼ੀਲ ਕਾਲੀਆ, ਉਸ ਦੇ ਪੁੱਤਰ, ਪਿਤਾ ਸਮੇਤ 18 ਲੋਕਾਂ ਖਿਲਾਫ ਕੇਸ ਦਰਜ ਕੀਤਾ ਹੈ।

ਮਿਲੀ ਜਾਣਕਾਰੀ ਅਨੁਸਾਰ ਪੰਜਾਬ ਸਰਕਾਰ ਨੇ ਸ਼ਹਿਰ ਦੇ ਕੌਂਸਲਰਾਂ ਨੂੰ ਵਿਕਾਸ ਅਤੇ ਜਨਤਾ ਲਈ ਕਮਿਊਨਿਟੀ ਹਾਲ ਬਣਾਉਣ ਲਈ ਲੱਖਾਂ ਰੁਪਏ ਦੀ ਗਰਾਂਟ ਜਾਰੀ ਕੀਤੀ ਸੀ। ਅਜਿਹੀ ਗਰਾਂਟ ਵਾਰਡ ਨੰਬਰ 64 ਦੇ ਕੌਂਸਲਰ ਸੁਸ਼ੀਲ ਕਾਲੀਆ ਨੂੰ ਵੀ ਮਿਲੀ ਸੀ। ਇਹ ਸਾਰੀ ਗਰਾਂਟ ਸੁਸ਼ੀਲ ਕਾਲੀਆ ਨੇ ਘੋਟਾਲੇ ਕਰ ਕੇ ਆਪਣੇ ਪਰਵਾਰ ਦੇ ਮੈਂਬਰਾਂ ਅਤੇ ਰਿਸ਼ਤੇਦਾਰਾਂ ਵਿੱਚ ਵੰਡ ਦਿੱਤੀ, ਜਿਹੜੀ ਗਾਜੀਗੁੱਲਾ ਇਲਾਕੇ ਦੇ ਸ਼ਿਵ ਨਗਰ ਵੈਲਫੇਅਰ ਸੁਸਈਟੀ ਨੂੰ ਕਮਿਊਨਿਟੀ ਹਾਲ ਬਣਾਉਣ ਲਈ ਰਿਲੀਜ਼ ਹੋਈ ਸੀ, ਪਰ ਕੋਈ ਕਮਿਊਨਿਟੀ ਹਾਲ ਨਹੀਂ ਬਣਾਇਆ ਅਤੇ ਸਾਰੀ ਰਕਮ ਖੁਰਦ ਬੁਰਦ ਕਰ ਦਿੱਤੀ ਸੀ। ਪ੍ਰਸ਼ਾਸਨਿਕ ਅਧਿਕਾਰੀਆਂ ਵੱਲੋਂ ਕੀਤੀ ਜਾਂਚ ਤੋਂ ਪਤਾ ਲੱਗਾ ਕਿ ਗ੍ਰਾਂਟ ਦੀ ਕੌਂਸਲਰ ਸੁਸ਼ੀਲ ਕਾਲੀਆ, ਉਸ ਦੇ ਪਰਵਾਰ ਦੇ ਮੈਂਬਰਾਂ ਅਤੇ ਸੁਸਾਈਟੀ ਦੇ ਮੈਂਬਰਾਂ ਨੇ ਦੁਰਵਰਤੋਂ ਕੀਤੀ ਹੈ। ਜਾਂਚ ਦੌਰਾਨ ਇਹ ਗੱਲ ਵੀ ਪਤਾ ਲੱਗੀ ਕਿ ਇਲਾਕੇ ਵਿੱਚ ਜਿਹੜਾ ਕਮਿਊਨਿਟੀ ਹਾਲ ਬਣ ਰਿਹਾ ਹੈ, ਉਸ ਉੱਤੇ ਇਲਾਕਾ ਵਾਸੀਆਂ ਦੇ ਪੈਸੇ ਲੱਗੇ ਹਨ ਤੇ ਸਰਕਾਰ ਵੱਲੋਂ ਉਨ੍ਹਾਂ ਨੂੰ ਕੋਈ ਗ੍ਰਾਂਟ ਨਹੀਂ ਮਿਲੀ। ਕੌਂਸਲਰ ਸੁਸ਼ੀਲ ਕਾਲੀਆ ਨੇ ਇਸੇ ਤਰ੍ਹਾਂ ਕਈ ਹੋਰ ਸੁਸਾਈਟੀਆਂ ਦੇ ਬਹਾਨੇ ਵੀ ਗ੍ਰਾਂਟ ਲਈ ਤੇ ਘੋਟਾਲਾ ਕੀਤਾ ਹੈ। ਜਾਂਚ ਪਿੱਛੋਂ ਅਧਿਕਾਰੀਆਂ ਵੱਲੋਂ ਕੌਂਸਲਰ ਤੇ ਉਸ ਦੇ ਸਾਥੀਆਂ ਉੱਤੇ ਕੇਸ ਦਰਜ ਕਰਨ ਦੀ ਸਿਫਾਰਸ਼ ਉੱਤੇ ਪੁਲਸ ਨੇ ਥਾਣਾ ਨੰਬਰ ਅੱਠ ਵਿੱਚ ਕੌਂਸਲਰ ਸੁਸ਼ੀਲ ਕਾਲੀਆ, ਅਨਮੋਲ ਕਾਲੀਆ, ਪ੍ਰਿੰਸ ਸ਼ਾਰਦਾ, ਲਕਸ਼ ਸ਼ਰਮਾ, ਜੀਵਨ ਕੁਮਾਰ, ਰਾਕੇਸ਼ ਮਲਹੋਤਰਾ, ਨਿਸ਼ਾਨ ਸਿੰਘ, ਰਮੇਸ਼ ਕੁਮਾਰ ਸਣੇ 18 ਲੋਕਾਂ ਦੇ ਖਿਲਾਫ ਵੱਖ-ਵੱਖ ਧਾਰਾਵਾਂ ਤਹਿਤ ਮਾਮਲਾ ਦਰਜ ਕਰ ਲਿਆ ਹੈ।



# ਹਾਕੀ ਕੈਨੇਡਾ ਖਿਲਾਫ ਕੇਸ ਕਰਨ ਵਾਲੀ ਮਹਿਲਾ ਨੇ ਪਾਸ ਕੀਤਾ ਲਾਈ-ਡਿਟੈਕਟਰ ਟੈਸਟ



ਓਟਵਾ, 4 ਅਗਸਤ (ਪੋਸਟ ਬਿਊਰੋ) : ਕਥਿਤ ਤੌਰ ਉੱਤੇ ਹਾਕੀ ਕੈਨੇਡਾ ਦੇ ਖਿਡਾਰੀਆਂ ਉੱਤੇ ਸਾਮੂਹਿਕ ਜਿਨਸੀ ਹਮਲਾ ਕਰਨ ਦਾ ਦੋਸ਼ ਲਾਉਣ ਵਾਲੀ ਮਹਿਲਾ ਨੇ ਪੌਲੀਗ੍ਰੈਫ ਟੈਸਟ ਪਾਸ ਕਰ ਲਿਆ ਹੈ। ਇਹ ਜਾਣਕਾਰੀ ਉਸ ਦੇ ਵਕੀਲ ਨੇ ਮੰਗਲਵਾਰ ਨੂੰ ਦਿੱਤੀ।

ਮੰਗਲਵਾਰ ਨੂੰ ਪਰਸਨਲ ਇੰਜਰੀ ਲਾਇਰ ਰੌਬਰਟ ਤਲਚ ਵੱਲੋਂ ਜਾਰੀ ਕੀਤੇ ਬਿਆਨ ਵਿੱਚ ਆਖਿਆ ਗਿਆ ਕਿ ਮਹਿਲਾ ਨੇ ਇਹ ਲਾਈ ਡਿਟੈਕਟਰ ਟੈਸਟ ਸਫਲਤਾ ਨਾਲ ਪਾਸ ਕਰ ਲਿਆ। ਪੌਲੀਗ੍ਰੈਫ ਟੈਸਟ ਦੇ ਨਤੀਜੇ ਲੰਡਨ ਪੁਲਿਸ, ਹਾਕੀ ਕੈਨੇਡਾ ਰਵਿਊ ਤੇ ਐਨਐਚਐਲ ਜਾਂਚਕਾਰਾਂ ਨੂੰ ਮੁਹੱਈਆ ਕਰਵਾਏ ਗਏ ਹਨ।

ਜ਼ਿਕਰਯੋਗ ਹੈ ਕਿ ਮਹਿਲਾ ਨੇ ਦੋਸ਼ ਲਾਇਆ ਸੀ ਕਿ ਹਾਕੀ ਕੈਨੇਡਾ ਦੇ ਅੱਠ ਖਿਡਾਰੀਆਂ, ਜਿਨ੍ਹਾਂ ਵਿੱਚ ਕੈਨੇਡਾ 2018 ਦੀ ਵਰਲਡ ਜੂਨੀਅਰ ਟੀਮ ਦੇ ਮੈਂਬਰ ਵੀ ਸ਼ਾਮਲ ਸਨ, ਨੇ ਚਾਰ ਸਾਲ ਪਹਿਲਾਂ ਲੰਡਨ, ਓਨਟਾਰੀਓ ਵਿੱਚ ਹਾਕੀ ਕੈਨੇਡਾ ਦੇ ਇੱਕ ਗਾਲਾ ਈਵੈਂਟ ਤੋਂ ਬਾਅਦ ਉਸ ਉੱਤੇ ਜਿਨਸੀ ਹਮਲਾ ਕੀਤਾ ਸੀ।

ਇਸ ਮਹਿਲਾ ਵੱਲੋਂ ਸਟੇਟਮੈਂਟ ਆਫ ਕਲੇਮ 20 ਅਪਰੈਲ, 2022 ਨੂੰ ਦਰਜ ਕਰਵਾਈ ਗਈ ਸੀ ਤੇ ਹਾਕੀ ਕੈਨੇਡਾ ਵੱਲੋਂ 24 ਮਈ ਨੂੰ ਮਸਲਾ ਸੈਟਲ ਕਰ ਲਿਆ ਗਿਆ। ਸ਼ਿਕਾਇਤਕਰਤਾ ਨੇ ਹਾਕੀ ਕੈਨੇਡਾ, ਕੈਨੇਡੀਅਨ ਹਾਕੀ ਲੀਗ ਦੇ ਕੁੱਝ ਖਿਡਾਰੀਆਂ, ਜਿਨ੍ਹਾਂ ਦੇ ਨਾਂਵਾਂ ਦਾ ਖੁਲਾਸਾ ਨਹੀਂ ਕੀਤਾ ਗਿਆ, ਤੋਂ 3•5 ਮਿਲੀਅਨ ਡਾਲਰ ਦੇ ਹਰਜਾਨੇ ਦੀ ਮੰਗ ਕੀਤੀ ਸੀ। ਇਸ ਸੈਟਲਮੈਂਟ ਦਾ ਵੇਰਵਾ ਜਨਤਕ ਨਹੀਂ ਕੀਤਾ ਗਿਆ ਤੇ ਨਾ ਹੀ ਮਹਿਲਾ ਵੱਲੋਂ ਲਾਏ ਗਏ ਦੋਸ਼ ਅਦਾਲਤ ਵਿੱਚ ਸਿੱਧ ਹੋਏ ਹਨ।

# ਸਟਾਫ ਦੀ ਘਾਟ ਕਾਰਨ ਟੋਰਾਂਟੋ ਦੇ ਜਨਰਲ ਹਸਪਤਾਲ ਵਿੱਚ ਕ੍ਰਿਟੀਕਲ ਕੇਅਰ ਬੈੱਡ ਐਲਰਟ ਜਾਰੀ




ਟੋਰਾਂਟੋ, 4 ਅਗਸਤ (ਪੋਸਟ ਬਿਊਰੋ) : ਟੋਰਾਂਟੋ ਦਾ ਜਨਰਲ ਹਸਪਤਾਲ, ਅਜਿਹਾ ਹੈਲਥਕੇਅਰ ਸਿਸਟਮ ਹੈ ਜਿਸ ਨੂੰ ਸਟਾਫ ਦੀ ਘਾਟ ਦੇ ਦਬਾਅ ਨੂੰ ਝੱਲਣਾ ਪੈ ਰਿਹਾ ਹੈ। ਹਸਪਤਾਲ ਵੱਲੋਂ ਆਪਣੇ ਤਿੰਨ ਇੰਟੈਂਸਿਵ ਕੇਅਰ ਯੂਨਿਟਸ ਵਿੱਚ ਕ੍ਰਿਟੀਕਲ ਕੇਅਰ ਬੈੱਡ ਐਲਰਟ ਜਾਰੀ ਕੀਤਾ ਗਿਆ ਹੈ।

ਯੂਨੀਵਰਸਿਟੀ ਹੈਲਥ ਨੈੱਟਵਰਕ (ਯੂਐਚਐਨ), ਜਿਸ ਵਿੱਚ ਟੋਰਾਂਟੋ ਜਨਰਲ ਹਸਪਤਾਲ ਵੀ ਸ਼ਾਮਲ ਹੈ, ਦੇ ਬੁਲਾਰੇ ਨੇ ਦੱਸਿਆ ਕਿ ਇੰਟੈਂਸਿਵ ਕੇਅਰ ਯੂਨਿਟਸ, ਜਿਨ੍ਹਾਂ ਵਿੱਚ ਕਾਰਡੀਓਵੈਸਕੂਲਰ ਇੰਟੈਂਸਿਵ ਯੂਨਿਟ (ਸੀਆਈਸੀਯੂ), ਕਰੋਨਰੀ ਇੰਟੈਂਸਿਵ ਕੇਅਰ ਯੂਨਿਟ (ਸੀਆਈਸੀਯੂ) ਤੇ ਮੈਡੀਕਲ ਸਰਜੀਕਲ ਇੰਟੈਂਸਿਵ ਕੇਅਰ ਯੂਨਿਟ (ਐਮਐਸਆਈਸੀਯੂ) ਸ਼ਾਮਲ ਹਨ, ਵਿੱਚ ਸਾਰੇ ਬੈੱਡ ਭਰ ਚੁੱਕੇ ਹਨ ਤੇ ਸੀਮਤ ਹਿਊਮਨ ਰਿਸੋਰਸਿਜ਼ ਕਾਰਨ ਹੋਰ ਮਰੀਜ਼ਾਂ ਨੂੰ ਭਰਤੀ ਕਰਨਾ ਸੇਫ ਨਹੀਂ ਹੈ।

ਯੂਐਚਐਨ ਦੇ ਗਿਲੀਅਨ ਹੌਵਰਡ ਨੇ ਇੱਕ ਈਮੇਲ ਵਿੱਚ ਆਖਿਆ ਕਿ ਮਹਾਂਮਾਰੀ ਦੇ ਚੱਲਦਿਆਂ ਸਾਨੂੰ ਸਟਾਫ ਦੀ ਘਾਟ ਦੇ ਮਾਮਲੇ ਨਾਲ ਨਜਿੱਠਣਾ ਪੈ ਰਿਹਾ ਹੈ। ਓਨਟਾਰੀਓ ਨਰਸਿਜ ਐਸੋਸਿਏਸ਼ਨ (ਓਐਨਏ) ਅਨੁਸਾਰ ਸਟਾਫ ਦੀ ਘਾਟ ਕਾਰਨ ਓਨਟਾਰੀਓ ਦੇ 25 ਹਸਪਤਾਲਾਂ ਨੂੰ ਆਪਣੀਆਂ ਫੈਸਿਲਿਟੀਜ਼ ਦੇ ਕਈ ਸੈਕਸ਼ਨ ਬੰਦ ਕਰਨੇ ਪੈ ਰਹੇ ਹਨ। ਓਨਟਾਰੀਓ ਵਿੱਚ 70,000 ਹਸਪਤਾਲ ਵਰਕਰਜ਼ ਦੀ ਨੁਮਾਇੰਦਗੀ ਕਰਨ ਵਾਲੀਆਂ ਵੱਖ ਵੱਖ ਯੂਨੀਅਨਾਂ ਵੱਲੋਂ ਲਗਾਤਾਰ ਫੋਰਡ ਸਰਕਾਰ ਤੋਂ ਇਸ ਮਸਲੇ ਨੂੰ ਹੱਲ ਕਰਨ ਦੀ ਅਪੀਲ ਕੀਤੀ ਜਾ ਰਹੀ ਹੈ। ਇਹ ਮੰਗ ਵੀ ਕੀਤੀ ਜਾ ਰਹੀ ਹੈ ਕਿ ਵਰਕਰਜ਼ ਦੇ ਭੱਤਿਆਂ ਵਿੱਚ ਵਾਧਾ ਕੀਤਾ ਜਾਵੇ ਤੇ ਹੋਰ ਸਟਾਫ ਜਲਦ ਤੋਂ ਜਲਦ ਭਰਤੀ ਕੀਤਾ ਜਾਵੇ।

ਇਸ ਦੌਰਾਨ ਓਨਟਾਰੀਓ ਦੇ ਸਿਹਤ ਮੰਤਰੀ ਨੇ ਆਖਿਆ ਕਿ ਪ੍ਰੋਵਿੰਸ ਵੱਲੋਂ ਜਲਦ ਤੋਂ ਜਲਦ ਇੰਟਰਨੈਸ਼ਨਲ ਪੱਧਰ ਉੱਤੇ ਸਿਖਲਾਈ ਪ੍ਰਾਪਤ ਨਰਸਾਂ ਨੂੰ ਭਰਤੀ ਕਰਨ ਦੀ ਕਵਾਇਦ ਕੀਤੀ ਜਾ ਰਹੀ ਹੈ ਤਾਂ ਕਿ ਸਟਾਫ ਦੀ ਘਾਟ ਦੇ ਮਸਲੇ ਨੂੰ ਹੱਲ ਕੀਤਾ ਜਾ ਸਕੇ।

# ਐਚਆਈਵੀ ਟੈਸਟਿੰਗ ਲਈ 18 ਮਿਲੀਅਨ ਡਾਲਰ ਖਰਚੇਗੀ ਫੈਡਰਲ ਸਰਕਾਰ




ਮਾਂਟਰੀਅਲ, 4 ਅਗਸਤ (ਪੋਸਟ ਬਿਊਰੋ) : ਫੈਡਰਲ ਸਿਹਤ ਮੰਤਰੀ ਜੀਨ-ਯਵੇਸ ਡਕਲਸ ਨੇ ਸੋਮਵਾਰ ਨੂੰ ਆਖਿਆ ਕਿ ਦੂਰ ਦਰਾਜ ਦੀਆਂ ਕਮਿਊਨਿਟੀਜ਼ ਤੇ ਜਿੱਥੇ ਪਹੁੰਚਣਾ ਮੁਸ਼ਕਲ ਹੈ ਅਜਿਹੀਆਂ ਥਾਂਵਾਂ ਉੱਤੇ ਰਹਿਣ ਵਾਲਿਆਂ ਲਈ ਐਚਆਈਵੀ ਟੈਸਟਿੰਗ ਵਾਸਤੇ ਸਰਕਾਰ 17.9 ਮਿਲੀਅਨ ਡਾਲਰ ਨਿਵੇਸ਼ ਕਰੇਗੀ।

ਇਹ ਐਲਾਨ ਮਾਂਟਰੀਅਲ ਵਿੱਚ ਕਰਵਾਈ ਗਈ 24ਵੀਂ ਇੰਟਰਨੈਸ਼ਨਲ ਏਡਜ਼ ਕਾਨਫਰੰਸ, ਏਡਜ਼ 2022 ਵਿੱਚ ਕੀਤਾ ਗਿਆ। ਡਕਲਸ ਨੇ ਆਖਿਆ ਕਿ ਸਰਕਾਰ 8 ਮਿਲੀਅਨ ਡਾਲਰ ਸੈਲਫ ਟੈਸਟਿੰਗ ਕਿੱਟਸ ਨੂੰ ਫੰਡ ਕਰਨ ਲਈ ਦੇਵੇਗੀ, ਜਿਨ੍ਹਾਂ ਨੂੰ ਕਿਤੋਂ ਵੀ ਖਰੀਦਿਆ ਜਾ ਸਕੇਗਾ ਤੇ ਘਰ ਵਿੱਚ ਹੀ ਟੈਸਟ ਵੀ ਕੀਤਾ ਜਾ ਸਕੇਗਾ। ਉਨ੍ਹਾਂ ਆਖਿਆ ਕਿ 9.9 ਮਿਲੀਅਨ ਡਾਲਰ ਉੱਤਰੀ, ਦੂਰ ਦਰਾਜ ਜਾਂ ਅਲੱਗ ਥਲੱਗ ਪਈਆਂ ਕਮਿਊਨਿਟੀਜ਼ ਵਿੱਚ ਐਚਆਈਵੀ ਟੈਸਟਿੰਗ ਦੇ ਪਸਾਰ ਲਈ ਖਰਚ ਕੀਤਾ ਜਾਵੇਗਾ।

ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਡਕਲਸ ਨੇ ਆਖਿਆ ਕਿ ਭਾਵੇਂ ਅਸੀਂ ਜਾਣਦੇ ਹਾਂ ਕਿ ਐਚਆਈਵੀ ਦੀ ਰੋਕਥਾਮ ਹੋ ਸਕਦੀ ਹੈ, ਫਿਰ ਵੀ ਕੈਨੇਡਾ ਤੇ ਹੋਰਨਾਂ ਮੁਲਕਾਂ ਵਿੱਚ ਐਚਆਈਵੀ ਇਨਫੈਕਸ਼ਨ ਦੀ ਦਰ ਵੱਧ ਹੀ ਹੈ। ਉਨ੍ਹਾਂ ਆਖਿਆ ਕਿ ਟੈਸਟਿੰਗ, ਇਲਾਜ ਤੇ ਕੇਅਰ ਨਾਲ ਅਸੀਂ ਇਸ ਰੁਝਾਨ ਨੂੰ ਮੋੜ ਸਕਦੇ ਹਾਂ।

# ਰਿਚਮੰਡ ਹਿੱਲ ਟਾਊਨਹਾਊਸ ਕਾਂਪਲੈਕਸ ਵਿੱਚ ਲੱਗੀ ਅੱਗ, ਛੇ ਯੂਨਿਟਸ ਸੜੀਆਂ



ਓਨਟਾਰੀਓ, 4 ਅਗਸਤ (ਪੋਸਟ ਬਿਊਰੋ) : ਇੱਕ ਟਾਊਨਹਾਊਸ ਕਾਂਪਲੈਕਸ ਵਿੱਚ ਅੱਗ ਲੱਗਣ ਕਾਰਨ ਛੇ ਯੂਨਿਟਸ ਸੜ ਜਾਣ ਕਰਕੇ ਰਿਚਮੰਡ ਹਿੱਲ ਦੇ ਕਈ ਵਾਸੀ ਬੇਘਰ ਹੋ ਗਏ।

ਇਹ ਅੱਗ ਯੰਗ ਸਟਰੀਟ ਤੇ ਕਾਰਵਿੱਲ ਰੋਡ ਨੇੜੇ ਪਲੇਸੈਸ ਰੋਡ ਉੱਤੇ ਰਾਤੀਂ 1:00 ਵਜੇ ਲੱਗੀ। ਯੌਰਕ ਰੀਜਨਲ ਪੁਲਿਸ ਅਨੁਸਾਰ ਇਹ ਅੱਗ ਇੱਕ ਯੂਨਿਟ ਵਿੱਚ ਲੱਗੀ ਤੇ ਹੋਰਨਾਂ ਤੱਕ ਫੈਲ ਗਈ। ਸਾਰੇ ਕਾਂਪਲੈਕਸ ਨੂੰ ਖਾਲੀ ਕਰਵਾ ਲਿਆ ਗਿਆ। ਕਿਸੇ ਦੇ ਜ਼ਖ਼ਮੀ ਹੋਣ ਦੀ ਕੋਈ ਖਬਰ ਨਹੀਂ ਹੈ। ਅੱਗ ਲੱਗਣ ਦੇ ਕਾਰਨਾਂ ਦਾ ਵੀ ਪਤਾ ਨਹੀਂ ਲੱਗ ਸਕਿਆ ਹੈ।

ਅੱਗ ਉੱਤੇ ਕਾਬੂ ਪਾਉਣ ਲਈ ਰਿਚਮੰਡ ਹਿੱਲ, ਸੈਂਟਰਲ ਯੌਰਕ ਤੇ ਵਾਅਨ ਤੋਂ ਫਾਇਰਫਾਈਟਰਜ਼ ਨੂੰ ਸੱਦਿਆ ਗਿਆ। ਅੱਗ ਉੱਤੇ ਕਾਬੂ ਪਾਇਆ ਜਾ ਚੁੱਕਿਆ ਹੈ। ਕ੍ਰਿਊ ਅਜੇ ਵੀ ਮੌਕੇ ਉੱਤੇ ਹੀ ਮੌਜੂਦ ਹੈ ਤੇ ਸਥਿਤੀ ਉੱਤੇ ਨਜ਼ਰ ਰੱਖੀ ਜਾ ਰਹੀ ਹੈ ਤਾਂ ਕਿ ਅੱਗ ਮੁੜ ਨਾ ਲੱਗ ਸਕੇ। ਓਨਟਾਰੀਓ ਫਾਇਰ ਮਾਰਸ਼ਲ ਨੂੰ ਇਸ ਸਬੰਧ ਵਿੱਚ ਜਾਣਕਾਰੀ ਦੇ ਦਿੱਤੀ ਗਈ ਹੈ।

# ਓਨਟਾਰੀਓ ਐਜੂਕੇਸ਼ਨ ਵਰਕਰਜ਼ ਲਈ ਭੱਤਿਆਂ ਵਿੱਚ 11.7 ਫੀ ਸਦੀ ਵਾਧਾ ਚਾਹੁੰਦੀ ਹੈ ਯੂਨੀਅਨ




ਟੋਰਾਂਟੋ, 4 ਅਗਸਤ (ਪੋਸਟ ਬਿਊਰੋ): ਓਨਟਾਰੀਓ ਦੇ ਐਜੂਕੇਸ਼ਨ ਵਰਕਰਜ਼ ਦੀ ਨੁਮਾਇੰਦਗੀ ਕਰਨ ਵਾਲੀ ਯੂਨੀਅਨ ਵੱਲੋਂ ਪ੍ਰੋਵਿੰਸ ਤੋਂ ਸਾਲਾਨਾਂ ਭੱਤਿਆਂ ਵਿੱਚ 11.7 ਫੀ ਸਦੀ ਦਾ ਵਾਧਾ ਕਰਨ ਜਾਂ 3.25 ਡਾਲਰ ਪ੍ਰਤੀ ਘੰਟਾ ਵਧਾਉਣ ਦੀ ਮੰਗ ਕੀਤੀ ਜਾ ਰਹੀ ਹੈ।

ਕੈਨੇਡੀਅਨ ਯੂਨੀਅਨ ਆਫ ਪਬਲਿਕ ਇੰਪਲੌਈਜ਼,ਜੋ 55,000 ਚਾਈਲਡਹੁੱਡ ਐਜੂਕੇਟਰਜ਼, ਸਕੂਲ ਐਡਮਨਿਸਟ੍ਰੇਸ਼ਨ ਵਰਕਰਜ਼, ਬੱਸ ਡਰਾਈਵਰਾਂ ਤੇ ਕਸਟੋਡੀਅਨਜ਼ ਦੀ ਨੁਮਾਇੰਦਗੀ ਕਰਦੀ ਹੈ, ਵੱਲੋਂ ਬਾਰਗੇਨਿੰਗ ਸਬੰਧੀ ਪ੍ਰਸਤਾਵ ਦੀ ਜਾਣਕਾਰੀ ਦਿੱਤੀ ਗਈ। ਜ਼ਿਕਰਯੋਗ ਹੈ ਕਿ ਮੌਜੂਦਾ ਪ੍ਰਸਤਾਵ ਇਸ ਮਹੀਨੇ ਦੇ ਅੰਤ ਵਿੱਚ ਐਕਸਪਾਇਰ ਹੋਣ ਜਾ ਰਿਹਾ ਹੈ ਤੇ ਕਾਂਟਰੈਕਟ ਨੂੰ ਰਨਿਊ ਕਰਨ ਲਈ ਗੱਲਬਾਤ ਪਹਿਲਾਂ ਹੀ ਸ਼ੁਰੂ ਕਰ ਦਿੱਤੀ ਗਈ ਹੈ।

ਯੂਨੀਅਨ ਨੇ ਤਰਕ ਦਿੱਤਾ ਕਿ ਵਰਕਰਜ਼ ਦੇ ਭੱਤੇ ਪਿਛਲੇ ਦਹਾਕੇ ਤੋਂ ਰੁਕੇ ਹੋਏ ਹਨ ਜਦਕਿ ਮਹਿੰਗਾਈ ਇਸ ਵਾਰੀ ਆਪਣੇ ਸਾਰੇ ਰਿਕਾਰਡ ਤੋੜਨ ਉੱਤੇ ਆਈ ਹੋਈ ਹੈ। ਵਿਵਾਦਗ੍ਰਸਤ ਸਰਕਾਰੀ ਬਿੱਲ ਕਾਰਨ ਪਿਛਲੇ ਕੁੱਝ ਸਾਲਾਂ ਵਿੱਚ ਪਬਲਿਕ ਸੈਕਟਰ ਵਰਕਰਜ਼ ਦੇ ਭੱਤਿਆਂ ਵਿੱਚ ਇੱਕ ਫੀ ਸਦੀ ਸਾਲਾਨਾ ਦੇ ਹਿਸਾਬ ਨਾਲ ਮਾਮੂਲੀ ਵਾਧਾ ਹੋਇਆ। ਸੀਯੂਪੀਈ ਨੇ ਆਖਿਆ ਕਿ ਇਸ ਸਮੇਂ ਪਰਮਾਨੈਂਟ ਇੰਪਲੌਈਜ਼ ਦੇ ਭੱਤੇ 27.87 ਡਾਲਰ ਹਨ ਤੇ ਓਨਟਾਰੀਓ ਸਕੂਲ ਬੋਰਡਜ਼ ਕਾਊਂਸਲ ਆਫ ਯੂਨੀਅਨਜ਼ ਦੇ ਪ੍ਰੈਜ਼ੀਡੈਂਟ ਨੇ ਆਖਿਆ ਕਿ ਸਿੱਖਿਆ ਨਾਲ ਜੁੜੇ ਕਾਮਿਆਂ ਦੇ ਭੱਤੇ ਸੀਮਤ ਕਰਕੇ ਸਰਕਾਰ ਤੇ ਸਕੂਲ ਬੋਰਡਜ਼ ਨੇ ਕਈ ਐਜੂਕੇਸ਼ਨ ਵਰਕਰਜ਼ ਨੂੰ ਗਰੀਬੀ ਦੇ ਕੰਢੇ ਲਿਆ ਖੜ੍ਹਾ ਕੀਤਾ ਹੈ।

ਹੋਰਨਾਂ ਐਜੂਕੇਸ਼ਨ ਯੂਨੀਅਨਜ਼ ਵੱਲੋਂ ਵੀ ਪ੍ਰੋਵਿੰਸ਼ੀਅਲ ਸਰਕਾਰ ਨਾਲ ਕੀਤੇ ਜਾਣ ਵਾਲੇ ਨਵੇਂ ਕਾਂਟਰੈਕਟਸ ਸਬੰਧੀ ਗੱਲਬਾਤ ਵਿੱਚ ਭੱਤਿਆਂ ਵਿੱਚ ਜ਼ਿਆਦਾ ਵਾਧਾ ਕਰਨ ਦਾ ਤਰਕ ਪੇਸ਼ ਕੀਤੇ ਜਾਣ ਦੀ ਤਿਆਰੀ ਚੱਲ ਰਹੀ ਹੈ। ਯੂਨੀਅਨਾਂ ਦਾ ਕਹਿਣਾ ਹੈ ਕਿ ਦਿਨੋਂ ਦਿਨ ਵੱਧ ਰਹੀ ਮਹਿੰਗਾਈ ਕਾਰਨ ਸਾਰਿਆਂ ਦਾ ਗੁਜ਼ਾਰਾ ਕਰਨਾ ਮੁਸ਼ਕਲ ਹੋਇਆ ਪਿਆ ਹੈ।

# ਲਾਪਤਾ 11 ਸਾਲਾ ਬੱਚੀ ਸਹੀ ਸਲਾਮਤ ਮਿਲੀ




ਓਨਟਾਰੀਓ, 4 ਅਗਸਤ (ਪੋਸਟ ਬਿਊਰੋ) : ਸਟਰੈਟਫੋਰਡ, ਓਨਟਾਰੀਓ ਤੋਂ ਲਾਪਤਾ 11 ਸਾਲਾ ਬੱਚੀ ਦੇ ਸੁਰੱਖਿਅਤ ਮਿਲ ਜਾਣ ਤੋਂ ਬਾਅਦ ਇਸ ਸਬੰਧ ਵਿੱਚ ਜਾਰੀ ਐਂਬਰ ਐਲਰਟ ਨੂੰ ਹਟਾ ਲਿਆ ਗਿਆ ਹੈ।

ਮੰਗਲਵਾਰ ਨੂੰ ਸ਼ਾਮੀਂ 6:15 ਵਜੇ ਫੋਨ ਉੱਤੇ ਸਟਰੈਟਫੋਰਡ ਦੀ ਪੁਲਿਸ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਕਿ ਬੱਚੀ ਬਿਲਕੁਲ ਸਹੀ ਸਲਾਮਤ ਹੈ। ਬੱਚੀ ਦੇ ਲਾਪਤਾ ਹੋਣ ਉੱਤੇ ਐਂਬਰ ਐਲਰਟ ਇੱਕ ਘੰਟੇ ਪਹਿਲਾਂ 5:37 ਉੱਤੇ ਜਾਰੀ ਕੀਤਾ ਗਿਆ ਸੀ। ਇੱਕ ਟਵੀਟ ਵਿੱਚ ਸਟਰੈਟਫੋਰਡ ਪੁਲਿਸ ਨੇ ਦੱਸਿਆ ਕਿ ਬੱਚੀ ਨੂੰ ਓਨਟਾਰੀਓ ਪ੍ਰੋਵਿੰਸ਼ੀਅਲ ਪੁਲਿਸ ਤੇ ਯੌਰਕ ਰੀਜਨਲ ਪੁਲਿਸ ਦੀ ਮਦਦ ਨਾਲ ਲੱਭਿਆ ਗਿਆ। ਪੁਲਿਸ ਨੇ ਦੱਸਿਆ ਕਿ ਮਾਮਲੇ ਦੀ ਜਾਂਚ ਚੱਲ ਰਹੀ ਹੈ।

# ਟੋਰਾਂਟੋ ਦੇ ਇੱਕ ਘਰ ਵਿੱਚ ਲੱਗੀ ਅੱਗ, ਇੱਕ ਦੀ ਮੌਤ



ਟੋਰਾਂਟੋ, 4 ਅਗਸਤ (ਪੋਸਟ ਬਿਊਰੋ) : ਟੋਰਾਂਟੋ ਦੇ ਪੂਰਬੀ ਸਿਰੇ ਉੱਤੇ ਰਾਤੀਂ ਇੱਕ ਘਰ ਵਿੱਚ ਅੱਗ ਲੱਗ ਜਾਣ ਕਾਰਨ ਇੱਕ ਵਿਅਕਤੀ ਦੀ ਮੌਤ ਹੋ ਗਈ।

ਬੁੱਧਵਾਰ ਨੂੰ ਰਾਤੀਂ 12:45 ਦੇ ਨੇੜੇ ਤੇੜੇ ਪੇਪ ਤੇ ਗੇਰਾਰਡ ਏਰੀਆ ਵਿੱਚ 301 ਰਿਵਰਡੇਲ ਐਵਨਿਊ ਦੇ ਇੱਕ ਘਰ ਵਿੱਚ ਲੱਗੀ ਅੱਗ ਦੀ ਖਬਰ ਮਿਲਣ ਤੋਂ ਬਾਅਦ ਫਾਇਰ ਕ੍ਰਿਊ ਮੌਕੇ ਉੱਤੇ ਪਹੁੰਚਿਆ। ਇੱਕ ਵਿਅਕਤੀ ਦੋ ਮੰਜ਼ਿਲਾ ਮਕਾਨ ਦੀ ਦੂਜੀ ਮੰਜ਼ਿਲ ਉੱਤੇ ਮਿਲਿਆ ਤੇ ਉਸ ਨੂੰ ਮੌਕੇ ਉੱਤੇ ਹੀ ਮ੍ਰਿਤਕ ਐਲਾਨ ਦਿੱਤਾ ਗਿਆ। ਫਾਇਰ ਚੀਫ ਮੈਥਿਊ ਪੈੱਗ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਕਿ ਘਰ ਵਿੱਚ ਸਿਰਫ ਉਹੀ ਵਿਅਕਤੀ ਮਿਲਿਆ।

ਇਸ ਘਰ ਦੇ ਨਾਲ ਲੱਗਦੇ ਘਰ ਨੂੰ ਵੀ ਖਾਲੀ ਕਰਵਾ ਲਿਆ ਗਿਆ ਤੇ ਉੱਥੇ ਰਹਿਣ ਵਾਲੇ ਲੋਕਾਂ ਨੂੰ ਆਰਜ਼ੀ ਤੌਰ ਉੱਤੇ ਕਿਤੇ ਹੋਰ ਠਹਿਰਾਇਆ ਗਿਆ ਹੈ। ਅੱਗ ਲੱਗਣ ਦੇ ਕਾਰਨਾਂ ਦਾ ਪਤਾ ਨਹੀਂ ਲੱਗ ਸਕਿਆ। ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

# ਪਿੱਕਰਿੰਗ ਵਿੱਚ ਇੱਕਲੀ ਗੱਡੀ ਨੂੰ ਪੇਸ਼ ਆਇਆ ਹਾਦਸਾ, ਇੱਕ ਹਲਾਕ, ਇੱਕ ਜ਼ਖ਼ਮੀ



ਦਰਹਾਮ, 4 ਅਗਸਤ (ਪੋਸਟ ਬਿਊਰੋ) : ਮੰਗਲਵਾਰ ਰਾਤ ਨੂੰ ਪਿੱਕਰਿੰਗ ਵਿੱਚ ਇੱਕਲੀ ਗੱਡੀ ਨੂੰ ਪੇਸ਼ ਆਏ ਹਾਦਸੇ ਵਿੱਚ ਇੱਕ ਵਿਅਕਤੀ ਦੀ ਮੌਤ ਹੋ ਗਈ ਤੇ ਇੱਕ ਜ਼ਖ਼ਮੀ ਹੋ ਗਿਆ। ਦਰਹਾਮ ਪੁਲਿਸ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਇਹ ਘਟਨਾ ਲਿਵਰਪੂਲ ਰੋਡ ਦੇ ਪੂਰਬ ਵੱਲ ਕਿੰਗਸਟਨ ਤੇ ਗਲੇਨੰਨਾ ਰੋਡਜ਼ ਇਲਾਕੇ ਵਿੱਚ ਰਾਤੀਂ 11:30 ਵਜੇ ਤੋਂ ਠੀਕ ਬਾਅਦ ਵਾਪਰੀ। ਪੁਲਿਸ ਨੇ ਦੱਸਿਆ ਕਿ ਇਹ ਗੱਡੀ ਕਿੰਗਸਟਨ ਰੋਡ ਉੱਤੇ ਪੱਛਮ ਵੱਲ ਜਾ ਰਹੀ ਸੀ। ਅਚਾਨਕ ਡਰਾਈਵਰ ਗੱਡੀ ਤੋਂ ਆਪਣਾ ਨਿਯੰਤਰਣ ਗੁਆ ਬੈਠਿਆ ਤੇ ਗੱਡੀ ਸੜਕ ਤੋਂ ਲਹਿ ਗਈ। ਇੱਕ ਵਿਅਕਤੀ ਨੂੰ ਮੌਕੇ ਉੱਤੇ ਹੀ ਮ੍ਰਿਤਕ ਐਲਾਨ ਦਿੱਤਾ ਗਿਆ ਜਦਕਿ ਦੂਜੇ ਨੂੰ ਜ਼ਖ਼ਮੀ ਹਾਲਤ ਵਿੱਚ ਹਸਪਤਾਲ ਲਿਜ-ਾਇਆ ਗਿਆ। ਕਿੰਗਸਟਨ ਰੋਡ ਨੂੰ ਲਿਵਰਪੂਲ ਤੇ ਗਲੇਨੰਨਾ ਰੋਡ ਤੱਕ ਬੰਦ ਕੀਤਾ ਗਿਆ ਹੈ ਤੇ ਪੁਲਿਸ ਮਾਮਲੇ ਦੀ ਜਾਂਚ ਕਰ ਰਹੀ ਹੈ।

# ਟੋਰਾਂਟੋ ਵਿੱਚ ਚੱਲੀ ਗੋਲੀ, ਇੱਕ ਗੰਭੀਰ ਜ਼ਖ਼ਮੀ




ਟੋਰਾਂਟੋ, 4 ਅਗਸਤ (ਪੋਸਟ ਬਿਊਰੋ) : ਸਕਾਰਬਰੋ ਵਿੱਚ ਗੋਲੀ ਲੱਗਣ ਕਾਰਨ ਇੱਕ ਵਿਅਕਤੀ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਿਆ ਤੇ ਉਸ ਨੂੰ ਇਲਾਜ ਲਈ ਗੰਭੀਰ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ। ਮੰਗਲਵਾਰ ਨੂੰ ਟੋਰਾਂਟੋ ਪੁਲਿਸ ਨੂੰ ਰਾਤੀਂ 8:30 ਵਜੇ ਵਾਰਡਨ ਐਵਨਿਊ ਤੇ ਸੇਂਟ ਕਲੇਅਰ ਐਵਨਿਊ ਈਸਟ ਇਲਾਕੇ ਵਿੱਚ ਸ਼ੂਟਿੰਗ ਦੀਆਂ ਖਬਰਾਂ ਮਿਲੀਆਂ। ਜਾਂਚਕਾਰਾਂ ਨੂੰ ਇੱਕ ਵਿਅਕਤੀ ਇਸ ਇਲਾਕੇ ਵਿੱਚ ਜ਼ਖ਼ਮੀ ਹਾਲਤ ਵਿੱਚ ਮਿਲਿਆ। ਉਸ ਨੂੰ ਗੋਲੀ ਲੱਗੀ ਹੋਈ ਸੀ ਤੇ ਉਹ ਬੁਰੀ ਤਰ੍ਹਾਂ ਜ਼ਖ਼ਮੀ ਸੀ। ਅਜੇ ਤੱਕ ਮਸ਼ਕੂਕਾਂ ਸਬੰਧੀ ਕੋਈ ਜਾਣਕਾਰੀ ਜਾਰੀ ਨਹੀਂ ਕੀਤੀ ਗਈ ਹੈ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
ਜ਼ਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

ਪੇਪਰ ਡਲਿਵਰੀ ਵਾਸਤੇ ਕਾਮਿਆਂ ਦੀ ਜ਼ਰੂਰਤ
ਸੈਰ ਸਪਾਟੇ ਨਾਲ ਹੁਣ ਕਰੋ ਕਮਾਈ
Flyer Distribution
ਅਸੀਂ ਪੇਪਰਾਂ ਦੀ ਡਲੀਵਰੀ ਕਰਦੇ ਹਾਂ ਅਤੇ ਸਾਨੂੰ ਵੀਕਡੇਜ਼ ਵਾਸਤੇ ਬੰਦਿਆਂ ਦੀ ਜ਼ਰੂਰਤ ਹੈ ਜਿਨ੍ਹਾਂ ਨੇ ਪੇਪਰਾਂ ਦਾ ਕੰਮ ਕੀਤਾ ਹੋਵੇ ਉਨ੍ਹਾਂ ਨੂੰ ਪਹਿਲ ਦਿੱਤੀ ਜਾਵੇਗੀ।
ਮਾਰਕਟਿੰਗ ਲਈ ਤਜਰੇਬੇਕਾਰ ਪ੍ਰੋਫੈਸ਼ਨਲਜ ਦੀ ਤੁਰੰਤ ਲੋੜ ਹੈ, ਵਧੀਆ ਪੈਕੇਜ
ਰੈਕਸਡੇਲ, ਮਾਲਟਨ ਅਤੇ ਬਰੈਂਪਟਨ ਦੇ ਨਿਵਾਸੀ ਹੀ ਕਾਲ ਕਰਨ।
ਹੋਰ ਜਾਣਕਾਰੀ ਲਈ ਕਾਲ ਕਰੋ। 647-218-7043 647-208-7011

UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979 | OPEN 7 DAYS uktruck1@gmail.com | Jitpal Singh Deol 647-204-1936

REXDALE BODY SHOP
USED CAR SALE
Specialization In:
★ All Kinds of Body Work
★ Auto Glass Windshield
★ Denting, Painting & Welding
SPECIAL PAINT JOB $779
RENTAL CAR PROVIDED
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
25 years of Canadian Experience
OPEN MON - SAT 9AM TO 7PM
CHEEMA
LOWEST PRICE IN TOWN
Towing Service Car Paint Starts $799* upto 100% Deductible Paid*
Call Rick or Manminder Cheema: 416.749.9596 / 416.951.6431
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com

SherGill Law Firm
Barrister, Solicitor & Notary Public
Services:
★ Real Estate
★ Residential, Commercial & Franchise
★ Criminal Law
★ Family Law
★ Affidavit, Power Of Attorney & Notarization
★ Immigration Matters
Paramjit Singh Gill (MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

# ਪਰਿਵਾਰ ਸਮੇਤ ਛੁੱਟੀਆਂ ਮਨਾਉਣ ਟਰੂਡੋ ਮੁੜ ਜਾਣਗੇ ਕੌਸਟਾ ਰਿਕਾ



ਓਟਵਾ, 4 ਅਗਸਤ (ਪੋਸਟ ਬਿਊਰੋ) : ਆਪਣੇ ਪਰਿਵਾਰ ਨਾਲ ਛੁੱਟੀਆਂ ਮਨਾਉਣ ਲਈ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੋ ਹਫਤੇ ਲਈ ਕੌਸਟਾ ਰਿਕਾ ਜਾ ਰਹੇ ਹਨ।

ਪ੍ਰਧਾਨ ਮੰਤਰੀ ਦੇ ਆਫਿਸ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਟਰੂਡੋ ਦਾ ਪਰਿਵਾਰ ਉਸੇ ਥਾਂ ਉੱਤੇ ਰਹੇਗਾ ਜਿੱਥੇ 2019 ਵਿੱਚ ਛੁੱਟੀਆਂ ਦੌਰਾਨ ਉਹ ਰਹੇ ਸਨ। ਇਹ ਵੀ ਜਾਣਕਾਰੀ ਦਿੱਤੀ ਗਈ ਹੈ ਕਿ ਪ੍ਰਧਾਨ ਮੰਤਰੀ ਦੇ ਪਰਿਵਾਰ ਵੱਲੋਂ ਇਸ ਰਿਹਾਇਸ਼ ਲਈ ਪੱਲਿਓਂ ਪੈਸੇ ਦਿੱਤੇ ਜਾ ਰਹੇ ਹਨ।

ਇੱਥੇ ਦੱਸਣਾ ਬਣਦਾ ਹੈ ਕਿ ਸਕਿਊਰਿਟੀ ਕਾਰਨਾਂ ਕਰਕੇ ਪ੍ਰਧਾਨ ਮੰਤਰੀ ਨੂੰ ਰੌਇਲ ਕੈਨੇਡੀਅਨ ਏਅਰ ਫੋਰਸ ਦੇ ਜਹਾਜ਼ ਉੱਤੇ ਹੀ ਟਰੈਵਲ ਕਰਨਾ ਪੈਂਦਾ ਹੈ, ਫਿਰ ਭਾਵੇਂ ਉਨ੍ਹਾਂ ਵੱਲੋਂ ਨਿਜੀ ਤੌਰ ਉੱਤੇ ਕਿਤੇ ਟਰੈਵਲ ਕਰਨਾ ਹੋਵੇ। ਜਦੋਂ ਪਿਛਲੀ ਵਾਰੀ ਪ੍ਰਧਾਨ ਮੰਤਰੀ ਦੇ ਪਰਿਵਾਰ ਵੱਲੋਂ ਕੌਸਟਾ ਰਿਕਾ ਦਾ ਟਰਿੱਪ ਕੀਤਾ ਗਿਆ ਸੀ ਤਾਂ ਸਰਕਾਰੀ ਖਜ਼ਾਨੇ ਉੱਤੇ 57,000 ਡਾਲਰ ਦਾ ਬੋਝ ਪਿਆ ਸੀ ਤੇ ਸੈਨ ਹੋਜ਼ੇ ਵਿੱਚ ਰੁਕੇ ਫਲਾਈਟ ਕ੍ਰਿਊ ਉੱਤੇ ਵੀ ਹਜ਼ਾਰਾਂ ਡਾਲਰ ਖਰਚ ਹੋਏ ਸਨ।

ਪੀਐਮਓ ਵੱਲੋਂ ਇਹ ਸਫਾਈ ਵੀ ਦਿੱਤੀ ਗਈ ਹੈ ਕਿ ਇਨ੍ਹਾਂ ਛੁੱਟੀਆਂ ਤੇ ਟਰਿੱਪ ਬਾਰੇ ਉਨ੍ਹਾਂ ਵੱਲੋਂ ਫੈਡਰਲ ਐਥਿਕਸ ਕਮਿਸ਼ਨਰ ਦੇ ਆਫਿਸ ਨਾਲ ਵੀ ਸਲਾਹ ਮਸ਼ਵਰਾ ਕੀਤਾ ਜਾ ਚੁੱਕਿਆ ਹੈ।

# ਬੋਟ ਤੋਂ ਲੇਕ ਓਨਟਾਰੀਓ ਵਿੱਚ ਡਿੱਗਣ ਕਾਰਨ ਵਿਅਕਤੀ ਦੀ ਹੋਈ ਮੌਤ



ਓਨਟਾਰੀਓ, 4 ਅਗਸਤ (ਪੋਸਟ ਬਿਊਰੋ) : ਐਤਵਾਰ ਦੁਪਹਿਰ ਨੂੰ ਬੋਟ ਵਿੱਚੋਂ ਲੇਕ ਓਨਟਾਰੀਓ ਵਿੱਚ ਡਿੱਗਣ ਕਾਰਨ ਇੱਕ ਵਿਅਕਤੀ ਦੀ ਮੌਤ ਹੋ ਗਈ। ਇਹ ਜਾਣਕਾਰੀ ਟੋਰਾਂਟੋ ਪੁਲਿਸ ਨੇ ਦਿੱਤੀ।

ਦੁਪਹਿਰ 2:30 ਵਜੇ ਪੁਲਿਸ ਨੂੰ ਓਨਟਾਰੀਓ ਪਲੇਸ ਨੇੜੇ ਟੂਰ ਬੋਟ ਵਿੱਚੋਂ ਪਾਣੀ ਵਿੱਚ ਡਿੱਗ ਕੇ ਇੱਕ ਵਿਅਕਤੀ ਦੇ ਡੁੱਬਣ ਦੀ ਖਬਰ ਮਿਲੀ। ਪੁਲਿਸ ਨੇ ਦੱਸਿਆ ਕਿ ਮਰੀਨ ਯੂਨਿਟ ਵੱਲੋਂ ਜਲਦ ਹੀ ਉਸ ਵਿਅਕਤੀ ਨੂੰ ਲੱਭ ਲਿਆ ਗਿਆ, ਮੈਡੀਕਲ ਟੀਮ ਵੱਲੋਂ ਉਸ ਵਿਅਕਤੀ ਨੂੰ ਸੀਪੀਆਰ ਦਿੱਤਾ ਗਿਆ ਤੇ ਉਸ ਨੂੰ ਹਸਪਤਾਲ ਲਿਜਾਇਆ ਗਿਆ। ਪਰ ਸ਼ਾਮੀਂ 5:30 ਵਜੇ ਪੁਲਿਸ ਨੇ ਦੱਸਿਆ ਕਿ ਹਸਪਤਾਲ ਪਹੁੰਚਣ ਉੱਤੇ ਉਸ ਵਿਅਕਤੀ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ। ਇਸ ਸਮੇਂ ਤੱਕ ਇਸ ਬਾਰੇ ਕੋਈ ਜਾਣਕਾਰੀ ਨਹੀਂ ਸੀ ਮਿਲੀ ਕਿ ਉਹ ਵਿਅਕਤੀ ਬੋਟ ਵਿੱਚੋਂ ਪਾਣੀ ਵਿੱਚ ਕਿਵੇਂ ਡਿੱਗਿਆ ਤੇ ਨਾ ਹੀ ਉਸ ਵਿਅਕਤੀ ਬਾਰੇ ਹੀ ਕੋਈ ਜਾਣਕਾਰੀ ਜਾਰੀ ਕੀਤੀ ਗਈ ਸੀ।

# ਸਰ੍ਹੀ ਵਿੱਚ ਤੀਹਰੇ ਗੋਲੀਕਾਂਡ ਵਿੱਚ 2 ਹਲਾਕ 1 ਜ਼ਖ਼ਮੀ



ਸਰ੍ਹੀ, 4 ਅਗਸਤ (ਪੋਸਟ ਬਿਊਰੋ) : ਸ਼ਨਿੱਚਰਵਾਰ ਦੁਪਹਿਰ ਨੂੰ ਦੱਖਣੀ ਸਰ੍ਹੀ ਵਿੱਚ ਚੱਲੀ ਗੋਲੀ ਕਾਰਨ ਦੋ ਵਿਅਕਤੀ ਮਾਰੇ ਗਏ ਤੇ ਇੱਕ ਹੋਰ ਹਸਪਤਾਲ ਵਿੱਚ ਜ਼ਿੰਦਗੀ ਤੇ ਮੌਤ ਦੀ ਲੜਾਈ ਲੜ ਰਿਹਾ ਹੈ।

ਸਰ੍ਹੀ ਆਰਸੀਐਮਪੀ ਵੱਲੋਂ ਜਾਰੀ ਕੀਤੇ ਬਿਆਨ ਅਨੁਸਾਰ ਉਨ੍ਹਾਂ ਨੂੰ ਸੂਟਿੰਗ ਦੀ ਰਿਪੋਰਟ ਦੇ ਕੇ ਦੁਪਹਿਰ 2:45 ਉੱਤੇ 20 ਐਵਨਿਊ ਤੇ 146 ਸਟਰੀਟ ਦੇ ਨੇੜਲੇ ਇਲਾਕੇ ਵਿੱਚ ਸੱਦਿਆ ਗਿਆ। ਪੁਲਿਸ ਨੇ ਦੱਸਿਆ ਕਿ ਮੌਕੇ ਉੱਤੇ ਉਨ੍ਹਾਂ ਨੂੰ ਤਿੰਨ ਵਿਅਕਤੀ ਗੋਲੀ ਲੱਗਣ ਕਾਰਨ ਜ਼ਖ਼ਮੀ ਹਾਲਤ ਵਿੱਚ ਮਿਲੇ। ਇੱਕ ਵਿਅਕਤੀ ਦੀ ਤਾਂ ਮੌਕੇ ਉੱਤੇ ਹੀ ਮੌਤ ਹੋ ਗਈ ਜਦਕਿ ਦੋ ਹੋਰਨਾਂ ਨੂੰ ਇਲਾਜ ਲਈ ਹਸਪਤਾਲ ਲਿਜਾਇਆ ਗਿਆ।

ਐਤਵਾਰ ਸਵੇਰੇ ਜਾਰੀ ਕੀਤੇ ਬਿਆਨ ਵਿੱਚ ਮਾਮਲੇ ਦੀ ਜਾਂਚ ਕਰ ਰਹੀ ਲੋਅਰ ਮੇਨਲੈਂਡਜ਼ ਇੰਟੇਗ੍ਰੇਟਿਡ ਹੋਮੀਸਾਈਡ ਇਨਵੈਸਟੀਗੇਸ਼ਨ ਟੀਮ ਨੇ ਦੱਸਿਆ ਕਿ ਦੂਜੇ ਜ਼ਖ਼ਮੀ ਵਿਅਕਤੀ ਦੀ ਹਸਪਤਾਲ ਪਹੁੰਚਣ ਉੱਤੇ ਮੌਤ ਹੋ ਗਈ। ਤੀਜਾ ਵਿਅਕਤੀ ਅਜੇ ਵੀ ਗੰਭੀਰ ਹਾਲਤ ਵਿੱਚ ਹਸਪਤਾਲ ਵਿੱਚ ਜੇਰੇ ਇਲਾਜ ਹੈ। ਇਸ ਸਮੇਂ ਪੁਲਿਸ ਤਿੰਨਾਂ ਵਿਅਕਤੀਆਂ ਦੀ ਪਛਾਣ ਦੀ ਪੁਸ਼ਟੀ ਕਰਨ ਉੱਤੇ ਕੰਮ ਕਰ ਰਹੀ ਹੈ।

# ਐਲਾਨ ਤੋਂ ਚਾਰ ਮਹੀਨੇ ਬਾਅਦ ਖੁੱਲ੍ਹਿਆ ਪੋਸਟ ਗ੍ਰੈਜੂਏਟ ਵਰਕ ਪਰਮਿਟ ਪੋਰਟਲ

ਓਟਵਾ, 2 ਅਗਸਤ (ਪੋਸਟ ਬਿਊਰੋ) : ਐਕਸਪਾਇਰ ਹੋ ਚੁੱਕੇ ਜਾਂ ਜਲਦ ਐਕਸਪਾਇਰ ਹੋਣ ਜਾ ਰਹੇ ਪੋਸਟ ਗ੍ਰੈਜੂਏਟ ਵਰਕ ਪਰਮਿਟਸ (ਪੀਜੀਡਬਲਿਊਪੀ) ਹੋਲਡਰਜ਼ ਹੁਣ ਮੰਗਲਵਾਰ ਤੋਂ ਆਪਣੇ ਪਰਮਿਟਸ ਵਿੱਚ ਵਾਧਾ ਕਰਨ ਲਈ ਅਪਲਾਈ ਕਰ ਸਕਣਗੇ। ਫੈਡਰਲ ਸਰਕਾਰ ਵੱਲੋਂ ਇਸ ਤਰ੍ਹਾਂ ਦਾ ਵਾਧਾ ਕਰਨ ਦਾ ਐਲਾਨ ਚਾਰ ਮਹੀਨੇ ਪਹਿਲਾਂ ਕੀਤਾ ਗਿਆ ਸੀ। ਇਮੀਗ੍ਰੇਸ਼ਨ ਮੰਤਰੀ ਸ਼ੌਨ ਫਰੇਜ਼ਰ ਨੇ ਮੰਗਲਵਾਰ ਨੂੰ ਆਖਿਆ ਕਿ ਪੀਜੀਡਬਲਿਊਪੀ ਹੋਲਡਰਜ਼, ਜਿਨ੍ਹਾਂ ਦੇ ਪਰਮਿਟ ਪਹਿਲਾਂ ਹੀ ਐਕਸਪਾਇਰ ਹੋ ਚੁੱਕੇ ਹਨ ਜਾਂ 20 ਸਤੰਬਰ 2021 ਤੋਂ 2 ਅਕਤੂਬਰ, 2022 ਦਰਮਿਆਨ ਐਕਸਪਾਇਰ ਹੋਣ ਜਾ ਰਹੇ ਹਨ, ਵਾਧੇ ਲਈ ਆਨਲਾਈਨ ਅਪਲਾਈ ਕਰ ਸਕਣਗੇ ਜਾਂ ਫਿਰ 18 ਮਹੀਨਿਆਂ ਲਈ ਵੈਲਿਡ ਰਹਿਣ ਵਾਲੇ ਨਵੇਂ ਪਰਮਿਟ ਲਈ ਅਪਲਾਈ ਕਰ ਸਕਣਗੇ।

ਜਿਨ੍ਹਾਂ ਦੇ ਪਰਮਿਟ 2 ਅਕਤੂਬਰ ਤੋਂ 31 ਦਸੰਬਰ, 2022 ਦਰਮਿਆਨ ਐਕਸਪਾਇਰ ਹੋਏ ਉਨ੍ਹਾਂ ਨੂੰ 18 ਮਹੀਨਿਆਂ ਦਾ ਵਾਧਾ ਲੈਣ ਲਈ ਕੁੱਝ ਕਰਨ ਦੀ ਲੋੜ ਨਹੀਂ ਹੈ ਬੱਸ ਉਨ੍ਹਾਂ ਨੂੰ ਆਪਣੇ ਮੇਲਿੰਗ ਅਡਰੈੱਸ ਜਾਂ ਪਾਸਪੋਰਟ ਦੀ ਵੈਲੇਡਿਟੀ ਨੂੰ ਅਪਡੇਟ ਕਰਨ ਦੀ ਲੋੜ ਹੋਵੇਗੀ।



ਆਈਆਰਸੀਸੀ ਨੇ ਇਹ ਐਲਾਨ ਵੀ ਕੀਤਾ ਕਿ 20 ਸਤੰਬਰ, 2021 ਤੋਂ 31 ਦਸੰਬਰ, 2022 ਦਰਮਿਆਨ ਐਕਸਪਾਇਰ ਹੋਣ ਜਾ ਰਹੇ ਜਾਂ ਹੋ ਚੁੱਕੇ ਪਰਮਿਟਸ ਲਈ ਉਹ ਪੀਜੀਡਬਲਿਊਪੀ ਹੋਲਡਰਜ਼ ਨੂੰ ਈਮੇਲ ਭੇਜ ਕੇ ਇਹ ਜਾਣਕਾਰੀ ਦੇਵੇਗੀ ਕਿ ਉਨ੍ਹਾਂ ਨੂੰ ਕੰਮ ਕਰਨ ਦੀ ਇਜਾਜ਼ਤ ਹੈ ਤੇ ਇਸ ਦੌਰਾਨ ਉਹ ਪਰਮਿਟਸ ਵਿੱਚ ਹੋਰ ਵਾਧੇ ਜਾਂ ਨਵੇਂ ਪਰਮਿਟ ਲਈ ਅਪਲਾਈ ਕਰ ਸਕਣਗੇ।

# ਬਰੈਂਪਟਨ ਵਿੱਚ ਛੁਰੇਬਾਜ਼ੀ ਵਿੱਚ ਦੋ ਜ਼ਖ਼ਮੀ




ਬਰੈਂਪਟਨ, 4 ਅਗਸਤ (ਪੋਸਟ ਬਿਊਰੋ) : ਬਰੈਂਪਟਨ ਵਿੱਚ ਐਤਵਾਰ ਸਵੇਰੇ ਦੋ ਵਿਅਕਤੀ ਛੁਰੇਬਾਜ਼ੀ ਕਾਰਨ ਜ਼ਖ਼ਮੀ ਹੋ ਗਏ। ਇਸ ਸਬੰਧ ਵਿੱਚ ਪੀਲ ਪੁਲਿਸ ਵੱਲੋਂ ਜਾਂਚ ਕੀਤੀ ਜਾ ਰਹੀ ਹੈ।


ਪੁਲਿਸ ਨੇ ਦੱਸਿਆ ਕਿ ਉਨ੍ਹਾਂ ਨੂੰ ਤੜਕੇ 3:30 ਉੱਤੇ ਮੈਕਮਰਕੀ ਐਵਨਿਊ ਨੌਰਥ ਤੇ ਕੁਈਨ ਸਟਰੀਟ ਵੈਸਟ ਇਲਾਕੇ ਵਿੱਚ ਛੁਰੇਬਾਜ਼ੀ ਦੀ ਰਿਪੋਰਟ ਦੇ ਕੇ ਸੱਦਿਆ ਗਿਆ। ਇੱਥੇ ਉਨ੍ਹਾਂ ਨੂੰ ਦੋ ਵਿਅਕਤੀ ਬੁਰੀ ਤਰ੍ਹਾਂ ਜ਼ਖ਼ਮੀ ਹਾਲਤ ਵਿੱਚ ਮਿਲੇ।

ਪੁਲਿਸ ਨੇ ਦੱਸਿਆ ਕਿ ਇੱਕ ਪੁਰਸ਼ ਨੂੰ ਗੰਭੀਰ ਹਾਲਤ ਵਿੱਚ ਟਰੌਮਾ ਸੈਂਟਰ ਲਿਜਾਇਆ ਗਿਆ ਤੇ ਇੱਕ ਹੋਰ ਵਿਅਕਤੀ ਨੂੰ ਲੋਕਲ ਹਸਪਤਾਲ ਲਿਜਾਇਆ ਗਿਆ। ਦੋਵਾਂ ਜ਼ਖ਼ਮੀ ਵਿਅਕਤੀਆਂ ਦੀ ਹਾਲਤ ਬਾਰੇ ਅੱਗੇ ਕੋਈ ਜਾਣਕਾਰੀ ਨਹੀਂ ਮਿਲੀ ਹੈ ਤੇ ਨਾ ਹੀ ਉਨ੍ਹਾਂ ਦੀ ਉਮਰ ਸਬੰਧੀ ਕੋਈ ਜਾਣਕਾਰੀ ਜਾਰੀ ਕੀਤੀ ਗਈ ਹੈ। ਕਿਸੇ ਮਸ਼ਕੂਕ ਦਾ ਵੇਰਵਾ ਵੀ ਹਾਲ ਦੀ ਘੜੀ ਸਾਹਮਣੇ ਨਹੀਂ ਆਇਆ।

ਪੁਲਿਸ ਨੇ ਦੱਸਿਆ ਕਿ ਇਸ ਸਬੰਧ ਵਿੱਚ ਜਾਂਚ ਅਜੇ ਮੁੱਢਲੇ ਪੜਾਅ ਉੱਤੇ ਹੈ।

# ਅਮਰੀਕਾ ਵੱਲੋਂ ਕੀਤੇ ਡਰੋਨ ਹਮਲੇ ਵਿੱਚ ਮਾਰਿਆ ਗਿਆ ਅਲ ਕਾਇਦਾ ਮੁਖੀ ਅਲ ਜ਼ਵਾਹਿਰੀ

ਵਾਸ਼ਿੰਗਟਨ, 4 ਅਗਸਤ (ਪੋਸਟ ਬਿਊਰੋ) : ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਇਡਨ ਨੇ ਸੋਮਵਾਰ ਨੂੰ ਐਲਾਨ ਕੀਤਾ ਕਿ ਕਾਬੁਲ ਉੱਤੇ ਕੀਤੇ ਗਏ ਅਮਰੀਕੀ ਡਰੋਨ ਹਮਲੇ ਵਿੱਚ ਅਲ ਕਾਇਦਾ ਦਾ ਆਗੂ ਐਮਨ ਅਲ-ਜ਼ਵਾਹਿਰੀ ਮਾਰਿਆ ਗਿਆ। ਬਾਇਡਨ ਨੇ ਆਖਿਆ ਕਿ ਇਸ ਨਾਲ 11 ਸਤੰਬਰ, 2001 ਨੂੰ ਅਮਰੀਕਾ ਉੱਤੇ ਹੋਏ ਹਮਲੇ ਦੇ ਸ਼ਿਕਾਰ ਪਰਿਵਾਰਾਂ ਨੂੰ ਕੁੱਝ ਰਾਹਤ ਜ਼ਰੂਰ ਮਿਲੇਗੀ। ਵ੍ਹਾਈਟ ਹਾਊਸ ਵਿੱਚੋਂ ਸ਼ਾਮ ਨੂੰ ਕੀਤੇ ਗਏ ਸੰਬੋਧਨ ਵਿੱਚ ਬਾਇਡਨ ਨੇ ਆਖਿਆ ਕਿ ਅਮਰੀਕਾ ਦੇ ਖੁਫੀਆ ਅਧਿਕਾਰੀਆਂ ਨੇ ਡਾਊਨਟਾਊਨ ਕਾਬੁਲ ਦੇ ਇੱਕ ਘਰ ਵਿੱਚ ਅਲ-ਜ਼ਾਵੇਰੀ ਦੇ ਆਪਣੇ ਪਰਿਵਾਰ ਸਮੇਤ ਲੁਕੇ ਹੋਣ ਦਾ ਪਤਾ ਲਾ ਲਿਆ। ਰਾਸ਼ਟਰਪਤੀ ਨੇ ਇਸ ਆਪਰੇਸ਼ਨ ਨੂੰ ਪਿਛਲੇ ਹਫਤੇ ਮਨਜ਼ੂਰੀ ਦੇ ਦਿੱਤੀ ਸੀ ਤੇ ਇਸ ਨੂੰ ਐਤਵਾਰ ਨੂੰ ਅੰਜਾਮ ਦੇ ਦਿੱਤਾ ਗਿਆ।



ਅਲ ਜ਼ਵਾਹਿਰੀ ਤੇ ਓਸਾਮਾ ਬਿਨ ਲਾਦੇਨ ਵੱਲੋਂ 9/11 ਨੂੰ ਅਮਰੀਕਾ ਉੱਤੇ ਹੋਏ ਅੱਤਵਾਦੀ ਹਮਲਿਆਂ ਦੀ ਸਾਜ਼ਿਸ਼ ਰਚੀ ਗਈ ਸੀ। ਇਨ੍ਹਾਂ ਹਮਲਿਆਂ ਤੋਂ ਬਾਅਦ ਹੀ ਆਮ ਅਮੈਰੀਕਨਜ਼ ਨੂੰ ਅਲ ਕਾਇਦਾ ਵਰਗੀ ਜਥੇਬੰਦੀ ਬਾਰੇ ਪਤਾ ਲੱਗਿਆ ਸੀ। ਇੱਕ ਦਹਾਕੇ ਤੱਕ ਪੈੜ ਨੱਪਣ ਤੋਂ ਬਾਅਦ 2 ਮਈ, 2011 ਨੂੰ ਪਾਕਿਸਤਾਨ ਵਿੱਚ ਅਮਰੀਕੀ ਨੇਵੀ ਸੀਲਜ਼ ਵੱਲੋਂ ਕੀਤੇ ਗਏ ਆਪਰੇਸ਼ਨ ਵਿੱਚ ਬਿਨ ਲਾਦੇਨ ਮਾਰਿਆ ਗਿਆ।

ਦੋ ਦਹਾਕਿਆਂ ਤੱਕ ਅਫਗਾਨਿਸਤਾਨ ਵਿੱਚ ਚੱਲੀ ਜੰਗ ਤੋਂ ਬਾਅਦ ਅਮਰੀਕਨ ਫੌਜੀ ਟੁਕੜੀਆਂ ਦੇ ਉੱਥੋਂ ਬਾਹਰ ਆਉਣ ਤੋਂ 11



ਮਹੀਨੇ ਬਾਅਦ ਇਸ ਆਪਰੇਸ਼ਨ ਨੂੰ ਅੰਜਾਮ ਦਿੱਤਾ ਗਿਆ। ਇਸ ਮੌਕੇ ਬਾਇਡਨ ਨੇ ਇਹ ਵੀ ਆਖਿਆ ਕਿ ਉਹ ਅਫਗਾਨਿਸਤਾਨ ਨੂੰ ਅੱਤਵਾਦੀਆਂ ਦੇ ਲੁਕਣ ਲਈ ਸੁਰੱਖਿਅਤ ਟਿਕਾਣਾ ਨਹੀਂ ਬਣਨ ਦੇਣਗੇ। ਆਪਣਾ ਨਾਂ ਗੁਪਤ ਰੱਖਣ ਦੀ ਸ਼ਰਤ ਉੱਤੇ ਮਸਲੇ ਤੋਂ ਜਾਣੂ ਪੰਜ ਵਿਅਕਤੀਆਂ ਨੇ ਦੱਸਿਆ ਕਿ ਇਹ ਹਮਲਾ ਸੈਂਟਰਲ ਇੰਟੈਲੀਜੈਂਸ ਏਜੰਸੀ ਵੱਲੋਂ ਕੀਤਾ ਗਿਆ। ਇਹ ਵੀ ਦੱਸਣਾ ਬਣਦਾ ਹੈ ਕਿ ਨਾ ਤਾਂ ਬਾਇਡਨ ਨੇ ਤੇ ਨਾ ਹੀ ਵ੍ਹਾਈਟ ਹਾਊਸ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਹੈ ਕਿ ਇਹ ਹਮਲਾ ਸੀਆਈਏ ਵੱਲੋਂ ਕੀਤਾ ਗਿਆ।

# ਕੈਨੇਡਾਜ਼ ਵੰਡਰਲੈਂਡ ਵਿੱਚ 18 ਕਾਰਾਂ ਦੇ ਟਾਇਰ ਕੱਟਣ ਵਾਲੇ ਨੂੰ ਕੀਤਾ ਗਿਆ ਚਾਰਜ

ਵਾਅਨ, 4 ਅਗਸਤ (ਪੋਸਟ ਬਿਊਰੋ) : ਵਾਅਨ ਵਿੱਚ ਕੈਨੇਡਾਜ਼ ਵੰਡਰਲੈਂਡ ਵਿਖੇ ਅੰਦਾਜ਼ਨ 18 ਕਾਰਾਂ ਦੇ ਟਾਇਰ ਕੱਟੇ ਹੋਏ ਮਿਲਣ ਤੋਂ ਬਾਅਦ ਇੱਕ 29 ਸਾਲਾ ਵਿਅਕਤੀ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਯੌਰਕ ਰੀਜਨਲ ਪੁਲਿਸ ਨੇ ਦੱਸਿਆ ਕਿ ਇਸ ਵਿਅਕਤੀ ਉੱਤੇ ਕਈ ਚਾਰਜਿਜ਼ ਲਾਏ ਗਏ ਹਨ।

ਕਾਂਸਟੇਬਲ ਐਮੀ ਬੁਡਰੋ ਨੇ ਦੱਸਿਆ ਕਿ ਕਿਸੇ ਵਿਅਕਤੀ ਵੱਲੋਂ ਐਤਵਾਰ ਨੂੰ ਸ਼ਾਮੀਂ 6:30 ਵਜੇ ਪੁਲਿਸ ਅਧਿਕਾਰੀਆਂ ਨੂੰ ਪਾਰਕ ਸੱਦਿਆ ਗਿਆ। ਸ਼ਿਕਾਇਤ ਕਰਨ ਵਾਲੇ ਨੇ ਦੱਸਿਆ ਕਿ ਇੱਕ ਵਿਅਕਤੀ ਕਾਰਾਂ ਨੂੰ ਨੁਕਸਾਨ ਪਹੁੰਚਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਪੁਲਿਸ ਅਧਿਕਾਰੀਆਂ ਤੇ ਕੈਨੇਡਾਜ਼ ਵੰਡਰਲੈਂਡ ਦੇ ਸਕਿਊਰਿਟੀ ਮੁਲਾਜ਼ਮਾਂ ਵੱਲੋਂ ਅਜਿਹੀ ਸ਼ਰਾਰਤ ਕਰਨ ਵਾਲੇ ਵਿਅਕਤੀ ਨੂੰ ਕਾਬੂ ਕਰ ਲਿਆ ਗਿਆ। ਉਸ ਨੂੰ ਪੁਲਿਸ ਵੱਲੋਂ ਹਿਰਾਸਤ ਵਿੱਚ ਵੀ ਲੈ ਲਿਆ ਗਿਆ।




ਬੁਡਰੋ ਨੇ ਦੱਸਿਆ ਕਿ ਇਸ ਵਿਅਕਤੀ ਨੂੰ ਹਥਿਆਰ ਰੱਖਣ, ਪਾਬੰਦੀਸ਼ੁਦਾ ਹਥਿਆਰ ਰੱਖਣ, ਸ਼ਰਾਰਤ ਕਰਨ ਦੇ 18 ਮਾਮਲਿਆਂ ਤਹਿਤ ਚਾਰਜ ਕੀਤਾ ਗਿਆ ਹੈ।

# ਕੈਨੇਡਾ ਦੇ ਵੰਡਰਲੈਂਡ ਵਿੱਚ ਲੱਗੀ ਮਾਮੂਲੀ ਅੱਗ




ਵਾਅਨ, 4 ਅਗਸਤ (ਪੋਸਟ ਬਿਊਰੋ) : ਕੈਨੇਡਾ ਦੇ ਵੰਡਰਲੈਂਡ ਵਿੱਚ ਇੱਕ ਨਿੱਕੇ ਜਿਹੇ ਢਾਂਚੇ ਨੂੰ ਅੱਗ ਲੱਗ ਜਾਣ ਤੋਂ ਬਾਅਦ ਵਾਅਨ ਦੇ ਕ੍ਰਿਊ ਦੀ ਮਦਦ ਯੌਰਕ ਰੀਜਨਲ ਪੁਲਿਸ ਦੇ ਡਿਊਟੀ ਆਫੀਸਰਜ਼ ਵੱਲੋਂ ਕੀਤੀ ਜਾ ਰਹੀ ਹੈ।

ਪੁਲਿਸ ਨੇ ਦੱਸਿਆ ਕਿ ਰਾਤੀਂ 11:30 ਉੱਤੇ ਲੋਕਾਂ ਨੂੰ ਅਹਿਤਿਆਤਨ ਇੱਥੋਂ ਕੱਢ ਲਿਆ ਗਿਆ। ਅਜਿਹਾ ਅੱਗ ਕਾਰਨ ਫੈਲ ਰਹੇ ਧੂੰਏ ਕਾਰਨ ਕੀਤਾ ਗਿਆ। ਇਹ ਅੱਗ ਵਾਟਰ ਪਾਰਕ ਦੇ ਨੇੜੇ ਲੱਗੀ ਦੱਸੀ ਜਾਂਦੀ ਹੈ।

ਕਿਸੇ ਦੇ ਜ਼ਖ਼ਮੀ ਹੋਣ ਦੀ ਕੋਈ ਖਬਰ ਨਹੀਂ ਹੈ। ਅੱਗ ਲੱਗਣ ਦੇ ਕਾਰਨਾਂ ਦਾ ਵੀ ਅਜੇ ਪਤਾ ਨਹੀਂ ਲੱਗ ਸਕਿਆ।

# ਲੇਕ ਓਨਟਾਰੀਓ ਵਿੱਚ ਡੁੱਬਣ ਕਾਰਨ ਮਿਸੀਸਾਗਾ ਦੇ ਵਿਅਕਤੀ ਦੀ ਹੋਈ ਮੌਤ



ਓਨਟਾਰੀਓ, 4 ਅਗਸਤ (ਪੋਸਟ ਬਿਊਰੋ) : ਸੇਂਟ ਕੈਥਰੀਨਜ਼ ਨੇੜੇ ਲੇਕ ਓਨਟਾਰੀਓ ਵਿੱਚ ਫਲੋਟਿੰਗ ਟਿਊਬ ਦੇ ਪਲਟਣ ਕਾਰਨ ਇੱਕ ਵਿਅਕਤੀ ਦੀ ਮੌਤ ਹੋ ਗਈ।

ਨਾਇਗਰਾ ਰੀਜਨਲ ਪੁਲਿਸ ਨੇ ਆਖਿਆ ਕਿ ਐਤਵਾਰ ਸਵੇਰੇ ਮਰੀਨ/ਅੰਡਰ ਵਾਟਰ ਸਰਚ ਐਂਡ ਰਿਕਵਰੀ ਯੂਨਿਟ ਨੂੰ ਇਸ ਵਿਅਕਤੀ ਦੀ ਲਾਸ਼ ਉਸ ਥਾਂ ਤੋਂ ਥੋੜ੍ਹੀ ਦੂਰੀ ਉੱਤੇ ਹੀ ਮਿਲ ਗਈ ਜਿੱਥੇ ਉਸ ਨੂੰ ਆਖਰੀ ਵਾਰੀ ਵੇਖਿਆ ਗਿਆ ਸੀ। ਐਤਵਾਰ ਰਾਤੀਂ 7:30 ਵਜੇ ਤੋਂ ਠੀਕ ਬਾਅਦ ਪੋਰਟ ਡਲਹੌਜ਼ੀ ਇਲਾਕੇ ਵਿੱਚ ਪੁਲਿਸ ਨੂੰ ਉਸ ਸਮੇਂ ਸੱਦਿਆ ਗਿਆ ਜਦੋਂ ਫਲੋਟਿੰਗ ਟਿਊਬ ਵਿੱਚ ਘੁੰਮ ਰਿਹਾ ਵਿਅਕਤੀ ਟਿਊਬ ਪਲਟਣ ਤੋਂ ਬਾਅਦ ਪਾਣੀ ਦੇ ਉੱਪਰ ਹੀ ਨਹੀਂ ਆ ਸਕਿਆ। ਇਹ ਟਿਊਬ ਬੋਟ ਨਾਲ ਬੰਨ੍ਹੀ ਹੋਈ ਸੀ। ਇਸ ਵਿਅਕਤੀ ਦੀ ਭਾਲ ਵਿੱਚ ਸੇਂਟ ਕੈਥਰੀਨਜ਼ ਫਾਇਰ ਸਰਵਿਸ ਤੇ ਦ ਕੈਨੇਡੀਅਨ ਕੋਸਟ ਗਾਰਡ ਦੀਆਂ ਟੀਮਾਂ ਲਾਈਆਂ ਗਈਆਂ। ਇਹ ਵਿਅਕਤੀ 37 ਸਾਲਾਂ ਦਾ ਮਿਸੀਸਾਗਾ ਦਾ ਰਹਿਣ ਵਾਲਾ ਸੀ। ਪਰ ਉਸ ਦੀ ਪਛਾਣ ਅਜੇ ਜ਼ਾਹਰ ਨਹੀਂ ਕੀਤੀ ਗਈ ਹੈ। ਹਾਲਾਂਕਿ ਪੋਸਟ ਮਾਰਟਮ ਦੇ ਹੁਕਮ ਦਿੱਤੇ ਗਏ ਹਨ ਪਰ ਪੁਲਿਸ ਦਾ ਕਹਿਣਾ ਹੈ ਕਿ ਇਸ ਵਿਅਕਤੀ ਦੀ ਮੌਤ ਸ਼ੱਕੀ ਨਹੀਂ ਹੈ।

# ਮੁੜ ਕੋਵਿਡ-19 ਦੀ ਚਪੇਟ ਵਿੱਚ ਆਏ ਬਾਇਡਨ

ਵਾਸ਼ਿੰਗਟਨ, 4 ਅਗਸਤ (ਪੋਸਟ ਬਿਊਰੋ) : ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਇਡਨ ਇੱਕ ਵਾਰੀ ਫਿਰ ਕੋਵਿਡ-19 ਪਾਜ਼ੀਟਿਵ ਆ ਗਏ ਹਨ। ਕਰੋਨਾਵਾਇਰਸ ਆਈਸੋਲੇਸ਼ਨ ਦਾ ਸਮਾਂ ਪੂਰਾ ਕਰਨ ਤੋਂ ਬਾਅਦ ਅਜੇ ਉਨਾਂ ਨੂੰ ਤਿੰਨ ਦਿਨ ਪਹਿਲਾਂ ਹੀ ਆਇਸੋਲੇਸ਼ਨ ਛੱਡਣ ਦੀ ਇਜਾਜ਼ਤ ਦਿੱਤੀ ਗਈ ਸੀ। ਵ੍ਹਾਈਟ ਹਾਊਸ ਵੱਲੋਂ ਜਾਰੀ ਕੀਤੇ



ਗਏ ਬਿਆਨ ਵਿੱਚ ਆਖਿਆ ਗਿਆ ਕਿ ਇੱਕ ਵਾਰੀ ਮੁੜ ਐਨੀ ਜਲਦੀ ਕੋਵਿਡ-19 ਹੋਣ ਦਾ ਇਹ ਆਪਣੀ ਕਿਸਮ ਦਾ ਵੱਖਰਾ ਮਾਮਲਾ ਹੈ।

ਵ੍ਹਾਈਟ ਹਾਊਸ ਦੇ ਡਾਕਟਰ ਕੈਵਿਨ ਓਕੌਨਰ ਨੇ ਆਖਿਆ ਕਿ ਬਾਇਡਨ ਨੂੰ ਮੁੜ ਕੋਵਿਡ-19 ਦੇ ਲੱਛਣ ਨਜ਼ਰ ਨਹੀਂ ਆ ਰਹੇ ਹਨ ਤੇ ਉਹ ਬਿਲਕੁਲ ਠੀਕ ਮਹਿਸੂਸ ਕਰ ਰਹੇ ਹਨ।

ਸੈਂਟਰਜ਼ ਫੌਰ ਡਜ਼ੀਜ਼ ਕੰਟਰੋਲ ਐਂਡ ਪ੍ਰਿਵੈਨਸ਼ਨ ਸਬੰਧੀ ਗਾਈਡਲਾਈਨਜ਼ ਅਨੁਸਾਰ ਬਾਇਡਨ ਨੂੰ ਇੱਕ ਵਾਰੀ ਫਿਰ ਪੰਜ ਦਿਨਾਂ ਲਈ ਆਈਸੋਲੇਸ਼ਨ ਵਿੱਚ ਰਹਿਣਾ ਹੋਵੇਗਾ। ਜਦੋਂ ਤੱਕ ਉਨ੍ਹਾਂ ਦਾ ਇਹ ਟੈਸਟ ਨੈਗੇਟਿਵ ਨਹੀਂ ਆ ਜਾਂਦਾ ਉਦੋਂ ਤੱਕ ਉਹ ਵ੍ਹਾਈਟ ਹਾਊਸ ਵਿੱਚ ਹੀ ਆਈਸੋਲੇਟ ਰਹਿਣਗੇ।

# ਗੱਡੀਆਂ ਦੀ ਆਹਮੋ ਸਾਹਮਣੀ ਟੱਕਰ ਵਿੱਚ ਕਈ ਜ਼ਖ਼ਮੀ

ਮਾਰਖਮ, 4 ਅਗਸਤ (ਪੋਸਟ ਬਿਊਰੋ) : ਮਾਰਖਮ ਵਿੱਚ ਗੱਡੀਆਂ ਦੀ ਹੋਈ ਆਹਮੋ ਸਾਹਮਣੀ ਟੱਕਰ ਵਿੱਚ ਕਈ ਲੋਕ ਜ਼ਖ਼ਮੀ ਹੋ ਗਏ। ਇਨ੍ਹਾਂ ਵਿੱਚੋਂ ਕਈਆਂ ਦੀ ਹਾਲਤ ਕਾਫੀ ਗੰਭੀਰ ਦੱਸੀ ਜਾਂਦੀ ਹੈ। ਟਰਿਾਂਟੋ ਪੁਲਿਸ ਨੇ ਦੱਸਿਆ ਕਿ ਇਹ ਹਾਦਸਾ ਸੋਮਵਾਰ ਨੂੰ ਰਾਤੀਂ 10:00 ਵਜੇ ਦੇ ਨੇੜੇ ਤੇੜੇ ਸਟੀਲਜ਼ ਐਵਨਿਊ ਈਸਟ ਤੇ ਰੀਜ਼ਰ ਰੋਡ ਏਰੀਆ ਵਿੱਚ ਵਾਪਰਿਆ। ਜਾਂਚਕਾਰਾਂ ਦਾ ਕਹਿਣਾ ਹੈ ਕਿ ਹਾਦਸੇ ਤੋਂ ਬਾਅਦ




ਇੱਕ ਗੱਡੀ ਨੂੰ ਅੱਗ ਲੱਗ ਗਈ। ਕਾਂਸਟੇਬਲ ਐਲੈਕਸ ਲੀ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਕਿ ਇਸ ਹਾਦਸੇ ਵਿੱਚ ਕਈ ਲੋਕ ਗੰਭੀਰ ਜ਼ਖ਼ਮੀ ਹੋਏ ਤੇ ਇਹ ਪਤਾ ਨਹੀਂ ਲੱਗ ਸਕਿਆ ਹੈ ਕਿ ਜ਼ਖ਼ਮੀ ਵਿਅਕਤੀ ਹਾਦਸੇ ਸਮੇਂ ਗੱਡੀ ਦੇ ਅੰਦਰ ਹੀ ਮੌਜੂਦ ਸਨ ਜਾਂ ਨਹੀਂ। ਟੋਰਾਂਟੋ ਤੇ ਯੌਰਕ ਰੀਜਨਲ ਪੁਲਿਸ ਦੇ ਪੈਰਾਮੈਡਿਕਸ ਮਕੇ ਉੱਤੇ ਪਹੁੰਚ ਚੁੱਕੇ ਹਨ।

# ਐਜੈਕਸ ਵਿੱਚ ਚੱਲੀ ਗੋਲੀ, ਛੇ ਜ਼ਖ਼ਮੀ

ਐਜੈਕਸ, 4 ਅਗਸਤ (ਪੋਸਟ ਬਿਊਰੋ) : ਐਜੈਕਸ ਵਿੱਚ ਅੱਜ ਤੜ੍ਹਕੇ ਹੋਈ ਸੂਟਿੰਗ ਵਿੱਚ ਛੇ ਵਿਅਕਤੀ ਜ਼ਖ਼ਮੀ ਹੋ ਗਏ। ਸੂਟਿੰਗ ਚੱਲਦੀ ਗੱਡੀ ਵਿੱਚੋਂ ਕੀਤੀ ਗਈ। ਹਾਈਵੇਅ 401 ਦੇ ਦੱਖਣ ਵੱਲ 154 ਹਾਰਵੁੱਡ ਐਵਨਿਊ ਵਿਖੇ ਪਲਾਜ਼ਾ ਦੇ ਪਿੱਛੇ ਸਵੇਰੇ 1:00 ਵਜੇ ਤੋਂ ਤੁਰੰਤ ਬਾਅਦ ਗੋਲੀਆਂ ਚੱਲੀਆਂ। ਦਰਹਾਮ ਪੁਲਿਸ ਅਨੁਸਾਰ ਇਹ ਘਟਨਾ ਰੈਸਟੋਰੈਂਟ ਵਿੱਚ ਪਾਰਟੀ ਤੋਂ ਬਾਅਦ ਵਾਪਰੀ। ਇਸ ਘਟਨਾ ਵਿੱਚ ਕਿਸੇ ਦੀ ਮੌਤ ਨਹੀਂ ਹੋਈ ਹੈ ਪਰ ਇੱਕ ਵਿਅਕਤੀ ਗੰਭੀਰ ਰੂਪ ਵਿੱਚ ਜ਼ਖ਼ਮੀ ਹੈ। ਇੱਕ ਮਸ਼ਕੂਕ ਕਾਲੇ ਰੰਗ ਦੀ ਚਾਰ ਦਰਵਾਜ਼ਿਆਂ ਵਾਲੀ ਗੱਡੀ ਵਿੱਚ ਮੌਕੇ ਤੋਂ ਫਰਾਰ ਹੋ ਗਿਆ। ਹਾਲ ਦੀ ਘੜੀ ਜ਼ਖ਼ਮੀਆਂ ਦੀ ਉਮਰ ਤੇ ਲਿੰਗ ਬਾਰੇ ਕੋਈ ਜਾਣਕਾਰੀ ਹਾਸਲ ਨਹੀਂ ਹੋਈ ਹੈ। ਪੁਲਿਸ ਇਲਾਕੇ ਵਿੱਚੋਂ ਕਿਸੇ ਤਰ੍ਹਾਂ ਦੀ ਸੀਸੀਟੀਵੀ ਫੁਟੇਜ, ਵੀਡੀਓ ਦਾ




ਪਤਾ ਲਾਉਣ ਦੀ ਕੋਸ਼ਿਸ਼ ਕਰ ਰਹੀ ਹੈ ਤੇ ਚਸ਼ਮਦੀਦਾਂ ਨੂੰ ਲੱਭਣ ਦੀ ਵੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਫੋਰੈਂਸਿਕ ਜਾਂਚਕਾਰਾਂ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

TAX & ACCOUNTING

TAX | HST REBATE | ADVISORY |
ACCOUNTING | INCORPORATION |
BUSINESS LOAN | PERSONAL TAX

Harcharan S. Grover
Chartered Accountant



ਸਾਨੂੰ ਕਾਲ ਕਰੋ ਤੇ
ਆਪਣਾ ਟੈਕਸ ਬਚਾਓ

Call for Professional Advice
905.247.0193
info@grovercpa.ca

GroVerCPA
Professional Corporation

214-7895 Tranmere Drive, Mississauga ON L5S 1V9

# ਚੀਨ ਵੱਲੋਂ ਤਾਈਵਾਨ ਦੇ ਜਲ ਖੇਤਰ ਨੇੜੇ ਅੱਜ ਤੱਕ ਦੀ ਸਭ ਤੋਂ ਵੱਡੀ ਫ਼ੌਜੀ ਐਕਸਰਸਾਈਜ਼ ਸ਼ੁਰੂ

* ਮਿਜ਼ਾਈਲਾਂ ਦਾਗੀਆਂ, ਸਾਈਬਰ ਹਮਲੇ ਦਾ ਵੀ ਦੋਸ਼

ਤਾਈਪੇ, 4 ਅਗਸਤ, (ਪੋਸਟ ਬਿਊਰੋ)- ਚੀਨ ਨੇ ਤਾਈਵਾਨ ਨੂੰ ਘੇਰ ਕੇ ਆਪਣੀ ਅੱਜ ਤੱਕ ਦੀ ਸਭ ਤੋਂ ਵੱਡੀ ਮਿਲਟਰੀ ਐਕਸਰਸਾਈਜ਼ਸ਼ੁਰੂ ਕਰ ਦਿੱਤੀ ਹੈ।ਉਸ ਦੇ ਜੰਗੀ ਜਹਾਜ਼ਾਂ ਨੇ ਅੱਜ ਵੀਰਵਾਰ ਤੜਕੇ ਤਾਈਵਾਨ ਨੇੜੇ ਵੱਖ-ਵੱਖ ਜਲ ਖੇਤਰਾਂ ਵਿੱਚ ਘੱਟੋ-ਘੱਟ 11 ਡੋਂਗਫੈਂਗ ਬੈਲਿਸਟਿਕ ਮਿਜ਼ਾਈਲਾਂ ਦਾਗੀਆਂ ਤੇ ਗੋਲ਼ੀਬਾਰੀ ਕੀਤੀ। ਤਾਈਵਾਨ ਨੇ ਕਿਹਾ ਕਿ ਉਹ ਚੀਨ ਦੀ ਫ਼ੌਜੀ ਐਕਸਰਸਾਈਜ਼ਉੱਤੇ ਨੇੜਿਉਂ ਨਜ਼ਰ ਰੱਖ ਰਿਹਾ ਹੈ ਤੇ ਲੜਾਈ ਲਈ ਤਿਆਰ ਹੈ, ਪਰ ਹਾਲੇ ਇਸ ਤੋਂ ਬਚ ਰਿਹਾ ਹੈ।ਉਸ ਨੇ ਚੀਨ ਦੀ ਫ਼ੌਜੀ ਐਕਸਰਸਾਈਜ਼ਨੂੰ ਗ਼ੈਰ-ਕਾਨੂੰਨੀ, ਗੈਰ-ਜ਼ਿੰਮੇਵਾਰਾਨਾ ਅਤੇ ਯੂ ਐੱਨ ਓ ਦੇ ਨਿਯਮਾਂ ਦੇ ਖਿਲਾਫ਼ ਕਹਿ ਕੇ ਸੰਸਾਰ ਨੂੰ ਚੌਕਸ ਰਹਿਣ ਲਈ ਕਿਹਾ ਹੈ।

ਅਮਰੀਕੀ ਪਾਰਲੀਮੈਂਟ ਦੇ ਹੇਠਲੇ ਸਦਨ ਪ੍ਰਤੀਨਿਧ ਸਭਾ ਦੀ ਸਪੀਕਰ ਤੇ ਡੈਮੋਕਰੇਟਿਕ ਪਾਰਟੀ ਦੀ ਪਾਰਲੀਮੈਂਟ ਮੈਂਬਰ ਨੈਨਸੀ ਪੇਲੋਸੀ ਦੇ ਤਾਈਵਾਨ ਦੌਰੇ ਤੋਂ ਚੀਨ ਨਾਰਾਜ਼ ਚੋਖਾ ਭੜਕਿਆ ਹੈ। ਨੈਨਸੀ ਪੇਲੋਸੀ ਪਿਛਲੇ ਕਰੀਬ ਢਾਈ ਦਹਾਕਿਆਂ ਵਿੱਚ ਤਾਈਵਾਨ ਦੌਰਾ ਕਰਨ ਵਾਲੀ ਅਮਰੀਕਾ ਦੀ ਸਭ ਤੋਂ ਵੱਡੀ ਨੇਤਾ ਰਹੀ ਹੈ। ਚੀਨ ਤਾਈਵਾਨ ਨੂੰ ਆਪਣਾ ਖੇਤਰ ਮੰਨਦਾ ਅਤੇ ਦੂਸਰੇ ਦੇਸ਼ਾਂ ਦੇ ਨੇਤਾਵਾਂ ਦੇ ਇਸ ਵੱਲ ਦੌਰੇ ਦਾ ਵਿਰੋਧ ਕਰਦਾ ਹੈ। ਨੈਨਸੀ ਪੇਲੋਸੀ ਇੱਕ ਦਿਨਾ ਦੌਰੇ ਪਿੱਛੋਂ



ਬੁੱਧਵਾਰ ਏਥੋਂ ਚਲੀ ਗਈ ਅਤੇ ਕੁਝ ਘੰਟੇ ਬਾਅਦ ਚੀਨ ਨੇ ਤਾਈਵਾਨ ਸਟ੍ਰੇਟ ਵਿੱਚਉੱਤਰ, ਦੱਖਣ ਤੇ ਪੂਰਬ ਦੇ ਪਾਣੀਆਂ ਵਿੱਚਆਪਣੀ ਅੱਜ ਤੱਕ ਦੀ ਸਭ ਤੋਂ ਵੱਡੀ ਫ਼ੌਜੀ ਐਕਸਰਸਾਈਜ਼ਸ਼ੁਰੂ ਕੀਤੀ ਹੈ। ਚੀਨੀ ਜਹਾਜ਼ ਤਾਈਵਾਨ ਦੇ ਤੱਟ ਤੋਂ ਮਸਾਂ 20 ਕਿੱਲੋਮੀਟਰ ਦੂਰਘੁੰਮਦੇ ਹਨ ਅਤੇ ਉਸ ਦੀ ਪੀਪਲਜ਼ ਲਿਬਰੇਸ਼ਨ ਆਰਮੀ (ਪੀਐਲਏ) ਦੀ ਪੂਰਬੀ ਕਮਾਂਡ ਨੇ ਸਾਫ ਕਿਹਾ ਹੈ ਕਿ ਤਾਈਵਾਨ ਦੇ ਪੂਰਬੀ ਤੱਟ ਉੱਤੇ ਕਈ ਰਵਾਇਤੀ ਮਿਜ਼ਾਈਲਾਂ ਦਾਗੀਆਂ ਗਈਆਂ ਹਨ।

ਤਾਈਵਾਨ ਦੇ ਰੱਖਿਆ ਮੰਤਰਾਲੇ ਮੁਤਾਬਕ ਚੀਨ ਨੇ 11 ਡੋਂਗਫੈਂਗ ਬੈਲਿਸਟਿਕ ਮਿਜ਼ਾਈਲਾਂ ਦਾਗੀਆਂ ਹਨ।ਸਾਲ 1996 ਵਿੱਚ ਵੀ ਚੀਨ ਨੇ ਤਾਈਵਾਨ ਦੇ ਦੁਆਲੇ ਦੇ ਪਾਣੀਆਂ ਵਿੱਚ ਮਿਜ਼ਾਈਲਾਂ ਦਾਗੀਆਂ ਸਨ।ਉਸ ਦੇ ਜੰਗੀ ਬੇੜੇ ਅਤੇ ਲੜਾਕੂ ਜਹਾਜ਼ ਵਾਰ-ਵਾਰ ਤਾਈਵਨ ਦੇ ਜਲ ਤੇ ਹਵਾਈ ਖੇਤਰ ਦੀ ਉਲੰਘਣਾ ਕਰਕੇ ਉਸ ਨੂੰ ਪ੍ਰੇਸ਼ਾਨ ਕਰ ਰਹੇ ਹਨ।ਤਾਈਵਾਨੀ ਜਵਾਬ ਦੇਣ ਲਈ ਤਿਆਰ ਹਨ, ਪਰ ਹਾਲੇ ਕੁਝ ਨਹੀਂ ਕਰਨਗੇ। ਉਸ ਨੇ ਚੀਨ ਉੱਤੇ ਸਾਈਬਰ ਹਮਲਿਆਂ ਦਾ ਵੀ ਦੋਸ਼ ਲਾਇਆ ਤੇ ਕਿਹਾ ਕਿ ਵੀਰਵਾਰ ਨੂੰ ਉਸਦੇ ਕਈ ਸਰਕਾਰੀ ਦਫਤਰਾਂ ਦਾ ਨੈਟਵਰਕ ਕੁਝ ਸਮਾਂ ਹੈਕ ਕੀਤਾ ਗਿਆ ਸੀ। ਇਸ ਦੇ ਹਵਾਈ ਖੇਤਰ ਵਿੱਚ ਸ਼ੱਕੀ ਡਰੋਨ ਵੀ ਦੇਖੇ ਗਏ ਹਨ।ਵਰਨਣ ਯੋਗ ਹੈ ਕਿ ਚੀਨ ਤਾਈਵਾਨ ਨੂੰ ਆਪਣਾ ਖੇਤਰ ਐਲਾਨ ਕਰਦਾ ਹੈ। ਉਸਨੇ ਕਈ ਵਾਰ ਤਾਈਵਾਨ ਨੂੰ ਜ਼ਬਰਦਸਤੀ ਨਾਲ ਜੋੜਨ ਦੀ ਧਮਕੀ ਦਿੱਤੀ ਹੈ ਤੇ ਅੱਜ ਫਿਰ ਕਿਹਾ ਕਿ ਤਾਈਵਾਨ ਨਾਲ ਮਤਭੇਦ ਉਸ ਦਾ ਅੰਦਰੂਨੀ ਮੁੱਦਾ ਹੈ। ਉਹ ਤਾਈਵਾਨ ਦੀ ਆਜ਼ਾਦੀ ਦਾ ਸਮਰਥਨ ਕਰਨ ਜਾਂ ਆਵਾਜ਼ ਉਠਾਉਣ ਵਾਲੇ ਹਰ ਕਿਸੇ ਵਿਰੁੱਧ ਆਪਣੀ ਨੀਤੀ ਮੁਤਾਬਕ ਬਣਦੀ ਕਾਰਵਾਈ ਕਰੇਗਾ।

## ਅੱਜ ਨਾਮਾ >>

ਛਾਪੇ ਕਾਂਗਰਸ ਦੇ ਪਏ ਜਦ ਦਫਤਰਾਂ’ਤੇ,
ਪਾਰਟੀ ਆਗੂਆਂ ਨੂੰ ਚਿੰਤਾ ਹੋਈ ਮਿੱਤਰ।
ਪਿੱਛੋਂ ਦਫਤਰ ਨੂੰ ਗਿਆ ਜਦ ਸੀਲ ਕੀਤਾ,
ਸਕੀ ਚੱਲ ਫਿਰ ਚਾਲਨਹੀਂ ਕੋਈ ਮਿੱਤਰ।
ਰਾਜ ਕਰਦਿਆਂ ਕੀਤੇ ਕਈ ਕੰਮ ਉਲਟੇ,
ਜਿਹੜਾ ਬੀਜਿਆ ਵੱਢਣਗੇ ਸੋਈ ਮਿੱਤਰ।
ਰਾਜ ਕਰਦਿਆਂ ਕੀਤਾ ਨਾ ਫਿਕਰ ਪਹਿਲਾਂ,
ਅਸਲੋਂ ਸ਼ਰਮ ਦੀ ਲੱਥੀ ਸੀ ਲੋਈ ਮਿੱਤਰ।
ਰਾਜਸੀ ਪੱਖੋਂ ਤਾਂ ਕੋਈ ਨਹੀਂ ਛੋਟ ਮਿਲਣੀ,
ਕਰਨੀ ਮੋਦੀ ਸਰਕਾਰ ਨਹੀਂ ਢਿੱਲ ਮਿੱਤਰ।
ਪੈ ਗਏ ਰੱਫੜ ਦਾ ਦਿੱਸੇ ਨਹੀਂ ਸਿਰਾ ਕੋਈ,
ਲਹਿੰਦੀ ਲਗਦੀ ਹੈ ਵਾਲ਼ ਦੀ ਛਿੱਲ ਮਿੱਤਰ।

**ਤੀਸ ਮਾਰ ਖਾਂ**

## ਪੰਜਾਬ ਸਰਕਾਰ ਵੱਲੋਂ ਘਰੇਲੂ ਬਿਜਲੀ ਖਪਤਕਾਰਾਂ ਦੇ ਬਿੱਲ ਬਕਾਏ ਦੀ ਮੁਆਫੀ ਦਾ ਨੋਟੀਫਿਕੇਸ਼ਨ ਜਾਰੀ

ਚੰਡੀਗੜ੍ਹ, 4 ਅਗਸਤ, (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਲੋਕਾਂ ਨਾਲ ਵਾਅਦੇ ਹੇਠ ਸਰਕਾਰ ਨੇਸਾਰੇ ਘਰੇਲੂ ਖਪਤਕਾਰਾਂ ਦੇ 31 ਦਸੰਬਰ 2021 ਤੱਕ ਬਿਜਲੀਬਕਾਏਮੁਆਫ ਕਰਨ ਲਈਅੱਜ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ (ਪੀ ਐੱਸ ਪੀ ਸੀ ਐੱਲ) ਨੇਨੋਟੀਫੀਕੇਸ਼ਨ ਜਾਰੀ ਕਰ ਦਿੱਤਾ ਹੈ।

ਇਸ ਬਾਰੇ ਪੰਜਾਬ ਦੇ ਬਿਜਲੀ ਮੰਤਰੀ ਹਰਭਜਨ ਸਿੰਘਨੇ ਦੱਸਿਆ ਕਿ ਪੰਜਾਬ ਸਰਕਾਰ ਨੇ ਇਸ ਰਾਜ ਦੇ ਸਾਰੇ ਘਰੇਲੂ ਬਿਜਲੀ ਖਪਤਕਾਰਾਂ, ਜਿਨ੍ਹਾਂ ਵੱਲ 31 ਦਸੰਬਰ 2021 ਤੱਕ ਦੇ ਬਕਾਏ30 ਜੂਨ ਤੱਕਖੜੇ ਸਨ ਅਤੇ ਇਨ੍ਹਾਂਦੀ ਅਦਾਇਗੀ ਨਹੀਂ ਸੀ ਕੀਤੀ ਗਈ, ਇਨ੍ਹਾਂ ਸਾਰਿਆਂ ਦੇ ਬਿੱਲ ਮੁਆਫ ਕਰ ਦਿੱਤੇ ਹਨ। ਉਨ੍ਹਾ ਨੇ ਕਿਹਾ ਕਿ ਜਿਹੜੇ ਬਿਜਲੀ ਕੁਨੈਕਸ਼ਨ ਕੱਟੇ ਗਏ ਅਤੇ ਜਿਨ੍ਹਾਂ ਨੂੰ ਬਹਾਲ ਕਰਨਾ ਸੰਭਵ ਨਹੀਂ, ਉਨ੍ਹਾ ਦੀ ਬੇਨਤੀ ਉੱਤੇਪੀ ਐੱਸ ਪੀ ਸੀ ਐੱਲ ਵੱਲੋਂ ਫਿਰ ਜੋੜ ਦਿੱਤੇ ਜਾਣਗੇ। ਉਨਾਂ ਇਹ ਵੀ ਦੱਸਿਆ ਕਿ ਨਵੇਂ ਘਰੇਲੂ ਬਿਜਲੀ ਕੁਨੈਕਸ਼ਨ ਲਈ ਜੋ ਖਰਚੇ ਖਪਤਕਾਰਾਂ ਨੇ ਦੇਣੇ ਹਨ, ਉਹ ਵੀ ਪੰਜਾਬ ਸਰਕਾਰ ਵੱਲੋਂ ਪੀ ਐੱਸ ਪੀ ਸੀ ਐੱਲਭਰ ਦੇਵੇਗੀ।

ਮੰਤਰੀ ਨੇ ਦੱਸਿਆ ਕਿ ਹੋਰ ਖਪਤਕਾਰ: ਜਿਵੇਂ ਸਰਕਾਰੀ ਹਸਪਤਾਲ/ਡਿਸਪੈਂਸਰੀ, ਧਾਰਮਿਕ ਸਥਾਨ, ਸਰਕਾਰੀ ਖੇਡ ਸੰਸਥਾਵਾਂ, ਸੈਨਿਕ ਰੈਸਟ ਹਾਊਸ, ਸਰਕਾਰੀ ਸਹਾਇਤਾ ਵਾਲੀਆਂ ਵਿੱਦਿਅਕ ਸੰਸਥਾਵਾਂ ਅਤੇ ਅਟੈਚਡ ਹੋਸਟਲ ਇਸ ਸਕੀਮ ਹੇਠ ਨਹੀਂ ਆਉਣਗੇ।ਉਨ੍ਹਾਦੱਸਿਆ ਕਿ ਸਰਕਾਰ ਪਹਿਲਾਂ ਹੀ ਸਾਰੇ ਯੋਗ ਵਸਨੀਕਾਂ ਨੂੰ 300 ਯੂਨਿਟ ਪ੍ਰਤੀ ਮਹੀਨਾ ਮੁਫਤ ਬਿਜਲੀ ਦੇ ਰਹੀ ਹੈ ਅਤੇ ਬਾਕੀ ਸਾਰੇ ਚੋਣ ਵਾਅਦੇ ਵੀ ਪੂਰੇ ਕਰੇਗੀ।

## ਮਿਸ ਯੂਨੀਵਰਸ ਹਰਨਾਜ਼ ਸੰਧੂ ਖਿਲਾਫ ਉਪਾਸਨਾ ਸਿੰਘ ਵੱਲੋਂ ਕੇਸ ਦਾਇਰ

* ਵੱਡਾ ਰੁਤਬਾ ਮਿਲਣ ਪਿੱਛੋਂ ਵਾਅਦੇ ਤੋਂ ਭੱਜਣ ਦਾ ਦੋਸ਼

ਚੰਡੀਗੜ੍ਹ, 4 ਅਗਸਤ, (ਪੋਸਟ ਬਿਊਰੋ)- ਪੰਜਾਬੀ ਤੇ ਹਿੰਦੀ ਫਿਲਮਾਂ ਦੀ ਨਾਮਵਰ ਅਦਾਕਾਰਾ ਉਪਾਸਨਾ ਸਿੰਘ ਨੇ ਅੱਜ ਚੰਡੀਗੜ੍ਹ ਦੀ ਜ਼ਿਲ੍ਹਾ ਅਦਾਲਤ ਵਿੱਚ ਮਿਸ ਯੂਨੀਵਰਸ-2021 ਹਰਨਾਜ਼ ਕੌਰ ਸੰਧੂਵਿਰੁੱਧ ਪਟੀਸ਼ਨ ਦਾਇਰ ਕੀਤੀ ਅਤੇ ਵੱਡਾ ਰੁਤਬਾ ਮਿਲਣ ਦੇ ਬਾਅਦ ਵਾਅਦੇ ਤੋਂ ਭੱਜਣ ਦਾ ਦੋਸ਼ ਲਾਇਆ ਹੈ।



ਉਪਾਸਨਾ ਸਿੰਘ ਨੇ ਆਪਣੇ ਵਕੀਲ ਕਰਨ ਸਚਦੇਵਾ ਰਾਹੀਂ ਸਿਵਲ ਅਦਾਲਤ ਵਿੱਚ ਪਟੀਸ਼ਨ ਰਾਹੀਂਦੱਸਿਆ ਕਿ ਹਰਨਾਜ ਕੌਰ ਸੰਧੂ ਉਨ੍ਹਾਂ ਦੀ 19 ਅਗਸਤ ਨੂੰ ਰਿਲੀਜ਼ ਹੋ ਰਹੀ ਪੰਜਾਬੀ ਫਿਲਮ ‘ਬਾਈ ਜੀ ਕੁੱਟਣਗੇ’ ਦੀ ਹੀਰੋਇਨ ਹੈ, ਪਰ ਮਿਸ ਯੂਨੀਵਰਸ ਬਣਨ ਪਿੱਛੋਂ ਉਹ ਇਸਦੇ ਪ੍ਰਚਾਰ ਵਿੱਚ ਕੋਈ ਸਹਿਯੋਗ ਨਹੀਂ ਕਰ ਰਹੀ ਤੇ ਨਾ ਲਿਖਤੀ ਕਾਨੂੰਨੀ ਵਾਅਦੇ ਮੁਤਾਬਕ ਫਿਲਮ ਦੀ ਪ੍ਰਮੋਸ਼ਨ ਲਈ ਸਮਾਂ ਦੇ ਰਹੀ ਹੈ।ਸ਼ੂਟਿੰਗ ਤੋਂ ਪਹਿਲਾਂ ਹਰਨਾਜ਼ ਸੰਧੂ ਨੇ ਫਿਲਮ ਬਣਾਉਣ ਵਾਲੀ ਕੰਪਨੀ ‘ਸੰਤੋਸ਼ ਐਂਟਰਟੇਨਮੈਂਟ ਸਟੂਡੀਓਜ਼’ ਨਾਲ ਐਗਰੀਮੈਂਟ ਕੀਤਾ ਸੀ, ਜਿਸ ਮੁਤਾਬਕ ਉਸ ਨੇ ਇਸ ਫਿਲਮ ਦੇ ਪ੍ਰਮੋਸ਼ਨ ਪਲੈਨ ਮੁਤਾਬਕ ਕੁਝ ਦਿਨਦੇਣੇ ਸਨ, ਪਰ ਉਹ ਇਸਤੋਂ ਪਾਸਾ ਵੱਟ ਰਹੀ ਹੈ। ਉਪਾਸਨਾ ਸਿੰਘ ਮੁਤਾਬਕ ਉਨ੍ਹਾਂ ਨੇ ‘ਸੰਤੋਸ਼ ਐਂਟਰਟੇਨਮੈਂਟ ਸਟੂਡੀਓਜ਼’ ਦੇ ਬੈਨਰ ਹੇਠ ਇਹ ਫਿਲਮਕਰੋੜਾਂ ਰੁਪਏ ਦੀ ਲਾਗਤ ਨਾਲਬਣਾਈ ਹੈ। ਹਰਨਾਜ਼ ਸੰਧੂ ਇਸਦੀ ਹੀਰੋਇਨ ਹੈ। ਪਟੀਸ਼ਨ ਮੁਤਾ-ਬਕ ਉਹ ਹਰਨਾਜ਼ ਕੌਰ ਸੰਧੂ ਨੂੰ ਫਿਲਮ ਪ੍ਰਮੋਸ਼ਨ ਬਾਰੇ ਈ-ਮੇਲ ਅਤੇ ਬਹੁਤ ਵਾਰ ਫ਼ੋਨ ਵੀ ਕਰ ਚੁੱਕੇ ਹਨ, ਪਰ ਉਹ ਨਾ ਫ਼ੋਨ ਉੱਤੇ ਗੱਲ ਕਰਦੀ ਹੈ ਤੇ ਨਾ ਈ-ਮੇਲ ਦਾ ਜਵਾਬ ਦੇਂਦੀ ਹੈ। ਫਿਲਮ ਡਾਇਰੈਕਟਰ ਸਮੀਪ ਕੰਗ ਵੀ ਕਈ ਵਾਰ ਹਰਨਾਜ਼ ਸੰਧੂ ਨੂੰ ਫ਼ੋਨ ਕਰ ਚੁੱਕੇ ਹਨ, ਪਰ ਉਹ ਫਿਲਮ ਟੀਮ ਦੇ ਕਿਸੇ ਮੈਂਬਰ ਦਾ ਫ਼ੋਨ ਨਹੀਂ ਕਰ ਰਹੀ।ਉਪਾਸਨਾ ਸਿੰਘ ਨੇ ਕਿਹਾ ਕਿ ਹਰਨਾਜ਼ਸੰਧੂ ਦੀ ਇਹ ਪਹਿਲੀ ਪੰਜਾਬੀ ਫਿਲਮ ਹੈ, ਹਰ ਕਲਾਕਾਰ ਲਈ ਉਸ ਦੀ ਪਹਿਲੀ ਫਿਲਮ ਬੇਹੱਦ ਅਹਿਮ ਤੇ ਯਾਦਗਾਰੀ ਹੁੰਦੀ ਹੈ, ਪਰ ਹਰਨਾਜ਼ ਪੰਜਾਬੀ ਹੋਣ ਦੇ ਬਾਵਜੂਦ ਮਾਂ ਬੋਲੀ ਦੀ ਫਿਲਮ ਨੂੰ ਪ੍ਰਮੋਟ ਨਹੀਂ ਕਰ ਰਹੀ। ਉਸ ਨੇ ਆਪਣੇ ਸ਼ੋਸ਼ਲ ਮੀਡੀਆ ਉੱਤੇ ਫਿਲਮਬਾਰੇ ਕੋਈ ਪੋਸਟ ਵੀ ਨਹੀਂ ਪਾਈ, ਜਿਸ ਤੋਂ ਲੱਗਦਾ ਹੈ ਕਿ ਉਹ ਕਿਸੇ ਪੰਜਾਬੀ ਫਿਲਮ ਦਾ ਹਿੱਸਾ ਬਣਨ ਉੱਤੇ ਸ਼ਰਮ ਅਤੇ ਛੋਟਾਪਣ ਮਹਿਸੂਸ ਕਰਦੀ ਹੈ, ਜਦਕਿ ਭਾਰਤ ਦੇ ਨਾਮੀ ਚਿਹਰਿਆਂ ਨੇ ਸ਼ੁਰੂਆਤ ਪੰਜਾਬੀ ਸਿਨੇਮਾ ਤੋਂ ਕੀਤੀ ਹੋਈ ਹੈ।

## ਚੀਫ ਜਸਟਿਸ ਰਾਮੰਨਾ ਵੱਲੋਂ ਯੂ ਯੂ ਲਲਿਤ ਨੂੰ ਅਗਲੇ ਚੀਫ ਜਸਟਿਸ ਬਣਾਉਣ ਦੀ ਸਿਫਾਰਿਸ਼

ਨਵੀਂ ਦਿੱਲੀ, 4 ਅਗਸਤ, (ਪੋਸਟ ਬਿਊਰੋ)- ਭਾਰਤ ਦੇ ਚੀਫ਼ ਜਸਟਿਸ ਐੱਨਵੀ ਰਾਮੰਨਾ ਨੇ ਅੱਜ ਵੀਰਵਾਰ ਜਸਟਿਸ ਉਦੈ ਉਮੇਸ਼ (ਯੂ ਯੂ) ਲਲਿਤ ਨੂੰ ਦੇਸ਼ ਦਾ ਅਗਲਾ ਚੀਫ ਜਸਟਿਸ ਬਣਾਉਣ ਲਈ ਉਨ੍ਹਾਂ ਦੇ ਨਾਂ ਦੀ ਸਿਫਾਰਸ਼ ਕਰ ਦਿੱਤੀ ਹੈ। ਚੀਫ਼ ਜਸਟਿਸ ਨੇ ਨਿੱਜੀ ਤੌਰ ਉੱਤੇ ਸਿਫ਼ਾਰਸ਼ ਪੱਤਰ ਦੀ ਕਾਪੀ ਜਸਟਿਸ ਲਲਿਤ ਨੂੰ ਸੌਂਪੀ, ਜੋ ਸੀਨੀਆਰਟੀਦੇ ਪੱਖ ਤੋਂ ਚੀਫ ਜਸਟਿਸ ਰਾਮੰਨਾ ਤੋਂ ਬਾਅਦ ਸਭ ਤੋਂ ਸੀਨੀਅਰ ਹਨ। ਜਸਟਿਸ ਰਾਮੰਨਾ 24 ਅਪ੍ਰੈਲ 2021 ਨੂੰ ਚੀਫ਼ ਜਸਟਿਸ ਐੱਸਏ ਬੋਬੜੇ ਦੀ ਥਾਂ ਚੀਫ਼ ਜਸਟਿਸ ਬਣੇ ਸਨਅਤੇ 26 ਅਗਸਤ ਨੂੰ ਸੇਵਾਮੁਕਤ ਹੋ ਰਹੇ ਹਨ।



ਵਰਨਣ ਯੋਗ ਹੈ ਕਿ ਸੁਪਰੀਮ ਕੋਰਟ ਦੇ ਜੱਜ 65 ਸਾਲ ਦੀ ਉਮਰ ਵਿੱਚ ਸੇਵਾਮੁਕਤ ਹੁੰਦੇ ਹਨ ਅਤੇਇਨ੍ਹਾਂ ਦੀ ਨਿਯੁਕਤੀ ਦੀ ਪ੍ਰਕਿਰਿਆ (ਐੱਮਓਪੀ) ਹੇਠ ਰਿਟ-ਾਇਰ ਹੋਣ ਵਾਲੇ ਚੀਫ ਜਸਟਿਸ ਕਾਨੂੰਨ ਮੰਤਰਾਲੇ ਦੀ ਚਿੱਠੀ ਮਿਲਣਪਿੱਛੋਂ ਅਗਲੇ ਚੀਫ ਜਸਟਿਸ ਦੇ ਨਾਮ ਦੀ ਸਿਫਾਰਸ਼ ਕਰਦੇ ਹਨ। ਅੱਜ ਦੇ ਬਿਆਨ ਮੁਤਾਬਕ ‘ਭਾਰਤ ਦੇ ਚੀਫ਼ ਜਸਟਿਸ ਐੱਨ ਵੀ ਰਾਮੰਨਾ ਨੇ ਅੱਜ ਜਸਟਿਸ ਉਦੈ ਉਮੇਸ਼ ਲਲਿਤ ਦੇ ਨਾਮ ਦੀ ਸਿਫ਼ਾਰਸ਼ ਆਪਣੇ ਤੋਂ ਅਗਲੇ ਚੀਫ ਜਸਟਿਸ ਵਜੋਂ ਕੀਤੀ ਹੈ।’ ਬੀਤੀ 3 ਅਗਸਤ ਨੂੰ ਚੀਫ਼ ਜਸਟਿਸ ਦੇ ਸੈਕਟਰੀਏਟ ਨੂੰ ਕਾਨੂੰਨ ਅਤੇ ਨਿਆਂ ਮੰਤਰੀ ਕਿਰੇਨ ਰਿਜਿਜੂ ਦੀ ਚਿੱਠੀ ਮਿਲੀ ਸੀ, ਜਿਸ ਵਿੱਚਅਗਲੇ ਚੀਫ ਜਸਟਿਸ ਦੇ ਨਾਮ ਦੀ ਸਿਫ਼ਾਰਿਸ਼ ਕਰਨ ਦੀ ਬੇਨਤੀ ਕੀਤੀ ਗਈ ਸੀ।

ਜਸਟਿਸ ਯੂ ਯੂ ਲਲਿਤ ਦਾ ਜਨਮ 9 ਨਵੰਬਰ 1957 ਨੂੰ ਹੋਇਆ, ਉਨ੍ਹਾਂ ਨੇ ਜੂਨ 1983 ਵਿੱਚ ਵਕਾਲਤਸ਼ੁਰੂ ਕੀਤੀ ਤੇ ਦਸੰਬਰ 1985 ਤੱਕ ਬੰਬੇ ਹਾਈ ਕੋਰਟ ਵਿੱਚ ਪ੍ਰੈਕਟਿਸ ਕਰਨ ਪਿੱਛੋਂ ਦਿੱਲੀ ਚਲੇ ਆਏ ਅਤੇ ਅਪ੍ਰੈਲ 2004 ਵਿੱਚ ਉਨ੍ਹਾਂ ਨੂੰ ਸੁਪਰੀਮ ਕੋਰਟ ਨੇ ਸੀਨੀਅਰ ਵਕੀਲ ਨਾਮਜ਼ਦ ਕੀਤਾ ਸੀ। ਇਸ ਤੋਂ ਪਹਿਲਾਂ ਉਨ੍ਹਾਂ ਨੂੰ 2ਜੀ ਸਪੈਕਟਰਮ ਅਲਾਟਮੈਂਟ ਕੇਸ ਦੀ ਸੁਣਵਾਈ ਲਈ ਸੀਬੀਆਈ ਦੇ ਵਿਸ਼ੇਸ਼ ਸਰਕਾਰੀ ਵਕੀਲ ਸਨ। ਉਹ 13 ਅਗਸਤ 2014 ਨੂੰ ਸੁਪਰੀਮ ਕੋਰਟ ਦੇ ਜੱਜ ਨਿਯੁਕਤ ਹੋਏ ਸਨ। ਜਸਟਿਸ ਲਲਿਤ ਦੇ ਅਗਲਾ ਚੀਫ ਜਸਟਿਸ ਨਿਯੁਕਤ ਹੋਣ ਉੱਤੇ ਉਨ੍ਹਾਂ ਦਾ ਕਾਰਜਕਾਲ 3 ਮਹੀਨੇ ਤੋਂ ਵੀ ਘੱਟ ਹੋਵੇਗਾ, ਕਿਉਂਕਿ ਉਹਇਸ ਸਾਲ 8 ਨਵੰਬਰ ਨੂੰ ਸੇਵਾਮੁਕਤ ਹੋ ਜਾਣਗੇ।

## ਲਾਹੌਰ ਵਿੱਚ 1,200 ਸਾਲ ਪੁਰਾਣੇ ਵਾਲਮੀਕੀ ਮੰਦਰ ਦੀ ਰੈਨੋਵੇਸ਼ਨ ਹੋਵੇਗੀ

ਲਾਹੌਰ, 4 ਅਗਸਤ (ਪੋਸਟ ਬਿਊਰੋ)- ਪਾਕਿਸਤਾਨ ਦੇ ਲਾਹੌਰ ਸ਼ਹਿਰ ਵਿੱਚ ਇੱਕ ਲੰਬੀ ਅਦਾਲਤੀ ਲੜਾਈ ਦੇ ਬਾਅਦ ਨਾਜ਼ਾਇਜ ਕਾਬਜ਼ ਲੋਕਾਂ ਨੂੰ ਬੇਦਖਲ ਕੀਤੇ ਪਿੱਛੋਂ 1,200 ਸਾਲ ਪੁਰਾਣੇ ਹਿੰਦੂ ਮੰਦਿਰ ਦੀ ਰੈਨੋਵੇਸ਼ਨ ਕੀਤੀ ਜਾਵੇਗੀ। ਇਵੈਕਕਿਊਈ ਟ੍ਰਸਟ ਪ੍ਰਾਪਰਟੀ ਬੋਰਡ (ਈ ਟੀ ਪੀ ਬੀ) ਨੇ ਪਿਛਲੇ ਮਹੀਨੇ ਈਸਾਈ ਪਰਵਾਰ ਤੋਂ ਪ੍ਰਸਿੱਧ ਅਨਾਰਕਲੀ ਬਾਜ਼ਾਰ ਦੇ ਕੋਲ 10 ਮਰਲਾ ਜਮੀਨ ਉੱਤੇ ਬਣੇ ਵਾਲਮੀਕੀ ਮੰਦਰ ਦਾ ਕਬਜ਼ਾ ਵਾਪਸ ਲੈ ਲਿਆ। ਕ੍ਰਿਸ਼ਨ ਮੰਦਰ ਦੇ ਇਲਾਵਾ ਵਾਲਮੀਕੀ ਮੰਦਰ ਲਾਹੌਰ ਵਿੱਚ ਇੱਕੋ ਅਜਿਹਾ ਮੰਦਰ ਹੈ ਜਿਥੇ ਲਗਾਤਾਰ ਪੂਜਾ ਹੁੰਦੀ ਹੈ।

ਈਸਾਈ ਪਰਵਾਰ, ਜੋ ਹਿੰਦੂ ਬਣ ਚੁੱਕਾ ਹੈ, ਪਿਛਲੇ ਦੋ ਦਹਾਕਿਆਂ ਤੋਂ ਕੇਵਲ ਵਾਲਮੀਕੀ ਭਾਈਚਾਰੇ ਦੇ ਹਿੰਦੂਆਂ ਨੂੰ ਮੰਦਰ ਵਿੱਚ ਪੂਜਾ ਲਈ ਸਹੂਲਤਾਂ ਦੇ ਰਿਹਾ ਸੀ। ਇਥੇ ਈਸਾਈ ਪਰਵਾਰ 20 ਸਾਲ ਤੋਂ ਵੀ ਜ਼ਿਆਦਾ ਸਮੇਂ ਤਕ ਮੰਦਰ ਵਿੱਚ ਰਹਿ ਰਿਹਾ ਹੈ। ਮੰਦਰ ਦੀ ਜ਼ਮੀਨ ਰੈਵਿਨਿਊ ਰਿਕਾਰਡ ਵਿੱਚ ਈ ਟੀ ਪੀ ਬੀ ਨੂੰ ਟਰਾਂਸਫਰ ਕਰ ਦਿੱਤੀ ਗਈ ਸੀ ਪਰ ਈਸਾਈ ਪਰਵਾਰ ਨੇ 2010-11 ਵਿੱਚ ਜਾਇਦਾਦ ਦੇ ਮਾਲਕ ਹੋਣ ਦਾ ਦਾਅਵਾ ਕਰ ਕੇ ਦੀਵਾਨੀ ਅਦਾਲਤ ਵਿੱਚ ਕੇਸ ਕੀਤਾ ਸੀ। ਅਦਾਲਤ ਨੇ ਅਰਜ਼ੀ ਕਰਤਾ ਨੂੰ ਝੂਠੇ ਦਾਅਵਿਆਂ ਲਈ ਫਟਕਾਰ ਲਾਈ ਸੀ।

ਈ ਟੀ ਪੀ ਬੀ ਦੇ ਬੁਲਾਰੇ ਆਮਿਰ ਹਾਸ਼ਮੀ ਨੇ ਦੱਸਿਆ ਕਿ ਆਉਣ ਵਾਲੇ ਦਿਨਾਂ ਵਿੱਚ ਮਾਸਟਰ ਪਲਾਨ ਦੇ ਤਹਿਤ ਵਾਲਮੀਕੀ ਮੰਦਰ ਦੀ ਰੈਨੋਵੇਸ਼ਨ ਕੀਤੀ ਜਾਵੇਗੀ। ਉਨ੍ਹਾਂ ਨੇ ਕਿਹਾ ਕਿ 100 ਤੋਂ ਜ਼ਿਆਦਾ ਹਿੰਦੂ, ਕੁਝ ਸਿੱਖ ਅਤੇ ਈਸਾਈ ਨੇਤਾ ਕੱਲ੍ਹ ਵਾਲਮੀਕੀ ਮੰਦਰ ਵਿੱਚ ਇਕੱਠੇ ਹੋਏ। ਧਾਰਮਿਕ ਰਸਮਾਂ ਦੇ ਬਾਅਦ ਲੰਗਰ ਲਾਇਆ ਗਿਆ। 1992 ਵਿੱਚ ਭਾਰਤ ਵਿੱਚ ਬਾਬਰੀ ਮਸਜਿਦ ਢਾਹੁਣ ਪਿੱਛੋਂ ਹਥਿਆਰਾਂ ਨਾਲ ਲੈਸ ਗੁਸੇ ਭਰੀ ਭੀੜ ਨੇ ਵਾਲਮੀਕੀ ਮੰਦਰ ਵਿੱਚ ਹਮਲਾ ਬੋਲ ਦਿੱਤਾ ਅਤੇ ਮੰਦਰ ਢਾਹ ਕੇ ਇਮਾਰਤ ਵਿੱਚ ਅੱਗ ਲਾ ਦਿੱਤੀ ਸੀ। ਗੁਆਂਢੀਆਂ ਦੀਆਂ ਦੁਕਾਨਾਂ ਨੂੰ ਵੀ ਅੱਗ ਲਾ ਦਿੱਤੀ ਗਈ ਸੀ ਅਤੇ ਅਧਿਕਾਰੀਆਂ ਨੂੰ ਅੱਗ ਬੁਝਾਉਣ ਵਿੱਚ ਕਈ ਦਿਨ ਲੱਗ ਗਏ ਸੀ।

## ਕਾਮਨਵੈੱਲਥ ਖੇਡਾਂ: ਲੌਂਗ ਜੰਪ ਮੁਕਾਬਲੇ ਵਿੱਚ ਮੁਰਲੀ ਸ਼੍ਰੀਸ਼ੰਕਰ ਨੇ ਚਾਂਦੀ ਦਾ ਤਮਗਾ ਜਿੱਤ ਕੇ ਇਤਿਹਾਸ ਰਚਿਆ

* ਗੁਰਦੀਪ ਸਿੰਘ, ਤੇਜਸਵਿਨ ਸ਼ੰਕਰ, ਸੌਰਭ ਘੋਸ਼ਾਲ ਨੇ ਕਾਂਸੀ ਤਮਗੇ ਜਿੱਤੇ

ਬਰਮਿੰਘਮ, 4 ਅਗਸਤ, (ਪੋਸਟ ਬਿਊਰੋ)- ਭਾਰਤ ਦੇ ਮੁਰਲੀ ਸ਼੍ਰੀਸ਼ੰਕਰ ਨੇ ਕਾਮਨਵੈੱਲਥ ਖੇਡਾਂ ਦੇ ਐਥਲੈਟਿਕਸਵਿੱਚ ਅੱਜ ਲੌਂਗ ਜੰਪ ਮੁਕਾਬਲੇ ਵਿੱਚ ਚਾਂਦੀ ਦਾ ਤਮਗਾ ਜਿੱਤ ਕੇ ਇਤਿਹਾਸ ਰਚ ਦਿੱਤਾ।ਉਹਕਾਮਨਵੈੱਲਥ ਖੇਡਾਂ ਦੇ ਪੁਰਸ਼ ਲੌਂਗ ਜੰਪ ਮੁਕਾਬਲੇ ਵਿੱਚ ਤਮਗਾ ਜਿੱਤਣ ਵਾਲਾ ਪਹਿਲੇ ਭਾਰਤੀ ਖਿਡਾਰੀ ਹੈ।

ਤਮਗੇ ਦੇ ਤਕੜੇ ਦਾਅਵੇਦਾਰ ਮੁਰਲੀ ਸ਼੍ਰੀਸ਼ੰਕਰ ਨੇ 5ਵੀਂ ਕੋਸ਼ਿਸ਼ ਵਿੱਚ 8.08 ਮੀਟਰ ਦੂਰੀ ਨਾਲ ਚਾਂਦੀ ਤਮਗਾ ਜਿੱਤ ਲਿਆ। ਸੋਨ ਤਮਗਾ ਜਿੱਤਣ ਵਾਲੇ ਬਹਾਮਾਸ ਦੇ ਲੇਕੁਆਨ ਨੇਰਨ ਨੇ ਵੀ 8.08 ਮੀਟਰ ਦਾ ਸਰਵਸ੍ਰੇਸ਼ਟ ਯਤਨ ਹੀ ਕੀਤਾ ਹੈ। ਉਸ ਦਾ ਦੂਸਰਾ ਸਰਵਸ੍ਰੇਸ਼ਟ ਯਤਨ 7.98 ਮੀਟਰ ਸੀ, ਜੋ ਮੁਰਲੀ ਸ਼੍ਰੀਸ਼ੰਕਰ ਦੇ 7.84 ਮੀਟਰ ਵਾਲੇ ਦੂਸਰੇ ਸਰਵਸ੍ਰੇਸ਼ਟ ਯਤਨ ਤੋਂ ਬਿਹਤਰ ਸੀ, ਜਿਸ ਕਾਰਨ ਉਨ੍ਹਾਂ ਨੂੰ ਜੇਤੂ ਐਲਾਨ ਕੀਤਾ ਗਿਆ।ਸ਼੍ਰੀਸ਼ੰਕਰ ਦੀ ਕੋਸ਼ਿਸ਼ ਦੇ ਸਮੇਂ ਹਵਾ ਦੀ ਰਫ਼ਤਾਰ ਪਲੱਸ 1.5 ਮੀਟਰ ਪ੍ਰਤੀ ਸੈਕਿੰਡ ਸੀ, ਜਦਕਿ ਨੇਰਨ ਦੀ ਕੋਸ਼ਿਸ਼ ਸਮੇਂ ਮਾਈਨਸ 0.1 ਮੀਟਰ ਪ੍ਰਤੀ ਸੈਕਿੰਡ ਸੀ। ਦੱਖਣੀ ਅਫਰੀਕਾ ਦੇ ਯੋਵਾਨ ਵਾਨ ਵੂਰੇਨ ਨੇ 8.06 ਮੀਟਰ ਨਾਲ ਕਾਂਸੀ ਤਮਗਾ ਜਿੱਤਿਆ ਹੈ।

ਪੰਜਾਬ ਦੇ ਗੁਰਦੀਪ ਸਿੰਘ ਨੇ ਕਾਮਨਵੈੱਲਥਖੇਡਾਂ ਦੇ ਵੇਟਲਿਫਟਿੰਗ ਵਿੱਚ 109+ ਕਿੱਲੋਗ੍ਰਾਮ ਦਾ ਕਾਂਸੀ ਤਮਗਾ ਜਿੱਤਿਆ ਹੈ। 26 ਸਾਲਾ ਗੁਰਦੀਪ ਸਿੰਘ ਨੇ ਸਨੈਚ ਵਿੱਚ 167 ਅਤੇ ਕਲੀਨ ਐਂਡ ਜਰਕ ਵਿੱਚ 223 ਕਿੱਲੋ ਸਮੇਤ ਕੁੱਲ 390 ਕਿੱਲੋ ਭਾਰ ਚੁੱਕਿਆ। ਪਾਕਿਸਤਾਨ ਦੇ ਮੁਹੰਮਦ



ਨੂਹ ਬੱਟ ਨੇ 405 ਕਿੱਲੋਗ੍ਰਾਮ ਭਾਰ ਚੁੱਕ ਕੇ ਇਨ੍ਹਾਂ ਖੇਡਾਂ ਦੇ ਨਵੇਂ ਰਿਕਾਰਡ ਨਾਲ ਸੋਨ ਤਮਗਾ ਜਿੱਤ ਲਿਆ ਹੈ।

ਭਾਰਤ ਦੇ ਤੇਜਸਵਿਨ ਸ਼ੰਕਰ ਨੇ ਪੁਰਸ਼ਾਂ ਦੇ ਉੱਚੀ ਛਾਲ ਮੁਕਾਬਲੇ ਵਿੱਚ ਕਾਂਸੀ ਦਾ ਤਮਗਾ ਜਿੱਤਿਆ ਹੈ।ਨੈਸ਼ਨਲ ਰਿਕਾਰਡ ਵਾਲੇ ਸ਼ੰਕਰ ਨੇ 2.22 ਮੀਟਰ ਦੀ ਛਾਲ ਮਾਰੀ। ਉਸ ਨੂੰ ਟੀਮ ਵਿੱਚ ਨਹੀਂ ਸੀ ਰੱਖਿਆ ਗਿਆ ਤੇ ਦਿੱਲੀ ਹਾਈ ਕੋਰਟ ਦੇ ਹੁਕਮ ਉੱਤੇ ਟੀਮ ਵਿੱਚ ਬਦਲਵੇਂ ਖਿਡਾਰੀ ਵਜੋਂ ਲਿਆ ਸੀ।23 ਸਾਲਾ ਸ਼ੰਕਰ ਦਾ ਸੈਸ਼ਨ ਦਾ ਸਰਵਸ੍ਰੇਸ਼ਠ ਪ੍ਰਦਰਸ਼ਨ 2.27 ਅਤੇ ਸਰਵਸ੍ਰੇਸ਼ਠ ਨਿੱਜੀ ਪ੍ਰਦਰਸ਼ਨ 2.29 ਮੀਟਰ ਹੈ।ਏਸੇ ਤਰ੍ਹਾਂ ਭਾਰਤ ਦੇ ਸੌਰਭ ਘੋਸ਼ਾਲ ਨੇ ਪੁਰਸ਼ ਸਿੰਗਲਜ਼ ਸਕੁਐਸ਼ ਦੇ ਇਕਪਾਸੜ ਮੁਕਾਬਲੇ ਵਿੱਚ ਇੰਗਲੈਂਡ ਦੇ ਜੇਮਸ ਵਿਲਸਟ੍ਰਾਪ ਨੂੰ ਸਿੱਧੇ ਸੈੱਟਾਂ ਵਿੱਚ 3-0 ਨਾਲ ਹਰਾ ਕੇ ਕਾਂਸੀ ਤਮਗਾ ਜਿੱਤਿਆ ਹੈ। ਦੁਨੀਆ ਦੇ 15ਵੇਂ ਨੰਬਰ ਖਿਡਾਰੀ ਘੋਸ਼ਾਲ ਨੇ ਮੇਜ਼ਬਾਨ ਦੇਸ਼ ਦੇ ਦੁਨੀਆਦੇ 24ਵੇਂ ਨੰਬਰ ਦੇ ਖਿਡਾਰੀ ਨੂੰ 11-6, 11-1, 11-4 ਨਾਲ ਆਸਾਨੀ ਨਾਲ ਹਰਾ ਦਿੱਤਾ।ਇਨ੍ਹਾਂ ਖੇਡਾਂ ਵਿੱਚ ਸਕੁਐਸ਼ ਸਿੰਗਲਜ਼ ਪ੍ਰਤੀਯੋਗਿਤਾ ਵਿੱਚ ਭਾਰਤ ਦਾ ਇਹ ਪਹਿਲਾ ਤਮਗਾ ਹੈ। ਘੋਸ਼ਾਲ 2018 ਵਿੱਚ ਗੋਲਡ ਕੋਸਟ ਕਾਮਨਵੈੱਲਥ ਖੇਡਾਂ ਵਿੱਚ ਦੀਪਿਕਾ ਪੱਲੀਕਲ ਦੇ ਨਾਲ ਮਿਕਸਡ ਡਬਲਜ਼ ਦਾ ਚਾਂਦੀ ਤਮਗਾ ਜਿੱਤ ਚੁੱਕਾ ਸੀ।

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ

Super Visa

- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration

We do appeal for Refusal cases also

Sponsor Your Family

MacroGlobal Immigration Services Ltd.

Seema Bhayana

ICCRC Member

Ph: 905 452 0000, 905 452 9999

180 Wilkinson Road, Unit 18 Brampton, ON L6T 4M3

Fax: 905 452 9996 Email: macroglobal@rogers.com

www.macroimmigration.com



NEED A LAWYER ??

KAUR LAW OFFICE

Red Seal NOTARY

MANJEET KAUR
LL.B., (London UK)
Barrister, Solicitor & Notary Public

REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

IMMIGRATION
- Skilled Worker Category
- Spousal & Family Sponsorship
- Student Permits Visa & Renewals
- PR Renewal/ Citizenship Application

FAMILY LAWYER
- Child & Spousal support
- Custody & Access
- Divorce
- Equalization

BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits

WILLS & ESTATE
- Wills
- Certificate of Estate Trustee with/without Will
- Power of attorney for Property & Personal Care

Tel : 905-454-0099

Fax: 905-454-2234

2575 Steeles Ave. E., Unit 1,Brampton, ON L6T 5T1



# ਸੰਪਾਦਕੀ

## ਕੀ ਨਵਾਂ ਅਧਿਆਏ ਲਿਖੇਗੀ ਫੈਡਰਲ ਕੰਜ਼ਰਵੇਟਿਵ ਲੀਡਰਸ਼ਿੱਪ ਰੇਸ

10 ਸਤੰਬਰ 2022 ਨੂੰ ਹੋਣ ਵਾਲੀ ਫੈਡਰਲ ਕੰਜ਼ਰਵੇਟਿਵ ਪਾਰਟੀ ਦੀ ਲੀਡਰਸ਼ਿੱਪ ਰੇਸ ਦਿਨੋ ਦਿਨ ਕਈ ਪੱਖਾਂ ਤੋਂ ਦਿਲਚਸਪ ਬਣਦੀ ਜਾ ਰਹੀ ਹੈ। ਹੋਰਾਂ ਸਮੇਤ ਦਿਲਚਸਪੀ ਦਾ ਇੱਕ ਵੱਡਾ ਕਾਰਣ ਪੀਅਰੇ ਪੋਲੀਵੀਅਰੇ ਦੀ ਬਾਕੀ ਚਾਰੇ ਉਮੀਦਵਾਰਾਂ (Scott Aitichison, Roman Baber, Jean Charest, Leslyn Lewis) ਦੇ ਮੁਕਾਬਲੇ ਬੇਤਹਾਸ਼ਾ ਚੜਤ ਹੈ। ਹੁਣ ਤੱਕ ਆਏ ਸਾਰੇ ਸਰਵੇਖਣਾਂ ਵਿੱਚ ਉਸਦੀ ਪੁਜ਼ੀਸ਼ਨ ਹੋਰ ਉਮੀਦਵਾਰਾਂ ਨਾਲੋਂ ਕਿਤੇ ਬਿਹਤਰ ਹੈ। ਮਿਸਾਲ ਦੇ ਤੌਰ ਉੱਤੇ ਸੱਭ ਤੋਂ ਹਾਲੀਆ ਸਰਵੇਖਣ ਆਈਪੋਸ (IPSOS) ਅਤੇ ਲੀਜਰ (Leger) ਦੇ ਉਪਲਬਧ ਹਨ ਜਿਹਨਾਂ ਵਿੱਚ ਪੋਲੀਵੀਅਰੇ ਨੂੰ ਕਰਮਵਾਰ 34% ਅਤੇ 48% ਕੰਜ਼ਰਵੇਟਿਵ ਸਮਰੱਥਕਾਂ ਨੇ ਹਾਮੀ ਭਰੀ ਹੈ। ਮੇਨਸਟਰੀਟ ਅਤੇ ਐਨਗਸ ਰੀਡ ਦੇ ਸਰਵੇਖਣਾਂ ਵਿੱਚ 52.6 ਅਤੇ 57% ਸਮਰੱਥਕ ਉਸਦੇ ਪਿੱਛੇ ਖੜੇ ਹਨ। ਇਸਦਾ ਜੇ ਹੋਰ ਦਾਅਵੇਦਾਰਾਂ ਨਾਲ ਮੁਕਾਬਲਾ ਕਰਨਾ ਹੋਵੇ ਤਾਂ ਦੂਜੇ ਨੰਬਰ ਉੱਤੇ ਨਾਮ ਜੀਨ ਚਾਰੈਸਟ ਦਾ ਆਉਂਦਾ ਹੈ। ਜੀਨ ਚਾਰੈਸਟ ਨੂੰ ਕਿਸੇ ਵੀ ਸਰਵੇਖਣ ਵਿੱਚ ਵੱਧ ਤੋਂ ਵੱਧ 23% ਸਮਰੱਥਨ ਮਿਲਿਆ ਹੈ। ਜੇ ਹੋਰ ਨੇੜੇ ਨਜ਼ਰ ਮਾਰਨੀ ਹੋਵੇ ਤਾਂ 5 ਜੁਲਾਈ ਨੂੰ ਲੀਡਰਸ਼ਿੱਪ ਵਿੱਚੋਂ ਕੱਢੇ ਜਾਣ ਤੱਕ ਪੈਟਰਿਕ ਬਰਾਊਨ ਨੂੰ ਵੱਧ ਤੋਂ ਵੱਧ ਕਿਸੇ ਸਰਵੇਖਣ ਵਿੱਚ 10% ਪਾਰਟੀ ਮੈਂਬਰ ਸਮਰੱਥਨ ਦੇਂਦੇ ਨਜ਼ਰ ਆਏ ਸਨ।

ਪੈਸੇ ਧੇਲੇ ਦਾ ਕਿਸੇ ਵੀ ਚੋਣ ਵਿੱਚ ਵੱਡਾ ਰੋਲ ਹੁੰਦਾ ਹੈ। ਪੀਅਰੇ ਪੋਲੀਵੀਅਰੇ ਵਾਹਦ ਇੱਕੋ ਇੱਕ ਉਮੀਦਵਾਰ ਜੋ ਇਸ ਮਹਰਲੇ ਉੱਤੇ ਵੀ ਬਾਕੀਆਂ ਨਾਲੋਂ ਕਿਤੇ ਅੱਗੇ ਹੈ। ਨੈਸ਼ਨਲ ਪੋਸਟ ਦੀ ਇੱਕ ਰਿਪੋਰਟ ਅਨੁਸਾਰ ਉਸ ਕੱਲੇ' ਨੇ ਅਪਰੈਲ, ਮਈ ਅਤੇ ਜੂਨ ਮਹੀਨਿਆਂ ਵਿੱਚ ਐਨਾ ਫੰਡ ਰੇਜ਼ ਕੀਤਾ ਹੈ ਜਿੰਨਾ ਬਾਕੀ ਸਾਰੇ ਲੀਡਰਸ਼ਿੱਪ ਰੇਸ ਦੇ ਉਮੀਦਵਾਰਾਂ ਨੇ ਕੁੱਲ ਮਿਲਾ ਕੇ ਨਹੀਂ ਕੀਤਾ। ਉਸਨੇ ਅਪਰੈਲ, ਮਈ ਅਤੇ ਜੂਨ ਦੇ ਛੋਟੇ ਜਿਹੇ ਅਰਸੇ ਵਿੱਚ 4 ਮਿਲੀਅਨ ਡਾਲਰ ਫੰਡ ਰੇਜ਼ ਕੀਤਾ ਹੈ। ਉਸਦੀ ਲੀਡਰਸ਼ਿੱਪ ਕੰਪੇਨ ਕੋਲ ਹੁਣ ਤੱਕ ਸਵਾ ਚਾਰ ਮਿਲੀਅਨ ਡਾਲਰ ਤੋਂ ਵੱਧ ਫੰਡ ਜਮਾਂ ਹੋ ਚੁੱਕੇ ਹਨ। ਇੱਕਲੀ ਫੰਡ ਦੀ ਮਾਤਰਾ ਹੀ ਨਹੀਂ ਸਗੋਂ ਉਸਨੂੰ ਫੰਡ ਦੇਣ ਵਾਲੇ ਦਾਨੀਆਂ ਦਾ ਆਧਾਰ ਵੀ ਬਹੁਤ ਮੋਕਲਾ ਹੈ। ਪੀਅਰੇ ਪੋਲੀਵੀਅਰੇ ਨੂੰ ਡੋਨੇਸ਼ਨ ਦੇਣ ਵਾਲੇ ਕੰਜ਼ਰਵੇਟਿਵਾਂ ਮੈਂਬਰਾਂ ਦੀ ਗਿਣਤੀ 36,804 ਹੈ। ਇਸਦੇ ਮੁਕਾਬਲੇ ਬਾਕੀ ਚਾਰੇ ਉਮੀਦਵਾਰਾਂ ਨੂੰ ਫੰਡ ਦੇਣ ਵਾਲਿਆਂ ਦੀ ਗਿਣਤੀ ਮਹਿਜ਼ 14966 ਹੈ। ਪੀਅਰੇ ਨੂੰ 62 ਐਮ ਪੀਆਂ, 7 ਸੀਨੇਟਰਾਂ, 35 ਪ੍ਰੋਵਿੰਸ਼ੀਅਲ ਲੀਡਰਾਂ ਅਤੇ 19 ਸਾਬਕਾ ਐਮ ਪੀਆਂ ਨੇ ਐਂਡਰੋਸ ਕੀਤਾ ਹੈ। ਉਸਨੂੰ ਐਂਡਰੋਸਮੈਂਟ ਕਰਨ ਵਾਲਿਆਂ ਦੀ ਗਿਣਤੀ ਵੀ ਬਾਕੀ ਸਾਰਿਆਂ ਦੇ ਕੁੱਲ ਜੋੜ ਨਾਲੋਂ ਵੱਧ ਹੈ।

ਅਗਲੀਆਂ ਚੋਣਾਂ ਵਿੱਚ ਕੰਜ਼ਰਵੇਟਿਵਾਂ ਦਾ ਲੀਡਰ ਬਣ ਕੇ ਕੌਣ ਲਿਬਰਲਾਂ ਦਾ ਮੁਕਾਬਲਾ ਕਰੇਗਾ, ਇਹ ਹਾਲੇ ਦੂਰ ਦੀ ਗੱਲ ਹੈ। ਪਾਰਟੀ ਦੇ ਪੌਣੇ ਸੱਤ ਲੱਖ ਦੇ ਕਰੀਬ ਮੈਂਬਰ ਵੋਟ ਪਾਉਣ ਦੇ ਯੋਗ ਹਨ ਜਿਹਨਾਂ ਵਿੱਚੋਂ ਇੱਕ ਲੱਖ ਦੇ ਕਰੀਬ ਨੇ ਆਪਣੀ ਪਸੰਦ ਦੱਸ ਕੇ ਬੈਲਟ ਵਾਪਸ ਭੇਜ ਵੀ ਦਿੱਤੇ ਹਨ। ਪਾਰਟੀ ਵੱਲੋਂ ਮੈਂਬਰਾਂ ਨੂੰ ਹਦਾਇਤਾਂ ਭੇਜੀਆਂ ਗਈਆਂ ਹਨ ਕਿ ਉਹ ਪਹਿਲੀ, ਦੂਜੀ, ਤੀਜੀ, ਚੌਥੀ ਜਾਂ ਪੰਜਵੀਂ ਪਹਿਲ ਨੂੰ ਜ਼ਾਹਰ ਕਰਕੇ ਆਪਣਾ ਬੈਲਟ ਪਾਰਟੀ ਹੈਡਕੁਆਰਟਰ ਵਿੱਚ 6 ਸਤੰਬਰ ਤੱਕ ਭੇਜਣ। ਇਹਨਾਂ ਮਿਲੇ ਬੈਲਟਾਂ ਦੀ ਗਿਣਤੀ ਮਿਣਤੀ 10 ਸਤੰਬਰ ਨੂੰ ਲੀਡਰ ਚੁਣੇ ਜਾਣ ਲਈ ਵਰਤੀ ਜਾਵੇਗੀ। ਉਮੀਦ ਕੀਤੀ ਜਾਣੀ ਚਾਹੀਦੀ ਹੈ ਕਿ 45 ਤੋਂ 50% ਮੈਂਬਰ ਆਪਣੇ ਬੈਲਟ ਜਰੂਰ ਭੇਜਣਗੇ।

ਸਟੀਫਨ ਹਾਰਪਰ ਦੀ 2015 ਦੀਆਂ ਚੋਣਾਂ ਵਿੱਚ ਹਾਰ ਤੋਂ ਬਾਅਦ ਫੈਡਰਲ ਕੰਜ਼ਰਵੇਟਿਵ ਪਾਰਟੀ ਨੂੰ ਕੋਈ ਅਜਿਹਾ ਲੀਡਰ ਨਹੀਂ ਲੱਭਿਆ ਜੋ ਜਿੱਤਣ ਵਾਲੀ ਰੇਸ ਦਾ ਘੋੜਾ ਸਾਬਤ ਹੋ ਸਕਦਾ। 2019 ਅਤੇ 2021 ਦੀਆਂ ਫੈਡਰਲ ਚੋਣਾਂ ਵਿੱਚ ਕਰਮਵਾਰ 34.34% ਅਤੇ 33.74% ਵੋਟਾਂ ਲੈ ਕੇ ਪ੍ਰਤੀਸ਼ਤਤਾ ਦੇ ਹਿਸਾਬ ਨਾਲ ਕੰਜ਼ਰਵੇਟਿਵਾਂ ਨੇ ਲਿਬਰਲਾਂ ਨੂੰ ਵੀ ਮਾਤ ਕੀਤਾ ਸੀ। ਇਸਦੇ ਬਾਵਜੂਦ ਸੀਟਾਂ ਜਿੱਤਣ ਦੇ ਮਾਮਲੇ ਵਿੱਚ ਕੰਜ਼ਰਵੇਟਿਵ ਪਾਰਟੀ ਦੀ 'ਫੌਜ ਜਿੱਤ ਕੇ ਵੀ ਹਾਰਦੀ' ਰਹੀ ਹੈ। ਅਰਥਾਤ ਬਹੁਮਤ ਵੋਟਾਂ ਮਿਲੀਆਂ ਪਰ ਬਹੁਮਤ ਸਰਕਾਰ ਨਾ ਮਿਲੀ ਜਿਸਦਾ ਇੱਕੋ ਇੱਕ ਕਾਰਣ ਅਸਰਦਾਰ ਲੀਡਰ ਦੀ ਅਣਹੋਂਦ ਸੀ। 2019 ਵਿੱਚ ਐਂਡਰੀਊ ਸ਼ੀਅਰ ਅਤੇ 2021 ਵਿੱਚ ਐਰਿਨ ਓ ਟੂਲ ਪ੍ਰਭਾਵਹੀਣ ਲੀਡਰ ਸਾਬਤ ਹੋਏ। ਜੋ ਭਰੋਸਾ ਹੁਣ ਤੱਕ ਕੰਜ਼ਰਵੇਟਿਵ ਮੈਂਬਰਾਂ ਵੱਲੋਂ ਪੀਅਰੇ ਪੋਲੀਵੀਅਰੇ ਵਿੱਚ ਵਿਖਾਇਆ ਜਾ ਰਿਹਾ ਹੈ, ਉਸਤੋਂ ਜਿੱਥੇ ਕੰਜ਼ਰਵੇਟਿਵ ਇੱਕ ਆਸ ਦੀ ਕਿਰਣ ਵੇਖ ਰਹੇ ਹਨ, ਉੱਥੇ ਲਿਬਰਲ ਇਸ ਵਰਤਾਰੇ ਨੂੰ ਗੰਭੀਰਤਾ ਨਾਲ ਵਾਚ ਕਰ ਰਹੇ ਹਨ।

# ਪਨਗ੍ਰੇਨ ਵਿੱਚ ਕਰੋੜਾਂ ਰੁਪਏ ਦੇ ਕਣਕ ਘੁਟਾਲੇ ਦਾ ਪਰਦਾ ਫਾਸ਼

## * 33,549 ਬੋਰੀਆਂ ਕਣਕ ਦੀਆਂ ਗਾਇਬ ਨਿਕਲੀਆਂ *
## ਅੱਧੀ ਦਰਜਨ ਦੇ ਕਰੀਬ ਅਫਸਰਾਂ ਉੱਤੇ ਕੇਸ ਦਰਜ

ਫ਼ਿਰੋਜ਼ਪੁਰ, 4 ਅਗਸਤ (ਪੋਸਟ ਬਿਊਰੋ)- ਪੰਜਾਬ ਸਰਕਾਰ ਦੀ ਖ਼ਰੀਦ ਏਜੰਸੀ ਪਨਗ੍ਰੇਨ ਦੇ ਫ਼ਿਰੋਜ਼ਪੁਰ ਵਿਚਲੇ ਵੱਖ-ਵੱਖ ਗੁਦਾਮਾਂ ਵਿੱਚੋਂ ਕਰੋੜਾਂ ਰੁਪਏ ਮੁੱਲ ਦੇ ਕਣਕ ਘੁਟਾਲੇ ਦੀ ਜਾਂਚ ਪਿੱਛੋਂ ਕਰੀਬ 33,549 ਬੋਰੀਆਂ ਘੱਟ ਨਿਕਲਣ ਦੇ ਬਾਅਦ ਅੱਧੀ ਦਰਜਨ ਅਫਸਰਾਂ ਖ਼ਿਲਾਫ਼ ਥਾਣਾ ਸਿਟੀ ਫ਼ਿਰੋਜ਼ਪੁਰ ਵਿੱਚ ਤਿੰਨ ਕੇਸ ਦਰਜ ਕੀਤੇ ਗਏ ਹਨ।

ਮਿਲੀ ਜਾਣਕਾਰੀ ਅਨੁਸਾਰ ਪਨਗ੍ਰੇਨ ਦੇ ਇੰਸਪੈਕਟਰ ਦੇ ਅਹੁਦੇ ਵਾਲੇ ਅਧਿਕਾਰੀ ਨੇ ਤਿੰਨ ਕਰੋੜ 9 ਲੱਖ ਰੁਪਏ ਦਾ ਅਨਾਜ ਖ਼ੁਰਦ-ਬੁਰਦ ਕੀਤਾ ਹੋਣ ਦਾ ਭੇਦ ਖੋਲ੍ਹ ਹੈ। ਫ਼ਿਰੋਜ਼ਪੁਰ ਡਵੀਜ਼ਨ ਦੇ ਪਨਗ੍ਰੇਨ ਦੇ ਡਿਪਟੀ ਡਾਇਰੈਕਟਰ ਨੇ ਪੁਲਸ ਨੂੰ ਲਿਖਤੀ ਸ਼ਿਕਾਇਤ ਕੀਤੀ ਕਿ ਫ਼ਿਰੋਜ਼ਪੁਰ ਸ਼ਹਿਰ ਦੀ ਬਰਾਡਰ ਰੋਡ ਉੱਤੇ ਮੈਸਰਜ਼ ਬੇਦੀ ਕਵਰਡ ਗੁਦਾਮ ਵਿੱਚ ਪੜਤਾਲ ਦੌਰਾਨ 10,364 ਬੋਰੀਆਂ (50 ਕਿੱਲੋ) ਵਜ਼ਨੀ 5182 ਕੁਇੰਟਲ ਅਤੇ ਸਟੇਟ ਪੂਲ ਦੀ ਕਣਕ ਦੇ ਸਟਾਕ ਵਿੱਚ 16,389 ਬੋਰੀਆਂ (30 ਕਿੱਲੋ), ਜਿਸ ਦੀ ਅੰਦਾਜ਼ਨ ਕੀਮਤ ਦੋ ਕਰੋੜ 13 ਲੱਖ ਰੁਪਏ ਬਣਦੀ ਹੈ ਅਤੇ ਮੈਸਰਜ਼ ਲਵਕੇਸ ਸਚਦੇਵਾ ਐਂਡ ਜੁਗਿੰਦਰ ਸਿੰਘ ਚੈਂਬਰ ਨੰਬਰ 2, ਕਵਰਡ ਗੁਦਾਮ ਨੇੜੇ ਮੱਛੀ ਮੰਡੀ ਫ਼ਿਰੋਜ਼ਪੁਰ ਸ਼ਹਿਰ ਦੀ ਜਾਂਚ ਦੌਰਾਨ 6176 ਬੋਰੀਆਂ (50 ਕਿੱਲੋ) ਵਜਨੀ 3088 ਕੁਇੰਟਲ, ਜਿਸ ਦੀ ਅੰਦਾਜ਼ਨ ਕੀਮਤ 71 ਲੱਖ 15 ਹਜ਼ਾਰ ਰੁਪਏ ਹੈ, ਦੀ ਘਾਟ ਨਿਕਲੀ ਹੈ। ਇਸੇ ਤਰ੍ਹਾਂ ਬਾਰਡਰ ਰੋਡ ਫ਼ਿਰੋਜ਼ਪੁਰ ਸ਼ਹਿਰ ਦੇ ਮੈਸਰਜ਼ ਚਾਵਲਾ ਕਵਰਡ ਗੁਦਾਮ ਦੀ ਜਾਂਚ ਦੌਰਾਨ 620 ਬੋਰੀਆਂ (50 ਕਿੱਲੋ) ਵਜਨੀ 310 ਕੁਇੰਟਲ ਦਾ ਘਾਟ ਲੱਭੀ ਹੈ, ਜਿਸ ਦੀ ਅੰਦਾਜ਼ਨ ਕੀਮਤ 7 ਲੱਖ 15 ਹਜ਼ਾਰ ਰੁਪਏ ਹੈ। ਡੀ ਐੱਸ ਪੀ ਸਿਟੀ ਸੁਰਿੰਦਰ ਪਾਲ ਬਾਂਸਲ ਨੇ ਦੱਸਿਆ ਕਿ ਡਿਪਟੀ ਡਾਇਰੈਕਟਰ ਫ਼ੀਲਡ ਖ਼ੁਰਾਕ ਸਿਵਲ ਸਪਲਾਈ ਫ਼ਿਰੋਜ਼ਪੁਰ ਡਵੀਜ਼ਨ ਕਮ ਜ਼ਿਲ੍ਹਾ ਮੈਨੇਜਰ ਪਨਗ੍ਰੇਨ ਫ਼ਿਰੋਜ਼ਪੁਰ ਦੀ ਸ਼ਿਕਾਇ ਉੱਤੇ ਹੰਸ ਰਾਜ ਪੁੱਤਰ ਮਿੱਠੂ ਰਾਮ ਇੰਸਪੈਕਟਰ ਇੰਚਾਰਜ, ਗੁਲਾਬ ਸਿੰਘ ਪੁੱਤਰ ਜੱਗਾ ਸਿੰਘ, ਬਲਜੀਤ ਰਾਮ ਪੁੱਤਰ ਬੋਹੜਾ ਰਾਮ, ਯਾਦਵਿੰਦਰ ਸਿੰਘ ਪੁੱਤਰ ਗੁਰਜੰਟ ਸਿੰਘ, ਹੰਸ ਰਾਜ ਪੁੱਤਰ ਪਿਆਰਾ ਸਿੰਘ ਅਤੇ ਬਾਜ ਚੰਦ ਪੁੱਤਰ ਮੁਨਸ਼ੀ ਰਾਮ ਸਾਰੇ ਇੰਸਪੈਕਟਰਾਂ ਉੱਤੇ ਤਿੰਨ ਕੇਸ ਦਰਜ ਕੀਤੇ ਗਏ ਅਤੇ ਦੋਸ਼ੀਆਂ ਦੀ ਗ੍ਰਿਫ਼ਤਾਰੀ ਲਈ ਛਾਪੇਮਾਰੀ ਕੀਤੀ ਜਾ ਰਹੀ ਹੈ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| **Founder Editor** | Jagdish Singh Grewal |
| **Managing Director** | Parminder Kaur Grewal |
| **Contributing Editors** | **Gyan Singh,** |
| **Office Admin** | **Sajandeep Singh** |
| **Graphic Designer** | **Angrez Singh**<br>**Komal Matharu** |
| **Photographer** | Kanwaljit Singh Kanwal |
| **Distributer**<br>**Marketing:** | **Bhupinder Dhillon**<br>**Sajandeep Singh** |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

# ਕਲੀਵਵਿਊ ਸੀਨੀਅਰਜ਼ ਕਲੱਬ ਦੀ ਅਲਡਰੈਡੋ ਪਾਰਕ ਵਿਚ ਬੜੀ ਸਫ਼ਲ ਪਿਕਨਿਕ



ਬਰੈਂਪਟਨ: (ਡਾ ਬਲਜਿੰਦਰ ਸਿੰਘ ਸੇਖੋਂ)ਬੀਤੇ ਮੰਗਲਵਾਰਬਰੈਂਪਟਨ ਦੇ ਕਲੀਵਵਿਊ ਸੀਨੀਅਰਜ਼ ਕਲੱਬ ਵਲੋਂ ਅਲਡਰੈਡੋਪਾਰਕ ਵਿਚ ਪਿਕਨਿਕਦਾ ਪ੍ਰਬੰਧਕੀਤਾ ਗਿਆ ਜਿਸ ਵਿਚ ਸਾਰੇ ਮੈਂਬਰਾਂ ਨੇ ਖ਼ੂਬ ਆਨੰਦ ਮਾਣਿਆਂ। ਸ਼ਾਮਿਲ ਔਰਤਾਂ ਨੇ ਇਸ ਮੌਕੇ ਨੂੰ ਤੀਆਂ ਦਾ ਰੂਪ ਦੇ ਲਿਆ ਅਤੇ ਇਸ ਖੁਲ੍ਹੇ ਮੈਦਾਨ ਵਿਚ ਰੱਜ ਕੇ ਬੋਲੀਆਂ ਪਾਈਆਂ ਅਤੇ ਗਿੱਧਾ ਪਾਇਆ।

ਕਲੀਵਵਿਊ ਤੋਂ ਅਲਡਰੈਡੋ ਕੋਈ ਚਾਰ ਕੁ ਕਿਲੋਮੀਟਰ ਹੋਣ ਕਾਰਨ, ਜਿਨ੍ਹਾਂ ਮੈਂਬਰਾਂ ਕੋਲ ਜਾਣ ਦਾ ਸਾਧਨ ਨਹੀਂ ਸੀ, ਲਈ ਵਿਸ਼ੇਸ਼ ਤੌਰ ਤੇ ਕੁਝ ਮੈਂਬਰਾਂ ਨੇ ਇਸ ਵਿਚ ਸਹਾਇਤਾ ਕੀਤੀ ਅਤੇ ਉਨ੍ਹਾਂ ਨੂੰ ਪਾਰਕ ਤੱਕ ਪਹੁੰਚਾਇਆ। ਬਰੈਂਪਟਨ ਦਾ ਅਲਡਰੈਡੋ ਪਾਰਕ ਬੜਾ ਰਮਣੀਕ ਸਥਾਨ ਹੈ, ਵੰਨ ਸਵੰਨੇ ਦਰੱਖਤਾਂ ਦੇ ਨਾਲ ਨਾਲ ਇਸ ਵਿਚੋ ਦੀ ਕਲ ਕਲ ਕਰਦਾ ਕਰੈਡਿਟ ਦਰਿਆ ਵਗਦਾ ਹੈ। ਵੱਖ ਵੱਖ ਗਰੁੱਪਾਂ ਵਿਚ ਮੈਂਬਰ ਇਸ ਦੇ ਆਲੇ ਦੁਆਲੇ ਦੇ ਸੰਘਣੇ ਜੰਗਲ ਅਤੇ ਦਰਿਆ ਦੇ ਦ੍ਰਿਸ਼ਾਂ ਦਾ ਅਨੰਦ ਮਾਣਦੇ ਰਹੇ। ਕੁਝ ਮੈਂਬਰਾਂ ਨੂੰ ਇਹ ਬੜਾ ਅਜੀਬ ਲੱਗਿਆ ਕਿ ਵੱਡੇ ਵੱਡੇ ਦਰੱਖਤ ਜੰਗਲ ਵਿਚ ਡਿੱਗੇ ਹੋਏ ਹਨ, ਪਰ ਉਨ੍ਹਾਂ ਨੂੰ ਉਸੇ ਥਾਂ ਹੀ ਕੁਦਰਤ ਦੇ ਹਵਾਲੇ ਕੀਤਾ ਹੋਇਆ ਹੈ, ਲੱਕੜ ਵਰਤਣ ਦੀ ਨੀਤੀ ਨਾਲ ਵੱਢ ਟੁੱਕ ਕੇ ਜੰਗਲ ਵਿਚੋਂ ਬਾਹਰ ਨਹੀਂ ਕੀਤਾ ਗਿਆ, ਇਹ ਹੌਲੀ ਹੌਲੀ ਕੁਦਰਤੀ ਜੀਵਾਂ ਦੀ ਖ਼ੁਰਾਕ ਬਣ ਕੇ ਮਿੱਟੀ ਵਿਚ ਰਲ ਰਹੇ ਹਨ। ਇਹੋ ਕਨੇਡਾ ਦਾ ਕੁਦਰਤੀ ਤਰੀਕੇ ਨਾਲ ਜੰਗਲ ਦੇ ਰੱਖ ਰੱਖਾਵ ਦਾ ਤਰੀਕਾ ਹੈ। ਪਿਕਨਿਕ ਦੇ ਸ਼ੁਰੂ ਹੋਣ ਤੋਂ ਆਖੀਰ ਤੱਕ ਖਾਣ ਪੀਣ ਚਲਦਾ ਰਿਹਾ। ਇਸ ਵਾਰ ਕੁਝ ਮੈਂਬਰਾਂ ਦੇ ਸੁਝਾਅ ਤੇ ਗਰਮਾ ਗਰਮ ਚਾਹ ਪਿਕਨਿਕ ਵਾਲੀ ਥਾਂ ਤੇ ਹੀ ਬਣਾਈ ਅਤੇ ਵਰਤਾਈ ਗਈ। ਪਾਰਕ ਵਿਚ ਵੱਖ ਵੱਖ ਥਾਂਈਂ ਬੈਠਣ ਲਈ ਬੈਂਚ ਰੱਖੇ ਹੋਏ ਹਨ, ਜੋ ਬੈਠਣ, ਚਾਹ ਜਾਂ ਖਾਣਾ ਲਾਉਣ ਲਈ ਵਾਧੂ ਸਨ, ਇਨ੍ਹਾਂ ਨਾਲ ਕਾਫੀ ਸੌਖ ਮਹਿਸੂਸ ਹੋਈ। ਪਿਕਨਿਕ ਲਈ ਇਸ ਦਿਨ ਮੌਸਮ ਵੀ ਬੜਾ ਵਧੀਆ ਰਿਹਾ। ਕਲੱਬ ਦੇ ਸਰਪ੍ਰਸਤ ਕਰਨਲ ਗੁਰਮੇਲ ਸਿੰਘ ਸੋਹੀ ਨੇ ਬਿੰਗੋ ਖੇਡ ਵਿਚ ਮੋਢੀ ਰੋਲ ਨਿਭਾਇਆ, ਜਿਸ ਦਾ ਸਾਰੀਆਂ ਔਰਤ ਮੈਂਬਰਾਂ ਨੇ ਖ਼ੂਬ ਅਨੰਦ ਮਾਣਿਆਂ। ਪਿਕਨਿਕ ਦੇ ਸ਼ੁਰੂ ਅਤੇ ਅਖੀਰ ਵਿਚ ਤੀਆਂ ਦਾ ਮਾਹੌਲ ਛਾਇਆ ਰਿਹਾ ਜਿਸ ਵਿਚ ਬਹੁਤ ਸਾਰੀਆਂ ਔਰਤਾਂ ਜਿਨ੍ਹਾਂ ਵਿਚ ਕਿਰਨ, ਪੂਨਮ, ਮਨਜੀਤ, ਦਵਿੰਦਰ, ਹਰਜਿੰਦਰ, ਭੁਪਿੰਦਰ ਸ਼ਾਮਿਲ ਸਨ, ਨੇ ਪੰਜਾਬ ਦੇ ਪੁਰਾਣੇ ਸਭਿਆਚਾਰ ਨਾਲ ਜੁੜੀਆਂ ਬੋਲੀਆਂ ਪਾ ਕੇ ਰੰਗ ਬੰਨਿਆਂ ਅਤੇ ਖ਼ੂਬ ਗਿੱਧਾ ਪਾਇਆ। ਮਨੋਰੰਜਨ ਪ੍ਰੋਗਰਾਮ ਵਿਚ ਸੁਖਵਿੰਦਰ ਜੀਤ, ਖਾਣ ਪੀਣ ਦੇ ਪ੍ਰਬੰਧ ਵਿਚ ਮਿਸਟਰ ਜੇ, ਮਨਜੀਤ, ਹਰਜਿੰਦਰ, ਵਿਨੋਦ ਕਪਾਈ ਅਤੇ ਰਾਕੇਸ਼ ਜੈਨ ਦਾ ਵਿਸ਼ੇਸ਼ ਯੋਗਦਾਨ ਰਿਹਾ। ਪ੍ਰੋਗਰਾਮ ਨੂੰ ਨੇਪਰੇ ਚਾੜ੍ਹਨ ਵਿਚ ਕਲੱਬ ਦੇ ਜਨਰਲ ਸਕੱਤਰ ਤਰਲੋਚਨ ਸਿੰਘ ਬਡਵਾਲ ਨੇ ਪ੍ਰਮੁੱਖ ਭੂਮਿਕਾ ਨਿਭਾਈ। ਦੂਸਰੇਮੈਂਬਰਾਂ ਨੇ ਰੱਲ ਮਿਲ ਕੇ ਲੋੜੀਂਦੇ ਕੰਮਾਂ ਨੂੰ ਨੇਪਰੇ ਚਾੜ੍ਹਿਆ। ਕਲੱਬ ਦੇ ਪ੍ਰਧਾਨ ਡਾ ਬਲਜਿੰਦਰ ਸੇਖੋਂ ਵਲੋਂ ਸਭ ਦਾ ਧੰਨਵਾਦ ਕੀਤਾ ਗਿਆ ਅਤੇ ਛੇਤੀ ਹੀ ਇੱਕ ਹੋਰ ਪ੍ਰੋਗਰਾਮ ਦੀ ਉਮੀਦ ਨਾਲ ਇਹ ਪਿਕਨਿਕ ਦੀ ਸਮਾਪਤੀ ਹੋਈ। ਕਲੱਬ ਬਾਰੇ ਹੋਰ ਜਾਣਕਾਰੀ ਲਈ ਤਰਲੋਚਨ ਸਿੰਘ ਬਡਵਾਲ (647 960 9841) ਨਾਲ ਸੰਪਰਕ ਕੀਤਾ ਜਾ ਸਕਦਾ ਹੈ।

# ਸਾਊਥਲੇਕ ਸੀਨੀਅਰਜ਼ ਕਲੱਬ ਨੇ ਮਨਾਇਆ 'ਕੈਨੇਡਾ ਮਲਟੀਕਰਚਰਲ ਡੇਅ'
















ਬਰੈਂਪਟਨ, (ਡਾ. ਝੰਡ) - ਲੰਘੇ ਸ਼ਨੀਵਾਰ 23 ਜੁਲਾਈ ਨੂੰ ਬਰੈਂਪਟਨ ਦੀ ਸਾਊਥਲੇਕ ਸੀਨੀਅਰਜ਼ ਕਲੱਬ ਵੱਲੋਂ ਸੈਂਚਰੀ ਗਾਰਡਨ ਰੀਕਰੀਏਸ਼ਨ ਸੈਂਟਰ ਵਿਖੇ ਕੈਨੇਡਾ ਮਲਟੀਕਲਚਰਲ ਡੇਅ ਦੇ ਸਬੰਧ ਵਿਚ ਸ਼ਾਨਦਾਰ ਪਲੇਠੇ ਸਮਾਗਮ ਦਾ ਆਯੋਜਨ ਕੀਤਾ ਗਿਆ। ਇਸ ਵਿਚ ਪੰਜਾਬੀ, ਗੁਜਰਾਤੀ, ਮੁਸਲਿਮ, ਵੈਸਟ ਇੰਡੀਅਨ ਤੇ ਹੋਰ ਕਮਿਊਨਿਟੀਆਂ ਵੱਲੋਂ 300 ਤੋਂ ਵਧੀਕ ਗਿਣਤੀ ਵਿਚ ਸ਼ਮੂਲੀਅਤ ਕੀਤੀ ਗਈ। ਸਮਾਗਮ ਦੀ ਸ਼ੁਰੂਆਤ ਕੈਨੇਡਾ ਦੇ ਰਾਸ਼ਟਰੀ ਗੀਤ 'ਓ ਕੈਨੇਡਾ ਦੇ ਗਾਇਨ ਨਾਲ ਕੀਤੀ ਗਈ। ਉਪਰੰਤ, ਬਰੈਂਪਟਨ ਦੇ ਮੇਅਰ ਪੈਟਰਿਕ ਬਰਾਊਨ ਅਤੇ ਕਲੱਬ ਦੇ ਪ੍ਰਧਾਨ ਗਿਆਨ ਪਾਲ ਨੇ ਇਸ ਪ੍ਰੋਗਰਾਮ ਨੂੰ ਰਸਮੀ ਤੌਰ 'ਤੇ ਬਾਕਾਇਦਾ ਆਰੰਭ ਕੀਤਾ। ਇਸ ਮੌਕੇ ਬੋਲਦਿਆਂ ਪੈਟਰਿਕ ਬਰਾਊਨ ਨੇ ਕਿਹਾ ਕਿ ਉਨਾਂ ਨੂੰ ਬਰੈਂਪਟਨ ਧੀਊਂ ਵੱਖ-ਵੱਖ ਕਮਿਊਨਿਟੀਆਂ ਦੇ ਲੋਕਾਂ ਨੂੰ ਇਹ ਸਮਾਗਮ ਏਨੀ ਵੱਡੀ ਗਿਣਤੀ ਵਿਚ ਇਕੱਠੇ ਹੋ ਕੇ ਮਨਾਉਂਦਿਆਂ ਵੇਖ ਕੇ ਬੜੀ ਪ੍ਰਸੰਨਤਾ ਹੋਈ ਹੈ ਅਤੇ ਇਸ ਤੋਂ ਪਹਿਲਾਂ ਮੈਂ ਸਾਇਦ ਹੀ ਅਜਿਹਾ ਏਡਾ ਵੱਡਾ ਸਮਾਗਮ ਵੇਖਿਆ ਹੋਵੇ। ਉਨ੍ਹਾਂ ਨੇ ਆਉਂਦੇ ਸਮੇਂ ਵਿਚ ਕਲੱਬ ਨੂੰ ਇਸ ਤਰ੍ਹਾਂ ਦੇ ਸਮਾਗ਼ਮ ਮਨਾਉਣ ਲਈ ਹਰ ਤਰ੍ਹਾਂ ਦੇ ਸਹਿਯੋਗ ਦਾ ਭਰੋਸਾ ਦਿਵਾਇਆ। ਕਲੱਬ ਦੇ ਪ੍ਰਧਾਨ ਗਿਆਨ ਪਾਲ ਨੇ ਆਪਣੇ ਸੰਬੋਧਨ ਵਿਚ ਕਿਹਾ ਕਿ ਬਰੈਂਪਟਨ ਵਿਚ ਇਕ ਹੋਰ ਸੀਨੀਅਰਜ਼ ਕਲੱਬ ਬਨਾਉਣ ਦਾ ਮਕਸਦ ਸੀਨੀਅਰਾਂ ਨੂੰ ਦਰਪੇਸ਼ ਮਸਲਿਆਂ ਇਕੱਲਤਾ, ਸਿਹਤ ਸਬੰਧੀ ਜਾਗਰੂਕਤਾ, ਪਰਿਵਾਰਿਕ ਅਤੇ ਹੋਰਨਾਂ ਮਸਲਿਆਂ ਬਾਰੇ ਸਾਂਝੇ ਤੌਰ 'ਤੇ ਵਿਚਾਰ ਵਟਾਂਦਰਾ ਕਰਕੇ ਉਨ੍ਹਾਂ ਦੇ ਯੋਗ ਹੱਲ ਲੱਭਣਾ ਹੈ। ਉਨ੍ਹਾਂ ਨੇ ਹੋਰ ਕਿਹਾ ਕਿ ਇਸ ਸਬੰਧੀ ਕਲੱਬ ਵੱਲੋਂ ਆਉਂਦੇ ਮਹੀਨਿਆਂ ਵਿਚ ਸੈਮੀਨਾਰ ਆਯੋਜਿਤ ਕੀਤੇ ਜਾਣਗੇ ਜਿਨ੍ਹਾਂ ਵਿਚ ਵੱਖ-ਵੱਖ ਪਰਿਵਾਰਿਕ ਵਿਸ਼ਿਆਂ ਦੇ ਮਾਹਿਰਾਂ ਨੂੰ ਸੰਬੋਧਨ ਕਰਨ ਲਈ ਸੱਦੇ ਦਿੱਤੇ ਜਾਣਗੇ। ਸਮਾਗਮ ਵਿਚ ਕਈ ਰਾਜਨੀਤਕ ਸ਼ਖਸੀਅਤਾ ਨੇ ਵੀ ਆਪਣੀ ਭਰਪੂਰ ਹਾਜਰੀ ਲੁਆਈ ਜਿਨਾਂ ਵਿਚ ਬਰੈਂਪਟਨ ਨੌਰਥ ਦੀ ਪਾਰਲੀਮੈਂਟ ਮੈਂਬਰ ਰੂਬੀ ਸਹੋਤਾ, ਬਰੈਂਪਟਨ ਈਸਟ ਦੇ ਐੱਮ.ਪੀ.ਪੀ. ਹਰਦੀਪ ਗਰੇਵਾਲ, ਬਰੈਂਪਟਨ ਵੈੱਸਟ ਦੇ ਐੱਮ.ਪੀ.ਪੀ. ਅਮਰਜੋਤ ਸੰਧੂ, ਵਾਰਡ ਨੰਬਰ 1 ਤੋਂ 5 ਦੇ ਰੀਜਨਲ . ਕੌਂਸਲਰ ਪਾਲ ਵੇਸੈਟੇ ਅਤੇ ਸਿਟੀ ਕੌਂਸਲਰ ਰੋਵੇ ਸੰਤੋਸ਼ ਸ਼ਾਮਲ ਸਨ। ਉਨ੍ਹਾਂ ਦੇ ਵੱਲੋਂ ਕਲੱਬ ਨੂੰ ਭਰਪੂਰ ਸ਼ੁੱਭ-ਇੱਛਾਵਾਂ ਦਿੱਤੀਆਂ ਗਈਆਂ ਅਤੇ ਭਵਿੱਖ ਵਿਚ ਹਰ ਪ੍ਰਕਾਰ ਦੇ ਸਹਿਯੋਗ ਦੀ ਯਾਚਨਾ ਕੀਤੀ ਗਈ। ਪ੍ਰੋਗਰਾਮ ਦੇ ਅਖੀਰ ਵੱਲ ਵੱਧਦਿਆਂ ਬਰੈਂਪਟਨ ਸੈਂਟਰ ਦੇ ਮੈਂਬਰ ਪਾਰਲੀਮੈਂਟ ਸ਼ਫਾਕਤ ਅਲੀ ਵੱਲੋਂ ਵੀ ਸ਼ਰਿਕਤ ਕੀਤੀ ਗਈ। ਆਪਣੇ ਸੰਬੋਧਨ ਵਿਚ ਉਨ੍ਹਾਂ ਨੇ ਸੀਨੀਅਰਾਂ ਦੀ ਕਾਫੀ ਹੌਸਲਾ-ਅਫਜਾਈ ਕੀਤੀ ਅਤੇ ਕਿਹਾ ਕਿ ਉਹ ਜਲਦੀ ਹੀ ਸੀਨੀਅਰਾਂ ਦੇ ਮਸਲਿਆਂ ਬਾਰੇ ਸੀਨੀਅਰਜ਼ ਮੰਤਰਾਲੇ ਦੀ ਮੰਤਰੀ ਮਾਣਯੋਗ ਕਮਲ ਖਹਿਰਾ ਨਾਲ ਮੀਟਿੰਗ ਕਰਨਗੇ ਅਤੇ ਇਨ੍ਹਾਂ ਦੇ ਹੱਲ ਬਾਰੇ ਉਨ੍ਹਾਂ ਨਾਲ ਵਿਚਾਰ-ਵਟਾਂਦਰਾ ਕਰਨਗੇ। ਇਸ ਦੌਰਾਨ ਗੀਤ-ਸੰਗੀਤ ਦੇ ਵੱਖ-ਵੱਖ ਰੰਗਾਂ ਨਾਲ ਸਰੋਤਿਆਂ ਦਾ ਖ਼ੂਬ ਮਨੋਰੰਜਨ ਕੀਤਾ ਗਿਆ। ਕਲਾਕਾਰ ਸਾਰੇ ਕਲੱਬ ਦੇ ਮੈਂਬਰ ਹੀ ਸਨ ਅਤੇ ਉਨ੍ਹਾਂ ਵੱਲੋਂ ਗਿੱਧਾ, ਗਰਬਾ ਤੇ ਹੋਰ ਨਾਚ-ਗਾਣਿਆਂ ਦੀਆਂ ਵੱਖ-ਵੱਖ ਵੰਨਗੀਆਂ ਪੇਸ਼ ਕੀਤੀਆਂ ਗਈਆਂ। ਰਣਬੀਰ ਚੌਹਾਨ ਤੇ ਸਲਮਾ ਜੋਸ਼ੀ ਨੇ ਬਾਲੀਵੁੱਡ ਫਿਲਮਾਂ ਦੇ ਗੀਤ ਗਾ ਕੇ ਖ਼ੂਬ ਰੰਗ ਬੰਨਿਆ। ਪ੍ਰੋਗਰਾਮ ਦਾ ਸੰਚਾਲਨ ਸ਼੍ਰੀਮਤੀ ਵਾਤਸਲਾ ਵਿਆਸ ਅਤੇ ਹਣਬੀਰ ਚੌਹਾਨ ਵੱਲੋਂ ਮਿਲ ਕੇ ਕੀਤਾ ਗਿਆ। ਅਖੀਰ ਵਿਚ ਸਾਰੇ ਬੁਲਾਰਿਆਂ, ਗਾਇਕਾਂ, ਕਲਾਕਾਰਾਂ ਤੇ ਸਮੂਹ ਮੈਂਬਰਾਂ ਦਾ ਧੰਨਵਾਦ ਕਰਦਿਆਂ ਕਲੱਬ ਦੇ ਪ੍ਰਧਾਨ ਗਿਆਨ ਪਾਲ ਨੇ ਦੱਸਿਆ ਕਿ ਇਹ ਕਲੱਬ ਗੈਰਰਾਜਸੀ, ਨਾਨ-ਪਰਾਫਿਟ, ਵਾਲੰਟੀਅਰ, ਚੈਰੀਟੇਬਲ ਸੰਸਥਾ ਹੈ ਅਤੇ ਇਹ ਬਰੈਂਪਟਨ ਸਿਟੀ ਦੇ ਨਾਲ ਅਫਿਲੀਏਟਿਡ ਹੈ। ਕਲੱਬ ਦੇ ਬੋਰਡ ਅਤੇ ਹਾਲਕਾਰ ਕਮੇਟੀ ਮੈਂਬਰਾਂ ਵਿਚ ਰਾਮ ਸਿੰਘ ਦੇਂਦ, ਸੁਖਦੇਵ ਸਿੰਘ ਬੇਦੀ, ਡਾ. ਸੁਖਦੇਵ ਸਿੰਘ ਝੰਡ, ਰਣਜੀਤਭਾਈ ਪਟੇਲ, ਅਮੀਰਭਾਈ ਭੱਟ, ਮਹੇਸ਼ਭਾਈ ਜੈਸਵਾਲ ਅਤੇ ਸ਼੍ਰੀਮਤੀ ਰੇਹਾਨਾ ਹਫੀਜ਼ ਸ਼ਾਮਲ ਹਨ। ਉਨਾਂ ਕਿਹਾ ਕਿ ਇਨ੍ਹਾਂ ਸਾਰਿਆਂ ਦੀ ਅਗਵਾਈ ਅਤੇ ਸਹਿਯੋਗ ਨਾਲ ਕਲੱਬ ਨੂੰ ਸੁਚੱਜਤਾ ਨਾਲ ਅੱਗੇ ਵਧਾਇਆ ਜਾਏਗਾ।

# ਪੁੱਤ ਵਰਗੇ ਬਲਦਾਂ ਨੂੰ..

-ਜੱਗਾ ਸਿੰਘ ਆਦਮਕੇ



ਮਨੁੱਖ ਦੇ ਜੰਗਲਾਂ ਵਿੱਚ ਨਿਵਾਸ ਦੇ ਸਮੇਂ ਤੋਂ ਵੱਖ ਵੱਖ ਤਰੀਕਿਆਂ ਨਾਲ ਜਾਨਵਰ ਉਸ ਦੇ ਸਹਿਯੋਗੀ ਰਹੇ ਹਨ। ਜਦੋਂ ਮਨੁੱਖ ਪੱਕੇ ਨਿਵਾਸ ਸਥਾਨ ਬਣਾ ਕੇ ਰਹਿਣ ਲੱਗਾ ਤਾਂ ਉਸ ਨੇ ਵੱਖ-ਵੱਖ ਉਦੇਸ਼ਾਂ ਲਈ ਜੰਗਲੀ ਜਾਨਵਰਾਂ, ਪਸ਼ੂਆਂ ਨੂੰ ਪਾਲਤੂ ਬਣਾਉਣਾ ਸ਼ੁਰੂ ਕਰ ਦਿੱਤਾ। ਇਨ੍ਹਾਂ ਨੂੰ ਉਹ ਖਾਣ, ਦੁੱਧ ਲੈਣ, ਸਵਾਰੀ ਕਰਨ ਵਰਗੇ ਉਦੇਸ਼ਾਂ ਲਈ ਵਰਤਦਾ ਸੀ।ਜਦੋਂ ਉਸ ਨੇ ਆਪਣੀਆਂ ਭੋਜਨ ਸਬੰਧੀ ਜ਼ਰੂਰਤਾਂ ਲਈ ਖੇਤੀ ਕਰਨੀ ਸ਼ੁਰੂ ਕੀਤੀ ਤਾਂ ਉਸ ਨੇ ਵਾਹੀ ਬਿਜਾਈ ਲਈ ਪਸ਼ੂਆਂ ਦਾ ਸਹਿਯੋਗ ਲੈਣਾ ਸ਼ੁਰੂ ਕੀਤਾ। ਇਸ ਤਰ੍ਹਾਂ ਮਨੁੱਖ ਦੇ ਪਾਲਤੂ ਪਸ਼ੂਆਂ ਵਿੱਚ ਦੁੱਧ ਦੇਣ ਲਈ ਗਾਂ ਮਹੱਤਵ ਪੂਰਨ ਹੈ ਅਤੇ ਗਾਂ ਦੇ ਦਿੱਤੇ ਜਾਂਦੇ ਵੱਛੇ ਖੇਤੀਬਾੜੀ ਵਿੱਚ ਬਲਦਾਂ ਦੇ ਰੂਪ ਵਿੱਚ ਕਾਫ਼ੀ ਉਪਯੋਗੀ ਰਹੇ ਹਨ।

ਪੰਜਾਬੀ ਸੱਭਿਆਚਾਰ ਵਿੱਚ ਖੇਤੀ ਦਾ ਅਹਿਮ ਸਥਾਨ ਹੈ। ਖੇਤੀ ਨਾਲ ਜੁੜੇ ਸਾਰੇ ਪੱਖ ਪੰਜਾਬੀ ਸੱਭਿਆਚਾਰ, ਪੰਜਾਬੀ ਜਨ ਜੀਵਨ ਵਿੱਚ ਮਹੱਤਵਪੂਰਨ ਸਥਾਨ ਰੱਖਦੇ ਹਨ। ਕੁਝ ਇਸੇ ਤਰ੍ਹਾਂ ਗਾਂ ਦੇ ਵੱਛੇ ਵੱਡੇ ਹੋ ਕੇ ਬਲਦ ਬਣਦੇ ਸਨ ਤੇ ਉਹ ਖੇਤੀ ਵਿੱਚ ਆਪਣਾ ਮਹੱਤਵਪੂਰਨ ਰੋਲ ਨਿਭਾਉਂਦੇ ਸਨ। ਬਲਦ ਕਿਸਾਨ ਦੇ ਮੋਢੇ ਨਾਲ ਮੋਢਾ ਲਾ ਕੇ ਕੰਮ ਕਰਦੇ ਸਨ। ਖੇਤੀ ਵਿੱਚ ਬਲਦਾਂ ਦੀ ਮਹੱਤਵਪੂਰਨ ਭੂਮਿਕਾ ਕਾਰਨ, ਉਸ ਦੇ ਖੇਤੀ ਉਤਪਾਦਨ ਲਈ ਸਹਿਯੋਗੀ ਬਣਨ ਕਾਰਨ ਕਿਸਾਨਾਂ ਦਾ ਬਲਦਾਂ ਨਾਲ ਭਾਵਨਾਤਮਕ ਲਗਾਅ ਹੋਣਾ ਲਾਜ਼ਮੀ ਹੈ। ਅਜਿਹਾ ਹੋਣ ਕਾਰਨ ਉਹ ਬਲਦਾਂ ਨੂੰ ਪੁੱਤਰਾਂ ਦਾ ਦਰਜਾ ਦੇਂਦਾ ਅਤੇ ਉਨ੍ਹਾਂ ਦੀ ਸੇਵਾ ਪਾਣੀ ਦਾ ਵੀ ਪੂਰਾ ਖਿਆਲ ਕੁਝ ਇਸ ਤਰ੍ਹਾਂ ਰੱਖਦਾ-

ਬਾਰੀਂ ਬਰਸੀਂ ਖੱਟਣ ਗਿਆ ਸੀ
ਖੱਟ ਕੇ ਲਿਆਂਦੀਆਂ ਡਲ਼ੀਆਂ
ਪੁੱਤ ਵਰਗੇ ਬਲਦਾਂ ਨੂੰ
ਪਾ ਦੇ ਬਿਸ਼ਨੀਏਂ ਗੁਆਰੇ ਦੀਆਂ ਫਲ਼ੀਆਂ।

ਬਲਦਾਂ ਨੂੰ ਸ਼ਿੰਗਾਰਨਾ, ਉਨ੍ਹਾਂ ਦੇ ਰੰਗ ਬਿਰੰਗੀਆਂ ਨੱਥਾਂ ਪਾਉਣਾ ਅਤੇ ਗਲ ਵਿੱਚ ਟੱਲੀਆਂ ਪਾਉਣਾ ਕਿਸਾਨਾਂ ਦਾ ਸ਼ੌਕ ਹੁੰਦਾ ਸੀ। ਖੇਤਾਂ ਨੂੰ ਜਾਂਦੇ, ਖੇਤਾਂ ਵਿੱਚ ਵਾਹੁੰਦੇ ਤੇ ਬੀਜਦੇ ਸਮੇਂ ਟੱਲੀਆਂ ਦੀ ਟੁੰਣਕਾਰ ਦਾ ਮਿੱਠਾ ਸੰਗੀਤ ਸੁਣਾਈ ਦਿੰਦਾ। ਮੇਲਿਆਂ ਜਾਂ ਵਿਸ਼ੇਸ਼ ਕੰਮ ਲਈ ਲੈ ਕੇ ਜਾਣ ਸਮੇਂ ਬਲਦਾਂ ਦਾ ਸ਼ਿੰਗਾਰਿਆ ਜਾਣਾ ਆਮ ਜਿਹੀ ਗੱਲ ਸੀ। ਅਜਿਹੇ ਸਮੇਂ ਕਿਸਾਨ ਵਿਸ਼ੇਸ਼ ਮੌਕਿਆਂ ਸਾਂਭੇ ਘੁੰਗਰੂ ਕੱਢਣ ਲਈ ਕੁਝ ਇਸ ਤਰ੍ਹਾਂ ਕਹਿੰਦਾ-

* ਬੱਗੇ ਬਲਦਾਂ ਖਰਾਸੇ ਜਾਣਾ
ਜੈ ਕੁਰੇ ਕੱਢ ਘੁੰਗਰੂ।
* ਹਲ ਜੋੜਨੀ ਨ੍ਹਾਰੇ ਬੱਗੇ ਦੀ ਜੋੜੀ
ਕੋਠੀ ਵਿੱਚੋਂ ਕੱਢ ਘੁੰਗਰੂ।

ਗੱਡੇ ਨੂੰ ਬਲਦ ਜੋੜ ਕੇ ਰਿਸ਼ਤੇਦਾਰੀਆਂ ਵਿੱਚ ਵਿਆਹ ਆਦਿ ਲਈ ਲੈ ਕੇ ਜਾਣਾ ਆਵਾਜਾਈ ਦਾ ਜ਼ਰੂਰੀ ਹਿੱਸਾ ਰਿਹਾ ਹੈ। ਅਜਿਹਾ ਹੋਣ ਕਾਰਨ ਗੱਡੇ ਰਾਹੀਂ ਕੁਝ ਇਸ ਤਰ੍ਹਾਂ ਵੀ ਬਿਆਨ ਕੀਤਾ ਮਿਲਦਾ ਹੈ-

ਗੱਡਾ ਜੋੜ ਕੇ ਆ ਗਿਆ ਸਹੁਰੇ
ਆਣ ਖੜ੍ਹਾ ਦਰਵਾਜ਼ੇ
ਬਲਦਾਂ ਤੇਰਿਆਂ ਨੂੰ ਭੋਅ ਦਾ ਟੋਕਰਾ
ਤੈਨੂੰ ਦੋ ਪਰਸ਼ਾਦੇ
ਨੀਂਵੀਂ ਪਾ ਬਹਿੰਦਾ
ਪਾ ਲਏ ਭੌਰ ਉੱਤੇ ਦਾਬੇ

ਆਧੁਨਿਕ ਸਾਧਨਾਂ ਦੀ ਅਣਹੋਂਦ ਸਮੇਂ ਖੇਤੀ ਲਈ ਬਲਦ ਮਹੱਤਵਪੂਰਨ ਸਾਧਨ ਸੀ। ਅਜੋਕੇ ਸਾਧਨਾਂ ਦੇ ਹੋਂਦ ਵਿੱਚ ਆਉਣ ਤੋਂ ਪਹਿਲਾਂ ਕਿਸੇ ਕੋਲ ਚੰਗਾ ਗੱਡਾ ਅਤੇ ਬਲਦ ਹੋਣਾ ਵੀ ਮਾਣ ਤੇ ਉਸਦੇ ਸਾਧਨ ਸਪੰਨ ਹੋਣ ਦਾ ਪ੍ਰਤੀਕ ਸੀ। ਵਿਆਹ ਦੇ ਗੀਤਾਂ ਰਾਹੀਂ ਭੈਣਾਂ ਵੱਲੋਂ ਆਪਣੇ ਵੀਰ ਦੇ ਇਸ ਪੱਖ ਦੀ ਪ੍ਰਸ਼ੰਸਾ ਕੁਝ ਏਦਾਂ ਕੀਤੀ ਮਿਲਦੀ ਹੈ-

ਗੱਡੀ ਵੇ ਵੀਰਾ ਤੇਰੀ ਰੁਣਝੁਣੀ
ਵੇ ਕੋਈ ਬਲਦ ਕਲਹਿਰੀ ਮੋਰ
ਛਾਂਟਾ ਵੀ ਤੇਰਾ ਰੇਸ਼ਮੀ
ਦਿੱਤੀ ਛੱਡ ਬਲਦਾਂ ਦੀ
ਵੇ ਸੁਣ ਗਡਵਾਣੀਆਂ ਵੇ-ਡੋਰ

ਖੇਤੀ ਕਰਨ ਵਾਲੇ ਲੋਕ ਲੰਬੇ ਸਮੇਂ ਤੋਂ ਆਰਥਿਕ ਤੰਗੀਆਂ ਤੁਰਸ਼ੀਆਂ ਦੇ ਸ਼ਿਕਾਰ ਰਹੇ ਹਨ। ਕਿਸਾਨ ਦੇ ਕਰੜੀ ਮਿਹਨਤ ਮੁਸ਼ੱਕਤ ਕਰਨ ਦੇ ਬਾਵਜੂਦ ਹਾਲਾਤ ਵਿੱਚ ਕੋਈ ਖਾਸ ਤਬਦੀਲੀ ਨਹੀਂ ਆਈ। ਅਜਿਹਾ ਹੋਣ ਕਾਰਨ ਕਿਸਾਨਾਂ ਦਾ ਖੇਤੀ ਵਿੱਚ ਬਲਦਾਂ ਦੁਆਰਾ ਦਿੱਤਾ ਸਾਥ ਕੁਝ ਇਸ ਤਰ੍ਹਾਂ ਕਿਹਾ ਮਿਲਦਾ ਹੈ-

ਥੱਕੇ ਬਲਦ ਕਮਾਈਆਂ ਕਰਕੇ
ਫੇਰ ਵੀ ਨਾ ਆਈਆਂ ਤਬਦੀਲੀਆਂ।

ਖੇਤੀ ਦੀ ਵਾਹੀ ਬਿਜਾਈ ਲਈ ਕਿਸਾਨਾਂ ਵੱਲੋਂ ਸਵੇਰੇ ਜਲਦੀ ਬਲਦਾਂ ਗਲ਼ ਪੰਜਾਲ਼ੀ ਪਾਈ ਜਾਂਦੀ-

ਉਠ ਤੜਕੇ ਪਾਈ ਬਲਦਾਂ ਗਲ਼ ਪੰਜਾਲ਼ੀ
ਗੁਆਰਾ ਰੋਹੀ ਵਾਲੇ ਖੇਤ ਬੀਜਣਾ।

ਖੇਤੀ ਵਿੱਚ ਉਪਯੋਗੀ ਹੋਣ ਕਾਰਨ ਕਿਸਾਨ ਨੂੰ ਬਲਦਾਂ ਦੀ ਸਾਂਭ ਸੰਭਾਲ ਵੀ ਵਧੀਆ ਤਰੀਕੇ ਨਾਲ ਕਰਨੀ ਪੈਂਦੀ ਸੀ। ਬਲਦਾਂ ਦੀ ਸੰਭਾਲ ਦਾ ਫਿਕਰ ਅਤੇ ਇਸ ਲਈ ਸਮਾਂ ਦੇਣਾ ਕਿਸਾਨਾਂ ਲਈ ਜ਼ਰੂਰੀ ਸੀ। ਇਸ ਜ਼ਿੰਮੇਵਾਰੀ ਤੋਂ ਵਿਹਲੇ ਹੋ ਕੇ ਬੇਫਿਕਰ ਹੋਣ ਦਾ ਵਰਣਨ ਕੁਝ ਇਸ ਤਰ੍ਹਾਂ ਮਿਲਦਾ ਹੈ-

ਮੱਝ ਵੇਚ'ਤੀ, ਗਾਂ ਵੇਚ'ਤੀ
ਬਲਦ ਵੇਚ'ਤੇ ਬੱਗੇ।
ਨੀਂ ਬੁਗਦੂ ਮਿੱਤਰਾਂ ਦਾ
ਵਿੱਚ ਦਰਵਾਜ਼ੇ ਵੱਜੇ।

ਕਿਸਾਨ ਦਾ ਖੇਤੀਬਾੜੀ ਨਾਲ ਗੂੜ੍ਹਾ ਰਿਸ਼ਤਾ ਹੁੰਦਾ ਹੈ। ਉਸ ਵੱਲੋਂ ਖੇਤੀਬਾੜੀ ਵਿੱਚੋਂ ਨਿਕਲ ਕੇ ਕੋਈ ਹੋਰ ਕਿੱਤਾ ਅਪਣਾਉਣਾ ਔਖਾ ਹੁੰਦਾ ਹੈ। ਕਿੱਸਾ ਕਾਵਿ ਵਿੱਚ ਇਸ ਦਾ ਵਰਣਨ ਕੁਝ ਇਸ ਤਰ੍ਹਾਂ ਹੈ-

ਸਾਥੋਂ ਖੱਪਰੀ ਨਾਦ ਨਾ ਜਾਣ ਸਾਂਭੇ
ਅਸਾਂ ਢੱਗੇ ਹੀ ਅੰਤ ਨੂੰ ਜੋਵਣੇ ਨੇ।

ਬਲਦ ਖੇਤੀਬਾੜੀ ਵਿੱਚ ਵਾਹੀ ਤੇ ਬਿਜਲੀ, ਗੱਡੇ ਰਾਹੀਂ ਢੋਆ ਢੁਆਈ ਅਤੇ ਖੂਹ ਵਿੱਚੋਂ ਪਾਣੀ ਕੱਢਣ ਦੇ ਕੰਮ ਲਈ ਉਪਯੋਗੀ ਰਹੇ ਹਨ। ਕਿੱਸਾ ਹੀਰ ਵਿੱਚ ਇਸ ਸਬੰਧੀ ਜ਼ਿਕਰ ਕੁਝ ਇਸ ਤਰ੍ਹਾਂ ਮਿਲਦਾ ਹੈ-

ਬੈਠ ਮੰਗਦੀਆਂ ਸਾਲੀਆਂ ਚੀਚ ਛੱਲਾ
ਦੁੱਧ ਦੇਹ ਅਣਵਿਆਹੀ ਨੂੰ ਚਿੜੀ ਦਾ ਵੇ।
ਬਿਨਾਂ ਬਲਦਾਂ ਦੇ ਖੂਹ ਗੇੜ ਸਾਨੂੰ
ਔਂਡਾ ਖੜਕਦਾ ਕਾਠ ਦੀ ਘੜੀ ਦਾ ਵੇ।

ਬਲਦ ਪੰਜਾਬੀ ਕਿਸਾਨ ਦਾ ਮਹੱਤਵਪੂਰਨ ਸਾਥੀ ਸਨ, ਪਰ ਕਿਸੇ ਕਾਰਨ ਉਸ ਕੋਲੋਂ ਬਲਦ ਦਾ ਖੁੰਝ ਜਾਣਾ ਬਹੁਤ ਵੱਡਾ ਘਾਟਾ ਸਿੱਧ ਹੁੰਦਾ ਸੀ-

ਕਰਮਹੀਣ ਖੇਤੀ ਕਰੇ
ਸੋਕਾ ਪਵੇ ਜਾਂ ਢੱਗਾ ਮਰੇ

ਭਾਵੇਂ ਖੇਤੀਬਾੜੀ ਕਰਨ ਲਈ ਬਲਦਾਂ ਦਾ ਸਹਿਯੋਗ ਜ਼ਰੂਰੀ ਹੈ, ਪਰ ਕਿਸੇ ਵੱਲੋਂ ਆਪਣੇ ਸ਼ੌਕ ਪੂਰੇ ਕਰਨ ਲਈ ਕੁਝ ਇਸ ਤਰ੍ਹਾਂ ਕਿਹਾ ਮਿਲਦਾ-

ਭਾਵੇਂ ਵੇਚਦੇ ਨ੍ਹਾਰੇ ਬੱਗੇ ਦੀ ਜੋੜੀ,
ਕਲਿੱਪ ਕਰਵਾ ਮਿੱਤਰਾ।

ਲੋਕ ਕਹਾਵਤਾਂ, ਮੁਹਾਵਰਿਆਂ ਵਿੱਚ ਬਲਦਾਂ ਦਾ ਜ਼ਿਕਰ ਕੁਝ ਇਸ ਤਰ੍ਹਾਂ ਮਿਲਦਾ ਹੈ-

ਮਾੜਾ ਢੱਗਾ, ਛੱਤੀ ਰੋਗ

ਬਲਦਾਂ ਵਿੱਚ ਖੇਤੀ ਲਈ ਉਪਯੋਗੀ ਹੋਣ ਦੇ ਨਾਲ ਕਈ ਵਾਰ ਕੁਝ ਬਲਦ, ਖਾਸ ਕਰਕੇ ਵਹਿੜਕੇ ਭੂਸਰ ਜਾਂਦੇ ਅਤੇ ਆਪਣੇ ਮਾਲਕ ਨਾਲ ਰੰਜਿਸ਼ ਰੱਖਣ ਕਾਰਨ ਉਨ੍ਹਾਂ ਨੂੰ ਘੂਰਦੇ ਵੀ ਸਨ। ਇਸ ਕਾਰਨ ਕਿਸੇ ਵਿਅਕਤੀ ਵਿਸ਼ੇਸ਼ ਦੀ ਤੁਲਨਾ ਵਹਿੜਕੇ ਨਾਲ ਕੁਝ ਇਸ ਤਰ੍ਹਾਂ ਕੀਤੀ ਮਿਲਦੀ ਹੈ-

ਭਾਬੀ ਕਹਿੰਦੀ ਸੁਣ ਵੇ ਦਿਊਰਾ
ਹਾਲ ਸੁਣਾਵਾਂ ਸਾਰਾ।
ਦਾਰੂ ਪੀ ਕੇ ਰਹੇਂ ਝੂਲਦਾ
ਆ ਮਾਰੇਂ ਲਲਕਾਰਾ।
ਮੇਰੇ ਵੰਨੀਂ ਕੱਢਦਾ ਆਨੇ
ਜਿਵੇਂ ਵਹਿੜਕਾ ਨ੍ਹਾਰਾ।
ਅੰਦਰੋਂ ਡਰ ਲੱਗਦਾ
ਫਿਰਦਾ ਦਿਉਰ ਕੁਆਰਾ।

ਬਲਦਾਂ ਰਾਹੀਂ ਲੋਕ ਬੋਲੀਆਂ, ਟੱਪਿਆਂ ਵਿੱਚ ਕੁਝ ਇਸ ਤਰ੍ਹਾਂ ਮਜ਼ਾਕ ਕੀਤਾ ਮਿਲਦਾ ਹੈ-

ਲਿਆ ਦਿਉਰਾ ਤੈਨੂੰ ਅੱਡ ਕਰ ਦਿਆਂ
ਦੇ ਕੇ ਵਹਿੜਕਾ ਲੰਡਾ।
ਵੇ ਤੂੰ ਉਹਦੀ ਪੂਛ ਫੜੀਂ
ਮੈਂ ਮਾਰੂੰਗੀ ਡੰਡਾ।

ਬਲਦ ਵੱਲੋਂ ਖੇਤੀਬਾੜੀ ਵਿੱਚ ਸਹਾਇਤਾ ਕਰਨ ਦੇ ਨਾਲ ਕਿਸਾਨ ਨਾਲ ਉਸ ਦੀ ਨੇੜਤਾ ਕੁਝ ਇਸ ਤਰ੍ਹਾਂ ਹੁੰਦੀ ਜਿਵੇਂ ਉਹ ਕਿਸਾਨ ਦਾ ਹਮਦਰਦ ਹੋਵੇ ਤੇ ਉਸ ਦੇ ਦੁੱਖਾਂ ਨੂੰ ਬਿਆਨਣ ਵਾਲਾ ਹੋਵੇ-

ਤੂੰ ਵੀ ਬਣ ਗਿਆ ਗਮਾਂ ਦਾ ਗਮੰਤਰੀ,
ਓ ਮੇਰੇ ਬੇਜ਼ਬਾਨ ਢੱਗਿਆ।

ਬਲਦਾਂ ਦੀਆਂ ਕਈ ਕਿਸਮਾਂ ਹਨ। ਇਨ੍ਹਾਂ ਦੀਆਂ ਆਪੋ ਆਪਣੀਆਂ ਵਿਸ਼ੇਸ਼ਤਾਵਾਂ ਹਨ। ਇਨ੍ਹਾਂ ਵਿੱਚ ਨਗੌਰੀ ਬਲਦ ਸਭ ਤੋਂ ਪ੍ਰਮੁੱਖ ਹੈ। ਇਹ ਨਸਲ ਨਗੌਰ ਖੇਤਰ ਵਿੱਚ ਤਿਆਰ ਹੋਈ ਅਤੇ ਬਹੁਤਾਤ ਵਿੱਚ ਪਾਈ ਜਾਣ ਕਾਰਨ ਇਸ ਦਾ ਨਾਂ ਨਗੌਰੀ ਹੈ। ਇਸ ਨਸਲ ਦੇ ਬਲਦ ਨੀਲ ਗਾਂ ਵਾਂਗ ਸੋਹਣੇ, ਛੋਟੇ ਸਿੰਗਾਂ ਵਾਲੇ, ਪਤਲੀ ਚਮੜੀ, ਪਤਲੇ ਸਰੀਰਾਂ ਵਾਲੇ ਹੁੰਦੇ ਹਨ। ਆਪਣੇ ਅਜਿਹੇ ਗੁਣਾਂ ਕਾਰਨ ਕਿਸੇ ਨੂੰ ਅਜਿਹਾ ਕਹਿਣ ਲਈ ਕਿ ਤੂੰ ਕੋਈ ਜ਼ਿਆਦਾ ਯੋਗ ਹੈ, ਉਸ ਨੂੰ ਕਿਹਾ ਜਾਂਦਾ ਹੈ ਕਿ ਤੂੰ ਜ਼ਿਆਦਾ ਨਗੌਰੀ ਹੈ। ਬਾਬੂ ਰਜਬ ਅਲੀ ਕੁਝ ਇਸ ਤਰ੍ਹਾਂ ਕਹਿੰਦਾ ਹੈ।

ਬਲਦ ਨਗੌਰੀ ਚੰਗੇ
ਤੇ ਅੰਬਰਸਰ ਜੌਹਰੀ ਚੰਗੇ।

ਬਲਦ ਪੰਜਾਬੀ ਜਨ ਜੀਵਨ, ਪੰਜਾਬੀ ਸੱਭਿਆਚਾਰ ਦਾ ਮਹੱਤਵਪੂਰਨ ਹਿੱਸਾ ਰਹੇ ਹਨ। ਅਜਿਹਾ ਹੋਣ ਕਾਰਨ ਲੋਕ ਬੋਲੀਆਂ ਵਿੱਚ ਵੀ ਬਲਦਾਂ ਦਾ ਜ਼ਿਕਰ ਕੁਝ ਇਸ ਤਰ੍ਹਾਂ ਮਿਲਦਾ ਹੈ-

ਪਿੰਡਾਂ ਵਿੱਚੋਂ ਪਿੰਡ ਸੁਣੀਂਦਾ
ਪਿੰਡ ਸੁਣੀਂਦਾ ਲੱਲੀਆਂ
ਉਥੋਂ ਦੇ ਦੋ ਬਲਦ ਸੁਣੀਂਦੇ
ਗਲ਼ ਵਿੱਚ ਜਿਨ੍ਹਾਂ ਦੇ ਟੱਲੀਆਂ
ਭੱਜ ਭੱਜ ਕੇ ਉਹ ਮੱਕੀ ਬੀਜਦੇ
ਗਿੱਠ ਗਿੱਠ ਲੱਗੀਆਂ ਛੱਲੀਆਂ।

ਜਵਾਨ ਬਲਦ ਨੂੰ ਵਹਿੜਕਾ ਕਿਹਾ ਜਾਂਦਾ ਹੈ। ਉਸ ਵਿੱਚ ਹਿੰਮਤ, ਜੋਸ਼, ਊਰਜਾ ਤੇ ਕੰਮ ਦੀ ਵੱਧ ਸਮਰੱਥਾ ਹੁੰਦੀ ਹੈ। ਵਿਆਹ ਵਿੱਚ ਦਿੱਤੀਆਂ ਜਾਂਦੀਆਂ ਸਿੱਠਣੀਆਂ ਵਿੱਚ ਕੁੜਮ ਨੂੰ ਵਹਿੜਕੇ ਨਾਲ ਇਸ ਤਰ੍ਹਾਂ ਤੁਲਨਾਇਆ ਜਾਂਦਾ ਹੈ-

ਮਣ ਮੱਕੀ ਪਿਸਾ ਲਉ ਜੀ
ਸਾਡਾ ਕੁੜਮ ਵਹਿੜਕੇ ਵਰਗਾ।

ਬਲਦ ਬਹੁ ਉਪਯੋਗੀ ਪਸ਼ੂ ਰਿਹਾ ਹੈ। ਹਲ਼ ਵਾਹੁਣ, ਚੱਕੀ ਚਲਾਉਣ, ਖੂਹ ਵਿੱਚੋਂ ਪਾਣੀ ਕੱਢਣ, ਕੋਹਲੂ ਚਲਾਉਣ, ਗੱਡੇ ਰਾਹੀਂ ਆਵਾਜਾਈ ਵਰਗੇ ਉਦੇਸ਼ਾਂ ਲਈ ਉਪਯੋਗ ਹੁੰਦਾ ਰਿਹਾ ਹੈ। ਬਲਦ ਦੇ ਖੂਹ ਗੇੜਨ ਰਾਹੀਂ ਕੁਝ ਇਸ ਤਰ੍ਹਾਂ ਵੀ ਬਿਆਨ ਕੀਤਾ ਗਿਆ ਮਿਲਦਾ ਹੈ-

ਅੱਖਾਂ ਬੱਧੇ ਢੱਗੇ ਵਾਂਗੂ,
ਗੇੜਾਂ ਮੈਂ ਤਾਂ ਖੂਹ ਵੇ ਬਾਬਾ
ਮਾਲਕ ਜਾਣੇ ਖੂਹ ਦਾ ਪਾਣੀ,
ਜਾਵੇ ਕਿਹੜੀ ਜੂਹ ਵੇ ਬਾਬਾ

ਆਧੁਨਿਕਤਾ ਦੇ ਦੌਰ ਵਿੱਚ ਬਲਦਾਂ ਦੀ ਵਰਤੋਂ ਬਹੁਤ ਘੱਟ ਹੁੰਦੀ ਹੈ। ਇਸ ਕਾਰਨ ਬਲਦਾਂ ਦੀ ਉਹ ਕਦਰ ਨਹੀਂ ਰਹੀ, ਜਿਹੜੀ ਪਹਿਲਾਂ ਹੁੰਦੀ। ਅੱਜ ਕੋਈ ਨਗੌਰੀ ਬਲਦ ਲੈਣ ਨਗੌਰ ਨਹੀਂ ਜਾਂਦਾ। ਨਾ ਹੀ ਬਲਦਾਂ ਦੀ ਪਹਿਲਾਂ ਵਾਂਗ ਸਾਂਭ ਸੰਭਾਲ ਕਰਦਾ ਹੈ ਅਤੇ ਨਾ ਹੀ ਹਾਰ ਸ਼ਿੰਗਾਰ ਕਰਦਾ ਹੈ-

ਨਾ ਕੋਈ ਬਲਦਾਂ ਦੇ ਸਿੰਗ ਤੇਲ ਲਾ ਸ਼ਿੰਗਾਰੇ
ਨਾ ਸਿੰਗਾਂ ਨਗੌਰੀਆਂ ਦੇ ਪੈਣ ਲਿਸ਼ਕਾਰੇ

## ਕਹਾਣੀ
## ਕੁਕਨੂਸ

-ਸਤਪਾਲ ਸਿੰਘ-

ਵਾਹ ਵਸਤਾ ਤਾਂ ਜੱਗੇ ਨਾਲ ਅਠਾਰਾਂ-ਵੀਹ ਸਲ ਪਹਿਲਾਂ ਦਾ ਏ। ਜਿਸ ਦਿਨ ਮੇਰੇ ਨਵੇਂ ਘਰ ਦੀ ਨੀਂਹ ਰੱਖੀ ਸੀ, ਉਸੇ ਦਿਨ ਤੋਂ ਲੈ ਕੇ ਸਾਰੇ ਘਰ ਦੀ ਤਿਆਰੀ ਤੱਕ ਉਹ ਮਿਸਤਰੀ ਨਾਲ ਮਜ਼ਦੂਰੀ ਕਰਦਾ ਰਿਹਾ। ਕਾਮਾ ਇੰਨਾ ਕਿ ਕਦੀ ਵੀ ਕੰਮ ਨੂੰ ਕਹਿਣ ਦੀ ਜ਼ਰੂਰਤ ਨਾ ਪੈਂਦੀ, ਸਗੋਂ ਨਾਲ ਦੇ ਮਜ਼ਦੂਰਾਂ ਨੂੰ ਵੀ ਅਕਸਰ ਕਹਿੰਦਾ ਸੁਣਦਾ, ਓਏ ਦਿਲ ਲਾ ਕੇ ਕੰਮ ਕਰਿਆ ਕਰੋ। ਮਾਲਕ ਨੇ ਪੈਸੇ ਕੰਮ ਦੇ ਦੇਣੇ ਨੇ, ਅੱਧਾ-ਅੱਧਾ ਘੰਟਾ ਜਰਦਾ ਮਲਣ ਦੇ ਨ੍ਹੀਂ। ਨਾਲੇ ਹਰਾਮ ਦਾ ਪੈਸਾ ਫਲਦਾ ਨ੍ਹੀਂ ਹੁੰਦਾ। ਇੱਕ ਦਿਨ ਮਿਸਤਰੀ ਬੋਲਿਆ, ''ਜੱਗਿਆ, ਇਹ ਪੈਸਾ ਵੀ ਸਾਲਾ ਬੜਾ ਕੁੱਤੀ ਚੀਜ਼ ਐ। ਇਹ ਹਰਾਮ ਦਾ ਪੈਸਾ ਸਾਡੇ ਗਰੀਬਾਂ ਦੇ ਨ੍ਹੀ ਫਲਦਾ। ਅਮੀਰਾਂ ਨੂੰ ਦੇਸੀ ਘਿਓ ਵਾਂਗ ਲੱਗਦਾ ਏ।'' ਜੱਗਾ ਆਪਣੀ ਗੱਲ ਉੱਤੇ ਅਟੱਲ ਰਹਿੰਦਾ ਅਤੇ ਕਹਿੰਦਾ: ਫੇਰ ਸਾਰੇ ਜਹਾਨ ਦੀਆਂ ਬਿਮਾਰੀਆਂ ਵੀ ਉਨ੍ਹਾਂ ਨੂੰ ਹੀ ਲੱਗਦੀਆਂ ਨੇ।

ਘਰ ਦਾ ਕੰਮ ਪੂਰਾ ਹੋ ਜਾਣ ਤੋਂ ਬਾਅਦ ਵੀ ਉਹ ਸਾਲ ਛਿਮਾਹੀ ਮਿਲਦਾ ਗਿਲਦਾ ਰਹਿੰਦਾ। ਅੱਜ ਤੋਂ ਪਹਿਲਾਂ ਉਹ ਨੋਟਬੰਦੀ ਸਮੇਂ ਮੇਰੇ ਕੋਲ ਆਇਆ ਸੀ। ਸਾਰੇ ਚਲਦੇ ਕੰਮ ਇਕਦਮ ਠੱਪ ਹੋ ਗਏ। ਜੱਗੇ ਨੇ ਹੋਰ ਕਈ ਕੰਮਾਂ ਦੀ ਭਾਲ ਕੀਤੀ, ਪਰ ਕਿਤੇ ਕੰਮ ਨਾ ਮਿਲਿਆ। ਇਸ ਲਈ ਉਹ ਕੋਈ ਕੰਮ ਸ਼ੁਰੂ ਕਰਨ ਲਈ ਮੈਥੋਂ ਮਦਦ ਮੰਗਣ ਆਇਆ ਸੀ। ਮੈਂ ਸੋਚਿਆ ਕਿ ਨਵਾਂ ਕੰਮ ਸ਼ੁਰੂ ਕਰਨ ਲਈ ਘੱਟੋ ਘੱਟ ਪੰਦਰਾਂ ਵੀਹ ਹਜ਼ਾਰ ਤਾਂ ਮੰਗੇਗਾ, ਪਰ ਐਨੇ ਪੈਸੇ ਇਹ ਮਜ਼ਦੂਰ ਵਾਪਸ ਕਿਵੇਂ ਕਰੇਗਾ, ਉਹ ਵੀ ਨੋਟਬੰਦੀ ਦੌਰਾਨ। ਮੈਂ ਸੋਚਾਂ ਵਿੱਚ ਸੀ ਕਿ ਉਸ ਨੇ ਇੱਕ ਹਜ਼ਾਰ ਰੁਪਏ ਦੀ ਮੰਗ ਕੀਤੀ।

ਮੈਂ ਹੈਰਾਨੀ ਨਾਲ ਪੁੱਛਿਆ, ''ਜੱਗਿਆ, ਇੱਕ ਹਜ਼ਾਰ ਨਾਲ ਕਿਹੜਾ ਕੰਮ ਸ਼ੁਰੂ ਕਰਨੈ?''

ਉਸ ਨੇ ਕਿਹਾ, ''ਜੀ ਮੈਂ ਬਸ ਅੱਡੇ ਕੋਲ ਚਾਹ ਦੀ ਦੁਕਾਨ ਲਾਉਣੀ ਐ, ਜਗ੍ਹਾ ਮੈਂ ਦੇਖ ਲਈ ਐ। ਚਾਹ ਬਣਾਉਣ ਵਾਲਾ ਭਾਂਡਾ, ਸਟੋਵ ਅਤੇ ਇੱਕ ਮੇਜ਼ ਮੇਰੇ ਕੋਲ ਹੈਗਾ। ਬਸ ਚੀਨੀ, ਚਾਹ ਪੱਤੀ, ਮੱਠੀਆਂ, ਲੱਡੂ ਅਤੇ ਕੱਚ ਦੇ ਗਲਾਸ ਅਤੇ ਛਿੱਕੂ ਲੈਣੇ ਨੇ।''

ਮੈਂ ਉਸ ਨੂੰ ਇੱਕ ਹਜ਼ਾਰ ਰੁਪੱਈਆ ਦੇ ਕੇ ਕਿਹਾ, ''ਕੋਈ ਨੀਂ, ਹੋਰ ਲੋੜ ਹੋਵੇ ਦੱਸੀਂ।'' ਉਸ ਨੇ ਪੈਸੇ ਸੰਭਾਲ ਕੇ ਜੈਕਟ ਦੀ ਅੰਦਰਲੀ ਜੇਬ ਵਿੱਚ ਪਾਉਂਦਿਆਂ, ਜਲਦੀ ਪੈਸੇ ਵਾਪਸ ਕਰਨ ਦਾ ਵਾਅਦਾ ਕੀਤਾ ਤੇ ਚਲਾ ਗਿਆ।

ਮੈਂ ਸੋਚਿਆ ਕਿ ਜੇ ਨਾ ਵੀ ਵਾਪਸ ਕਰੇਗਾ ਤਾਂ ਕੋਈ ਗੱਲ ਨੀਂ। ਚਲੋ ਗਰੀਬ ਆਦਮੀ ਦੇ ਘਰ ਰੋਟੀ ਪੱਕਦੀ ਹੋਜੂ, ਪਰ ਵੀਹ ਕੁ ਦਿਨ ਬਾਅਦ ਉਹ ਮੈਨੂੰ ਤਿੰਨ ਸੌ ਰੁਪੱਈਆ ਵਾਪਸ ਕਰ ਗਿਆ। ਮੈਂ ਉਸ ਤੋਂ ਨਾ ਚਾਹੁੰਦੇ ਹੋਏ ਵੀ ਪੈਸੇ ਲੈ ਲਏ ਤਾਂ ਜੋ ਉਸ ਦੇ ਆਤਮ ਸਨਮਾਨ ਨੂੰ ਸੱਟ ਨਾ ਵੱਜੇ। ਇਸ ਤਰ੍ਹਾਂ ਹੌਲੀ-ਹੌਲੀ ਉਹ ਬਾਕੀ ਪੈਸੇ ਵਾਪਸ ਕਰ ਗਿਆ। ਉਸ ਦਾ ਕੰਮ ਵਧੀਆ ਚੱਲ ਰਿਹਾ ਸੀ, ਪਰ ਇਸ ਵਾਰ ਕੋਰੋਨਾ ਕਾਲ ਨੇ ਉਸ ਦਾ ਸਾਰਾ ਕੰਮ ਤਹਿਸ ਨਹਿਸ ਕਰ ਦਿੱਤਾ। ਇਕੱਲੇ ਜੱਗੇ ਦੀ ਦੁਕਾਨ ਹੀ ਨਹੀਂ, ਕਰਫਿਊ ਕਾਰਨ ਸਾਰਾ ਜਨਜੀਵਨ ਹੀ ਠੱਪ ਹੋ ਗਿਆ। ਦੁਕਾਨਦਾਰ, ਦਿਹਾੜੀਦਾਰ, ਰੇਹੜੀ ਫੜ੍ਹੀ ਵਾਲੇ, ਮਜ਼ਦੂਰ ਅਤੇ ਹੋਰ ਹਰ ਰੋਜ਼ ਕਮਾ ਕੇ ਰਾਤ ਨੂੰ ਚੁੱਲ੍ਹਾ ਜਲਾਉਣ ਵਾਲਿਆਂ ਦਾ ਹੋਰਾਂ ਨਾਲੋਂ ਵੱਧ ਬੁਰਾ ਹਾਲ ਹੋ ਗਿਆ। ਸਰਕਾਰ ਵੱਲੋਂ ਜੋ ਰਾਸ਼ਨ ਦੀ ਵੰਡ ਹੋਈ, ਉਹ ਕਾਫੀ ਪਿੰਡਾਂ ਦੀ ਪਾਰੀਟਬਾਜ਼ੀ ਦੀ ਭੇਟ ਚੜ੍ਹ ਗਈ, ਪਰ ਜੱਗੇ ਵਰਗਾ ਅਰਖੀ ਬੰਦਾ ਮੁਫਤ ਰਾਸ਼ਨ ਲੈਣ ਲਈ ਕਿਸੇ ਅੱਗੇ ਲੇਲ੍ਹੜੀਆਂ ਨਹੀਂ ਸੀ ਕੱਢਣੀਆਂ ਚਾਹੁੰਦਾ।

ਅੱਜ ਫਿਰ ਜੱਗੇ ਨੇ ਮੇਰੇ ਘਰ ਦੀ ਘੰਟੀ ਆ ਵਜਾਈ। ਮੈਂ ਗੇਟ ਖੋਲ੍ਹਿਆ, ਬਾਹਰ ਉਹ ਹੱਥ ਜੋੜੀ ਖੜ੍ਹਾ ਸੀ। ਮੈਂ ਉਸ ਨੂੰ ਅੰਦਰ ਬਿਠਾ ਕੇ ਚਾਹ ਪਿਲਾਈ ਤੇ ਆਉਣ ਦਾ ਕਾਰਨ ਪੁੱਛਿਆ। ਅੱਜ ਉਹ ਫਿਰ ਨਵਾਂ ਕੰਮ ਸ਼ੁਰੂ ਕਰਨ ਲਈ ਮੇਰੀ ਮਦਦ ਮੰਗਣ ਆਇਆ ਸੀ। ਮੈਂ ਕਿਹਾ, ''ਜੱਗਿਆ, ਸਾਰਾ ਜਨਜੀਵਨ ਠੱਪ ਪਿਆ ਏ, ਕਰਫਿਊ ਲੱਗਿਆ ਹੋਇਆ ਏ। ਇਸ ਸਮੇਂ ਕਿਹੜਾ ਕੰਮ ਸ਼ੁਰੂ ਕਰਨਾ ਏ?''

ਉਸ ਨੇ ਕਿਹਾ, ''ਜੀ ਮੈਂ ਸਬਜ਼ੀ ਵੇਚਣ ਦਾ ਕੰਮ ਸ਼ੁਰੂ ਕਰਨੈ। ਜੀ ਰਿਕਸ਼ਾ ਰੇਹੜੀ ਮੈਂ ਕਿਰਾਏ ਉੱਤੇ ਲੈ ਲਈ। ਜੇ ਤੁਸੀਂ ਪੰਜ ਕੁ ਹਜ਼ਾਰ ਦੀ ਕਿਰਪਾ ਕਰਦੋ, ਥੋਡੀ ਬੜੀ ਮਿਹਰਬਾਨੀ ਹੋਊਗੀ। ਮੈਂ ਸਵੇਰੇ ਮੰਡੀਓਂ ਆਲੂ, ਪਿਆਜ਼ਾਂ ਦੀ ਬੋਰੀ, ਸਬਜ਼ੀਆਂ ਤੇ ਫਲ ਲੈ ਆਵਾਂਗਾ। ਇਹ ਪਿੰਡਾਂ ਵਿੱਚ ਵੇਚ ਕੇ ਪਰਵਾਰ ਦਾ ਢਿੱਡ ਭਰਨ ਜੋਗੇ ਹੋਜਾਂਗੇ।''

ਉਸ ਸਮੇਂ ਸਾਰੀਆਂ ਦੁਕਾਨਾਂ, ਬਾਜ਼ਾਰ ਬੰਦ ਹੋਣ ਕਾਰਨ ਸਿਰਫ ਫਲਾਂ, ਸਬਜ਼ੀਆਂ ਦੀਆਂ ਰੇਹੜੀਆਂ ਵਾਲਿਆਂ ਨੂੰ ਤੁਰ ਫਿਰ ਕੇ ਸਮਾਨ ਵੇਚਣ ਦੀ ਇਜਾਜ਼ਤ ਸੀ। ਜੱਗੇ ਦੇ ਸਿਦਕ ਨੂੰ ਦੇਖ ਕੇ ਮੈਨੂੰ ਜਾਪਾਨ ਦੇ ਇੱਕ ਮਿਥਿਹਾਸਕ ਜੀਵ ਕੁਕਨੂਸ ਦੀ ਕਹਾਣੀ ਯਾਦ ਆ ਗਈ। ਮਿੱਥ ਅਨੁਸਾਰ ਜਾਪਾਨ ਵਿੱਚ ਇੱਕ ਅਜਿਹਾ ਜੀਵ ਪਾਇਆ ਜਾਂਦਾ ਹੈ ਕਿ ਜੇ ਉਹ ਅੱਗ ਵਿੱਚ ਸੜ ਵੀ ਜਾਵੇ ਤਾਂ ਉਹ ਆਪਣੀ ਇੱਛਾ ਸ਼ਕਤੀ ਨਾਲ ਸੁਆਹ ਵਿੱਚੋਂ ਦੁਬਾਰਾ ਪੈਦਾ ਹੋ ਕੇ ਤੁਰ ਪੈਂਦਾ ਹੈ। ਇਹ ਕਹਾਣੀ ਪਹਿਲਾਂ ਮੈਨੂੰ ਆਚੰਭਿਤ ਕਰਦੀ ਸੀ, ਪਰ ਦੇਸ਼ ਵਿੱਚ ਹੋਈ ਨੋਟਬੰਦੀ, ਕੋਰੋਨਾ ਕਾਲ ਦੌਰਾਨ ਲੰਮਾ ਲਾਕਡਾਊਨ, ਕਰਫਿਊ ਸਮੇਂ ਇਹ ਭੁਲੇਖਾ ਦੂਰ ਹੋ ਗਿਆ। ਜੱਗੇ ਵਰਗੇ ਗਰੀਬ ਮਜ਼ਦੂਰ, ਰੇਹੜੀ ਫੜ੍ਹੀ ਵਾਲੇ ਤੇ ਹੋਰ ਨਿੱਕਾ ਮੋਟਾ ਕੰਮ ਕਰ ਕੇ ਆਪਣਾ ਅਤੇ ਬੱਚਿਆਂ ਦਾ ਢਿੱਡ ਭਰਨ ਵਾਲੇ, ਇਹ ਸਾਰੇ ਕੁਕਨੂਸ ਹੀ ਤਾਂ ਹਨ। ਲਾਕਡਾਊਨ ਦੌਰਾਨ ਜਦੋਂ ਸਾਰੀ ਆਵਾਜਾਈ ਬੰਦ ਸੀ। ਉਸ ਸਮੇਂ ਦੋ ਦੋ ਸੌ ਚਾਰ ਚਾਰ ਸੌ ਕਿਲੋਮੀਟਰ ਪੈਦਲ ਸਫਰ ਕਰ ਕੇ ਆਪਣੇ ਪਿੱਤਰੀ ਘਰਾਂ ਨੂੰ ਵਾਪਸੀ ਕਰਨ ਵਾਲੇ ਸਾਰੇ ਕੁਕਨੂਸ ਹਨ। ਸਾਡਾ ਦੇਸ਼ ਕੁਕਨੂਸਾਂ ਨਾਲ ਭਰਿਆ ਪਿਆ ਏ। ਜਾਪਾਨ ਦਾ ਕੁਕਨੂਸ ਬੇਸ਼ੱਕ ਮਿਥਿਹਾਸਕ ਜੀਵ ਹੈ, ਪਰ ਸਾਡੇ ਦੇਸ਼ ਦੇ ਕੁਕਨੂਸ ਇਤਿਹਾਸਕ ਵੀ ਹਨ ਅਤੇ ਅਜੋਕੇ ਸਮੇਂ ਵਿੱਚ ਖੁਦ ਨੂੰ ਪ੍ਰਭਾਸ਼ਿਤ ਕਰਦੇ ਹੋਏ, ਸੁਆਹ ਦੇ ਢੇਰ ਵਿੱਚੋਂ ਹੌਲੀ ਹੌਲੀ ਦੁਬਾਰਾ ਉਠ ਕੇ ਪੱਲੀਆਂ ਦਾਤੀਆਂ, ਹਥੌੜੇ, ਕਹੀਆਂ, ਸਾਇਕਲਾਂ ਨੂੰ ਮੁੜ ਜਾ ਹੱਥ ਪਾਉਂਦੇ ਹਨ।

''ਸਰਦਾਰ ਜੀ ਜੇ ਪੰਜ ਹਜ਼ਾਰ ਨ੍ਹੀਂ ਤਾਂ ਤਿੰਨ ਹਜ਼ਾਰ ਹੀ ਦੇ ਦਿਓ।'' ਜੱਗੇ ਦੀ ਮਿੰਨਤ ਭਰੀ ਆਵਾਜ਼ ਨੇ ਮੈਨੂੰ ਸੋਚਾਂ ਵਿੱਚੋਂ ਬਾਹਰ ਕੱਢਿਆ। ਮੈਂ ਬਿਨਾਂ ਕੋਈ ਅਗਲਾ ਸੁਆਲ ਕੀਤਿਆਂ ਉਸ ਨੂੰ ਪੰਜ ਹਜ਼ਾਰ ਰੁਪਏ ਦੇ ਦਿੱਤੇ। ਉਸ ਨੇ ਆਪਣੇ ਸਿਰ ਤੋਂ ਪਰਨਾ ਉਤਾਰਿਆ। ਪੈਸੇ ਸਾਂਭ ਕੇ ਪਰਨ ਦੇ ਲੜ ਵਿੱਚ ਬੰਨ੍ਹ ਲਿਆ, ਜਿਵੇਂ ਬਹੁਤ ਵੱਡੀ ਰਕਮ ਲੁਕੋ ਕੇ ਲੈ ਜਾ ਰਿਹਾ ਹੋਵੇ, ਪਰ ਉਸ ਸਮੇਂ ਗਰੀਬ ਆਦਮੀ ਲਈ, ਇਹ ਰਕਮ ਵੱਡੀ ਸੀ। ਸੁਆਹ ਦੇ ਢੇਰ ਵਿੱਚੋਂ ਆਪਣੀ ਇੱਛਾ ਸ਼ਕਤੀ ਨਾਲ ਦੁਬਾਰਾ ਪੈਦਾ ਹੋਏ ਇਸ ਕੁਕਨੂਸ ਨੇ ਅਗਲੇ ਦਿਨ ਫਲਾਂ ਸਬਜ਼ੀਆਂ ਦਾ ਹੋਕਾ ਪਿੰਡਾਂ ਵਿੱਚ ਜਾ ਲਾਇਆ।

# ਵੱਧ ਰਿਹਾ ਹੈ ਨਜਾਇਜ਼ ਖਣਨ ਦਾ ਕਾਰੋਬਾਰ

-ਗੁਰਮੀਤ ਸਿੰਘ ਪਲਾਹੀ ਦੀ ਕਲਮ ਤੋਂ

ਦੇਸ਼ ਦੇ ਜ਼ਿਆਦਤਰ ਸੂਬਿਆਂ 'ਚ ਨਜਾਇਜ਼ ਖਣਨ ਦਾ ਧੰਦਾ ਜ਼ੋਰਾਂ ਉਤੇ ਹੈ ਅਤੇ ਸੂਬਾ ਸਰਕਾਰਾਂ ਦਾ ਖਣਨ ਮਾਫੀਆ ਉਤੇ ਕੋਈ ਕੰਟਰੋਲ ਨਹੀਂ ਹੈ। ਇਵੇਂ ਜਾਪਦਾ ਹੈ ਜਿਵੇਂ ਮਾਫੀਏ ਦਾ ਆਪਣੀ ਸਮਰਾਜ ਹੋਵੇ ਅਤੇ ਸੂਬਾ ਸਰਕਾਰਾਂ ਦਾ ਉਸ ਵਿੱਚ ਕੋਈ ਦਖ਼ਲ ਹੀ ਨਾ ਹੋਵੇ। ਕੀ ਇਹ ਕਾਨੂੰਨ ਦੇ ਸ਼ਾਸ਼ਨ ਨੂੰ ਚਣੌਤੀ ਨਹੀਂ ਹੈ?

ਯਾਦ ਕਰੋ ਕਿ ਦਸ ਸਾਲ ਪਹਿਲਾਂ ਮੱਧ ਪ੍ਰਦੇਸ਼ ਦੇ ਮੁਰੈਨਾ ਵਿਖੇ ਇੱਕ ਆਈ.ਪੀ. ਐਸ. ਅਧਿਕਾਰੀ ਦੀ ਟ੍ਰੈਕਟਰ ਨਾਲ ਕੁਚਲ ਕੇ ਹੱਤਿਆ ਕਰ ਦਿੱਤੀ ਗਈ। ਹਰਿਆਣਾ ਦੇ ਨੂਹ ਵਿਖੇ ਇੱਕ ਡੀ.ਐਸ. ਪੀ ਨੂੰ ਡੰਪਰ ਨਾਲ ਕੁਚਲਕੇ ਮਾਰ ਦਿੱਤਾ ਗਿਆ। ਇਹ ਸਰਕਾਰੀ ਅਧਿਕਾਰੀ ਨਜਾਇਜ਼ ਖਣਨ ਨੂੰ ਰੋਕਣ ਲਈ ਆਪਣੀ ਡਿਊਟੀ ਨਿਭਾਅ ਰਹੇ ਸਨ। ਨਜਾਇਜ਼ ਖਣਨ ਦਾ ਧੰਦਾ ਦੇਸ਼ 'ਚ ਇਸ ਕਦਰ ਵੱਧ ਚੁੱਕਾ ਹੈ ਕਿ ਸੁਪਰੀਮ ਕੋਰਟ ਵਲੋਂ ਖਣਨ ਵਿਰੁੱਧ ਲਗਾਈਆਂ ਬੰਦਿਸ਼ਾਂ ਦੇ ਬਾਵਜੂਦ ਵੀ ਪਿਛਲੇ ਅੱਠ ਸਾਲ ਦੇ ਸਮੇਂ 'ਚ ਚਾਰ ਸੌ ਮੀਟਰ ਬਿਆਸ ਅਤੇ ਸਾਢੇ ਤਿੰਨ ਸੌ ਮੀਟਰ ਉਚੇ 31 ਪਹਾੜਾਂ ਨੂੰ ਜ਼ਮੀਨਦੋਜ਼ ਕਰ ਦਿੱਤਾ ਹੈ। ਰਾਜਸਥਾਨ ਦੇ ਭਰਤਪੁਰ ਵਿੱਚ ਸਾਧੂ ਸੰਤਾਂ ਦਾ ਇੱਕ ਸਮੂਹ ਪਿਛਲੇ ਡੇਢ ਸਾਲ ਤੋਂ ਅੰਦੋਲਨ ਕਰ ਰਿਹਾ ਹੈ ਪਰ ਕਿਧਰੇ ਵੀ ਕੋਈ ਸੁਣਵਾਈ ਨਹੀਂ ਹੋਈ। ਹੁਣੇ ਜਿਹੇ ਇੱਕ ਸੰਤ ਨੇ ਖਣਨ ਵਿਰੁੱਧ ਆਤਮਦਾਹ ਕਰ ਲਿਆ।

ਖਣਨ ਮਾਫੀਏ ਦਾ ਦੇਸ਼ ਵਿੱਚ ਦਬਦਬਾਅ ਇੰਨਾ ਹੈ ਕਿ ਕੋਈ ਵੀ ਸਰਕਾਰ ਕੋਈ ਜੁਰੱਅਤ ਵਾਲਾ ਫ਼ੈਸਲਾ ਕਰਨ ਲਈ ਤਿਆਰ ਨਹੀਂ ਉਲਟਾ ਸੁਪਰੀਮ ਕੋਰਟ ਵਲੋਂ ਜਾਰੀ ਹੁਕਮਾਂ ਨੂੰ ਲਾਗੂ ਕਰਨ 'ਚ ਬੇਵਸੀ ਵਿਖਾਉਂਦੀ ਹੈ। ਇਹੋ ਕਾਰਨ ਹੈ ਕਿ ਕੋਈ ਵੀ ਸਾਲ ਜਾਂ ਸਮਾਂ ਇਹੋ ਜਿਹਾ ਨਹੀਂ ਬੀਤਦਾ ਜਦੋਂ ਮਾਫੀਆ ਆਪਣਾ ਰੰਗ ਨਹੀਂ ਵਿਖਾਉਂਦਾ। ਉਸਦੀ ਤਾਕਤ ਕਾਰਨ ਪੁਲਿਸ ਪ੍ਰਸਾਸ਼ਨ ਉਤੇ ਹਮਲੇ ਵਧ ਰਹੇ ਹਨ। ਕਿਉਂਕਿ ਮਾਫੀਆ ਕੁਝ ਸਿਆਸਤਦਾਨਾਂ, ਕੁਝ ਅਫ਼ਸਰਾਂ ਦੀ ਤਿਕੜੀ ਗਠਜੋੜ ਕਾਰਨ ਵੱਡੀ ਤਾਕਤ ਫੜ ਚੁੱਕਾ ਹੈ। ਕਰੋੜਾਂ ਨਹੀਂ ਅਰਬਾਂ-ਖਰਬਾਂ ਦਾ ਉਹਨਾ ਦਾ ਕਾਰੋਬਾਰ ਹੈ। ਨਸ਼ੇ ਦੇ ਅੰਤਰਰਾਸ਼ਟਰੀ ਗ੍ਰੋਹਾਂ ਵਾਂਗਰ ਪੂਰੇ ਦੇਸ਼ 'ਚ ਉਹਨਾ ਦਾ ਜਾਲ ਵਿਛਿਆ ਹੋਇਆ ਹੈ, ਜੋ ਸਿਆਸਤ ਨੂੰ ਵੀ ਪ੍ਰਭਾਵਤ ਕਰਦਾ ਹੈ ਅਤੇ ਪ੍ਰਸਾਸ਼ਨ ਨੂੰ ਵੀ ਬੁਰੀ ਤਰ੍ਹਾਂ ਝੰਜੋੜਦਾ ਹੈ।

ਐਨ.ਜੀ.ਟੀ(ਨੈਸ਼ਨਲ ਗਰੀਨ ਟ੍ਰਿਬਿਊਨਲ) ਨੇ ਇੱਕ ਰਿਪੋਰਟ ਛਾਪੀ ਹੈ, ਜਿਸ ਅਨੁਸਾਰ ਗੁਰੂ ਗ੍ਰਾਮ, ਫਰੀਦਾਬਾਦ ਅਤੇ ਮੈਵਾੜ ਖੇਤਰ ਵਿੱਚ ਹੋਏ ਵੱਡੇ ਖਣਨ ਕਾਰਨ ਹਰਿਆਣਾ, ਦਿੱਲੀ ਅਤੇ ਉਤਰ ਪ੍ਰਦੇਸ਼ ਦੀ ਉਪਜਾਊ ਜ਼ਮੀਨ ਨੂੰ ਰੇਗਿਸਤਾਨ ਬਨਣ 'ਚ ਹੁਣ ਬਹੁਤ ਦੇਰ ਨਹੀਂ ਲੱਗੇਗੀ।

ਵੱਡੇ ਨਜਾਇਜ਼ ਖਣਨ ਦੀਆਂ ਕੁਝ ਉਦਾਹਰਨਾਂ ਹੇਠ ਲਿਖਤ ਹਨ:-

1. ਗੁਰੂ ਗ੍ਰਾਮ ਨੂੰ ਆਧੁਨਿਕ ਸ਼ਹਿਰ ਬਨਾਉਣ ਲਈ ਦਸ ਹਜ਼ਾਰ ਏਕੜ ਕੁਦਰਤੀ ਸੁਰੱਖਿਆ ਖੇਤਰ ਨੂੰ ਬਿਲਕੁਲ ਤਬਾਹ ਕਰ ਦਿੱਤਾ ਗਿਆ। ਇਥੋਂ ਕੱਢੇ ਗਏ ਪੱਥਰ ਦੀ ਖਪਤ ਹਰਿਆਣਾ,ਰਾਜਸਥਾਨ ਅਤੇ ਦਿੱਲੀ ਦੇ ਭਵਨ ਅਤੇ ਸੜਕ ਨਿਰਮਾਣ ਵਿੱਚ ਹੁੰਦੀ ਹੈ।
2. ਨਜਾਇਜ਼ ਖਣਨ ਅਰਾਵਲੀ ਦੀਆਂ ਪਹਾੜੀਆਂ ਤੇ ਚੱਲ ਰਿਹਾ ਹੈ। ਇਹ ਖੇਤਰ ਹਰਿਆਣਾ ਰਾਜ ਦੇ ਨਾਲ-ਨਾਲ ਰਾਸ਼ਟਰੀ ਰਾਜਧਾਨੀ ਦਿੱਲੀ ਨੂੰ ਵੀ ਪ੍ਰਭਾਵਤ ਕਰਦਾ ਹੈ।
3. ਐਨ.ਜੀ.ਟੀ. ਅਨੁਸਾਰ ਗੁਰੂ ਗ੍ਰਾਮ , ਫ਼ਰੀਦਾਬਾਦ, ਮੈਵਾੜ ਖੇਤਰ ਵਿੱਚ ਵੱਡਾ ਨਜਾਇਜ਼/ ਜਾਇਜ਼ ਖਣਨ ਕੀਤਾ ਗਿਆ ਹੈ।
4. ਮੱਧ ਪ੍ਰਦੇਸ਼ ਦੀਆ ਸਤਪੁੜਾ ਅਤੇ ਬਿੰਦਿਆਚਲ ਪਰਬਤ ਸ਼੍ਰੇਣੀਆਂ ਅਤੇ ਕਈ ਨਦੀਆਂ ਦਾ ਵਜੂਦ ਸੰਕਟ ਵਿੱਚ ਹੈ।
5. ਗੁਜਰਾਤ ਦੀ ਸਾਬਰਮਤੀ ਨਦੀ ਵਿਚੋਂ ਇੰਨਾ ਨਜਾਇਜ਼ ਖਣਨ ਹੋਇਆ ਕਿ ਇਸਦੀ ਨਿਗਰਾਨੀ ਡਰੋਨ ਦੀ ਸਹਾਇਤਾ ਨਾਲ ਕੀਤੀ ਗਈ।
6. ਦੇਸ਼ ਵਿੱਚ ਹਰ ਸਾਲ 5000 ਕਰੋੜ ਟਨ ਰੇਤ ਕੱਢੀ ਜਾ ਰਹੀ ਹੈ ਅਤੇ ਭਾਰਤ ਸਮੇਤ 70 ਦੇਸ਼ਾਂ 'ਚ ਨਜਾਇਜ਼ ਖਣਨ ਹੁੰਦਾ ਹੈ।

ਪੰਜਾਬ ਵੀ ਨਜਾਇਜ਼ ਖਣਨ ਦੇ ਮਾਮਲੇ 'ਤੇ ਅਛੂਤਾ ਨਹੀਂ ਹੈ। ਪਿਛਲੇ ਦਹਾਕੇ ਦੀਆਂ ਚੋਣਾਂ 'ਚ ਰੇਤਾ ਮਾਫੀਆ ਵੱਡੀ ਚਰਚਾ ਦਾ ਵਿਸ਼ਾ ਰਿਹਾ ਹੈ। ਸਿਆਸੀ ਪਾਰਟੀਆਂ ਵਲੋਂ ਇਕ-ਦੂਜੇ ਉਤੇ ਦੂਸ਼ਨਬਾਜੀ ਕੀਤੀ ਗਈ ਹੈ। ਪੰਜਾਬ ਵਿੱਚ ਦਰਿਆਵਾਂ ਦੇ ਕਿਨਾਰਿਆਂ ਤੇ 200 ਤੋਂ 500 ਮੀਟਰ ਤੱਕ 3 ਮੀਟਰ ਡੂੰਘਾ ਰੇਤਾ ਪੁੱਟਿਆ ਜਾ ਰਿਹਾ ਹੈ ਅਤੇ ਸਰਕਾਰ ਵਲੋਂ ਰੇਤਾ ਖਾਣਾਂ ਨੀਅਤ ਹਨ ਪਰ ਤਾਕਤਵਰ ਰੇਤਾ ਮਾਫੀਆ ਲਗਾਤਾਰ ਇਸਦੀ ਉਲੰਘਣਾ ਕਰ ਰਿਹਾ ਹੈ । ਨਦੀਆਂ ਵਿੱਚ ਖਣਨ ਦਾ ਇਤਿਹਾਸ ਰਿਹਾ ਹੈ ਕਿ ਜਿੰਨੇ ਖਣਨ ਦੀ ਮਨਜ਼ੂਰੀ ਲਈ ਜਾਂਦੀ ਹੈ, ਉਸ ਤੋਂ ਵੱਧ ਖਣਨ ਮਿਲੀ ਭੁਗਤ ਨਾਲ ਹੁੰਦਾ ਹੈ। ਇਸ ਖਣਨ ਨਾਲ ਨਦੀਆਂ ਕਿਨਾਰੇ ਕਟਾਅ ਹੁੰਦਾ ਹੈ, ਧਰਤੀ ਅੰਦਰ ਧੱਸਦੀ ਹੈ। ਤੇ ਵਾਤਾਵਰਨ ਲਈ ਨਵਾਂ ਚੈਲੰਜ ਖੜ੍ਹਾ ਕਰਦਾ ਹੈ।

ਇੱਕ ਅੰਦਾਜ਼ੇ ਅਨੁਸਾਰ ਇਕੱਲੇ ਪੰਜਾਬ ਵਿੱਚ ਰੇਤ ਮਾਫੀਆ 20,000 ਕਰੋੜ ਸਲਾਨਾ ਦਾ ਨਜਾਇਜ਼ ਖਣਨ ਕਾਰੋਬਾਰ ਕਰਦਾ ਹੈ। ਉਂਜ ਕੁਲ ਮਿਲਾਕੇ 400 ਲੱਖ ਮੀਟਰਿਕ ਟਨ ਰੇਤਾ ਅਤੇ ਗਟਕਾ ਆਦਿ ਤਿੰਨ ਸਾਲਾਂ ਦੇ ਸਮੇਂ 'ਚ ਖਣਨ ਕਰਨ ਦੀ ਪੰਜਾਬ ਸਰਕਾਰ ਵਲੋਂ ਆਗਿਆ ਹੈ ਅਤੇ ਸਰਕਾਰ ਸਰਕਾਰੀ ਮਾਨਤਾ ਪ੍ਰਾਪਤ ਠੇਕੇਦਾਰਾਂ ਤੋਂ ਉਗਰਾਹੀ ਵੀ ਕਰਦੀ ਹੈ ਅਤੇ ਕੁਝ ਪੰਚਾਇਤਾਂ ਵੀ ਟੈਕਸ ਉਗਰਾਹੁਦੀਆਂ ਹਨ, ਪਰ ਨਜਾਇਜ਼ ਖਣਨ ਇਸ ਉਤੇ ਕਿਧਰੇ ਵੱਧ ਹੁੰਦਾ ਹੈ। ਚਾਂਦਪੁਰ ਰੁੜਕੀ, ਸ਼ਹੀਦ ਭਗਤ ਸਿੰਘ ਨਗਰ ਇਕ ਇਹੋ ਜਿਹਾ ਪਿੰਡ ਹੈ, ਜਿਥੇ ਨਜਾਇਜ਼ ਤੌਰ 'ਤੇ ਰੇਤ, ਬਜ਼ਰੀ, ਗਟਕਾ ਆਦਿ ਦਾ ਖਣਨ ਹੁੰਦਾ ਹੈ। ਪੰਜਾਬ 'ਚ ਖਣਨ ਮਾਫੀਆ ਗੁੰਡਾ ਟੈਕਸ ਵੀ ਉਗਰਾਹੁੰਦਾ ਹੈ। ਇਸੇ ਕਰਕੇ ਰੇਤ ਦੇ ਭਾਅ ਸੱਤ ਅਸਮਾਨੀਂ ਚੜ੍ਹੇ ਹੋਏ ਹਨ।

ਕਰਨਾਟਕ, ਗੋਆ, ਹਰਿਆਣਾ, ਰਾਜਸਥਾਨ ਅਤੇ ਉੜੀਸਾ ਵਿੱਚ 1990 ਤੋਂ ਕੋਲਾ, ਲੋਹਾ, ਬਾਕਸਾਈਟ ਮੈਗਨੀਜ ਖਾਨਣ ਦਾ ਕਾਰੋਬਾਰ ਪ੍ਰਾਈਵੇਟ ਕੰਪਨੀਆਂ ਨੂੰ ਦਿੱਤਾ ਹੈ। ਉਦੋਂ ਤੋਂ ਹੀ ਨਜਾਇਜ਼ ਖਣਨ ਦੇ ਕਾਰੋਬਾਰ ਨੇ ਜ਼ੋਰ ਫੜਿਆ ਹੈ। ਭਾਰਤ ਵਿੱਚ ਇਹ ਸਕੈਮ 2 ਘੁਟਾਲੇ ਅਤੇ ਕਾਮਨਵੈਲਥ ਗੇਮਾਂ 'ਚ ਹੋਏ ਘੁਟਾਲੇ ਤੋਂ ਕਿਤੇ ਵੱਡਾ ਹੈ। ਪਰ ਇਸ ਦਾ ਅੰਦਾਜ਼ਾ ਲਗਾਉਣਾ ਔਖਾ ਹੈ ਕਿ ਸਰਕਾਰਾਂ ਨੂੰ ਕਿੰਨੇ ਅਰਬਾਂ,ਖਰਬਾਂ ਦਾ ਚੂਨਾ ਇਹ ਮਾਫੀਆ ਲੋਕ ਲਗਾ ਰਹੇ ਹਨ। ਮਹਾਂਰਾਸ਼ਟਰ, ਇੱਕ ਇਹੋ ਜਿਹਾ ਸੂਬਾ ਹੈ ਜਿੱਥੇ ਸਭ ਤੋਂ ਵੱਧ ਖਣਨ ਦੇ ਕੇਸ ਹਨ ਜਦਕਿ ਉੜੀਸਾ ਆਂਧਰਾ ਪ੍ਰਦੇਸ਼ ਨੇ ਖਣਨ ਦੇ ਮਾਮਲੇ 'ਚ ਮਾਫੀਆ ਨੂੰ ਨੱਥ ਪਾਈ ਹੈ ਅਤੇ ਇੱਥੇ ਸਾਲ ਦਰ ਸਾਲ ਨਜਾਇਜ਼ ਖਣਨ ਦੇ ਮਾਮਲੇ ਘਟੇ ਹਨ। ਉਂਜ ਕੋਲਾ ਸਕੈਮ ਦੇਸ਼ ਭਰ ਵਿੱਚ ਵੱਡਾ ਚਰਚਾ ਦਾ ਵਿਸ਼ਾ ਬਣਿਆ ਜਦੋਂ ਸਰਕਾਰੀ ਖਜ਼ਾਨੇ ਨੂੰ 1.86 ਟ੍ਰਿਲੀਅਨ ਰੁਪਿਆ ਦਾ ਚੂਨਾ ਲੱਗਿਆ। ਪਿਛਲੇ ਸਾਲ 226 ਕਰੋੜ ਦਾ ਧੰਦਾ ਖ਼ਾਸ ਤੌਰ 'ਤੇ ਖਣਿਜ ਪਦਾਰਥਾਂ ਦੇ ਖਣਨ ਕਾਰਨ ਹੋਇਆ। ਇਸ ਸਬੰਧੀ 766 ਕੇਸ ਦਰਜ ਹੋਏ 514 ਕੇਸਾਂ 'ਤੇ ਕਾਰਵਾਈ ਕੀਤੀ ਜਾ ਰਹੀ ਹੈ। ਸਾਲ 2010-11 ਵਿੱਚ ਗੈਰ ਕਾਨੂੰਨੀ ਖਣਿਜ ਖਣਨ ਦੇ 14204 ਕੇਸ ਦਰਜ਼ ਹੋਏ ਸਨ ਅਤੇ 43 ਲੱਖ ਟਨ ਦੀ ਮੁੱਖ ਖਣਿਜਾਂ ਦੀ ਗੈਰ ਕਾਨੂੰਨੀ ਮਾਇਨਿੰਗ ਕੀਤੀ ਗਈ।

ਖਣਨ ਨਾਲ ਪ੍ਰਦੂਸ਼ਣ ਵਧ ਰਿਹਾ ਹੈ ਅਤੇ ਸਾਡੀ ਸਿਹਤ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਰਹੀ ਹੈ, ਇਹੀ ਨਹੀਂ ਇਸ ਨਾਲ ਸਮਾਜਿਕ ਨਾ-ਬਰਾਬਰੀ 'ਚ ਵਾਧਾ ਹੋ ਰਿਹਾ ਹੈ। ਪਿਛਲੇ ਦਿਨਾਂ 'ਚ ਜਿਵੇਂ ਇਸਦੀ ਮੰਗ ਅਤੇ ਕੀਮਤ 'ਚ ਵਾਧਾ ਹੋਇਆ ਹੈ, ਉਸ ਕਾਰਨ ਨਦੀਆਂ ਅਤੇ ਸਮੁੰਦਰੀ ਤੱਟਾਂ ਦੀ ਸਥਿਤੀ ਉੱਤੇ ਬੁਰਾ ਪ੍ਰਭਾਵ ਪਿਆ ਹੈ। ਗੈਰ ਜ਼ਿੰਮੇਵਾਰਾਨਾ ਤਰੀਕੇ ਨਾਲ ਕੀਤੇ ਜਾ ਰਹੇ ਖਣਨ ਦੇ ਚਲਦਿਆਂ ਨਦੀਆਂ ਅਤੇ ਸਮੁੰਦਰ ਕੰਢੇ ਵਸੇ ਲੋਕਾਂ, ਉਹਨਾ ਦੇ ਘਰਾਂ ਅਤੇ ਬੁਨਿਆਦੀ ਢਾਂਚੇ ਅਤੇ ਨਾਲ-ਨਾਲ ਉਹਨਾਂ ਦੀ ਅਰਥ ਵਿਵਸਥਾ ਦਾ ਵੀ ਨੁਕਸਾਨ ਹੋ ਰਿਹਾ ਹੈ। ਅੰਦਾਜ਼ੇ ਮੁਤਾਬਕ 300 ਕਰੋੜ ਲੋਕਾਂ ਦੇ ਜੀਵਨ ਨੂੰ ਇਸਨੇ ਦੁਨੀਆ ਭਰ 'ਚ ਪ੍ਰਭਾਵਿਤ ਕੀਤਾ ਹੈ। ਪਿਛਲੇ ਕੁਝ ਸਾਲਾਂ ਵਿੱਚ ਰੇਤ ਨੂੰ ਲੈ ਕੇ ਹੋਏ ਸੰਘਰਸ਼ਾਂ ਵਿੱਚ ਸੈਂਕੜੇ ਸਥਾਨਕ ਨਾਗਰਿਕ ਪੁਲਿਸ ਅਤੇ ਸਰਕਾਰੀ ਅਧਿਕਾਰੀ ਮਾਰੇ ਜਾ ਚੁੱਕੇ ਹਨ।

ਦੇਸ਼ ਵਿੱਚ ਵਿਕਾਸ ਦਾ ਇਹੋ ਜਿਹਾ ਸੰਤੁਲਿਤ ਅਤੇ ਆਦਰਸ਼ ਮਾਡਲ ਬਨਾਉਣ 'ਚ ਅਸੀਂ ਨਾਕਾਮ ਰਹੇ ਹਨ, ਸਿੱਟੇ ਵਜੋਂ ਖਣਨ ਬੇਇੰਤਹਾ ਹੋ ਰਿਹਾ ਹੈ। ਚਾਹੀਦਾ ਤਾਂ ਇਹ ਸੀ ਕਿ ਵਿਕਾਸ ਦੀ ਗਤੀਸ਼ੀਲਤਾ ਵੀ ਬਣੀ ਰਹਿੰਦੀ ਅਤੇ ਵਾਤਾਵਰਨ ਵੀ ਸੁਰੱਖਿਅਤ ਰੱਖਿਆ ਜਾਂਦਾ। ਆਧੁਨਿਕ ਵਿਕਾਸ ਦਾ ਅਧਾਰ ਕੁਦਰਤੀ ਰੱਖਿਆ ਹੈ, ਇਸ ਲਈ ਕੇਂਦਰ ਅਤੇ ਰਾਜ ਸਰਕਾਰਾਂ ਇਹੋ ਜਿਹੇ ਨੀਤੀਗਤ ਫ਼ੈਸਲੇ ਕਰਦੀਆਂ ਹਨ, ਜਿਹਨਾ ਨਾਲ ਹਰ ਪ੍ਰਕਾਰ ਦੇ ਨਿਰਮਾਣ ਕੰਮਾਂ 'ਚ ਕੋਈ ਅੜਿੱਕਾ ਨਾ ਪਵੇ ਖ਼ਾਸ ਤੌਰ 'ਤੇ ਭਵਨ ਅਤੇ ਸੜਕਾਂ ਦੇ ਨਿਰਮਾਣ ਵਿੱਚ। ਪਰ ਜਦ ਤੱਕ ਨਿਰਮਾਣ ਉਤੇ ਕੁਝ ਬੰਦਿਸ਼ ਲਗਾਉਂਦਿਆਂ, ਹੋਰ ਬਦਲਵੇਂ ਸਾਧਨ ਪੈਦਾ ਨਹੀਂ ਕੀਤੇ ਜਾਂਦੇ, ਉਦੋਂ ਤੱਕ ਜਾਇਜ਼/ ਨਜਾਇਜ਼ ਖਣਨ ਉਤੇ ਬੰਦਿਸ਼ ਲਗਾਉਣਾ ਔਖਾ ਹੈ।

ਅੱਜ ਸੀਮਿੰਟ, ਕੰਕਰੀਟ ਅਤੇ ਲੋਹੇ ਦੀ ਵਰਤੋਂ ਨਾਲ ਆਧੁਨਿਕ ਵਿਕਾਸ ਜੋੜਿਆ ਜਾ ਚੁੱਕਾ ਹੈ। ਇਸੇ ਦੇ ਨਾਲ ਹੀ ਉਦਯੋਗਿਕ ਵਿਕਾਸ ਵਧਦਾ ਫੁਲਦਾ ਹੈ। ਇਸ ਵਿਕਾਸ ਦੀ ਬੁਨਿਆਦ ਜਲ, ਜ਼ਮੀਨ ਅਤੇ ਜੰਗਲ ਤੇ ਟਿੱਕੀ ਹੈ ਜਦਕਿ ਖਣਿਜ, ਤੇਲ ਆਦਿ ਵੀ ਵਿਕਾਸ ਦੇ ਪਹਿਲੂ ਬਣ ਚੁੱਕੇ ਹਨ। ਇਸੇ ਕਰਕੇ ਇਹ ਖਾਣਾਂ ਦੇ ਭੰਡਾਰ ਤੇਜ਼ੀ ਨਾਲ ਘੱਟ ਰਹੇ ਹਨ। ਇਸ ਨਾਲ ਕੁਦਰਤੀ ਸੰਤੁਲਨ ਵਿਗੜਦਾ ਜਾ ਰਿਹਾ ਹੈ। ਸਿੱਟੇ ਵਜੋਂ ਇਸ ਸੰਕਟ ਦੇ ਹੋਰ ਡੂੰਘਾ ਹੋਣ ਨਾਲ ਆਬਾਦੀ ਦੇ ਜੀਊਣ ਦਾ ਅਧਿਕਾਰ ਖਤਰੇ 'ਚ ਪੈਂਦਾ ਜਾ ਰਿਹਾ ਹੈ। ਕਿਉਂਕਿ ਕੁਦਰਤੀ ਖਜ਼ਾਨੇ ਜੇਕਰ ਲੁੱਟ ਲਏ ਜਾਣਗੇ ਤਾਂ ਸੰਵਿਧਾਨ ਦੀ ਧਾਰਾ ਇੱਕੀ ਵਿੱਚ ਦਿੱਤੇ ਜੀਊਣ ਦੇ ਅਧਿਕਾਰ ਦਾ ਆਖ਼ਿਰ ਕੀ ਅਰਥ ਰਹਿ ਜਾਏਗਾ?

ਗੁਰਮੀਤ ਪਲਾਹੀ

## ਮਿੰਨੀ ਕਹਾਣੀ: ਅੰਨ-ਪੂਰਨਾ

-ਅਰਚਨਾ ਸਿੰਘ-

ਮੇਰੀ ਭਾਣਜੀ ਦਾ ਦਾਖਲਾ ਉਸੇ ਸ਼ਹਿਰ ਵਿੱਚ ਹੋਇਆ, ਜਿਸ ਵਿੱਚ ਮੇਰਾ ਤਬਾਦਲਾ ਹੋਇਆ ਸੀ। ਬੱਚਿਆਂ ਦੀ ਪੜ੍ਹਾਈ ਕਾਰਨ ਮੈਂ ਪਰਵਾਰ ਨੂੰ ਨਾਲ ਨਹੀਂ ਲਿਆਇਆ ਸੀ। ਮੈਂ ਦੋ ਕਮਰਿਆਂ ਦਾ ਛੋਟਾ ਜਿਹਾ ਇੱਕ ਘਰ ਕਿਰਾਏ ਉੱਤੇ ਲੈ ਲਿਆ ਸੀ, ਜਿਸ ਵਿੱਚ ਸਿਰਫ ਲੋੜ ਦਾ ਸਾਮਾਨ ਸੀ। ਭਾਣਜੀ ਕਾਲਜ ਦੇ ਹੋਸਟਲ ਵਿੱਚ ਰਹਿੰਦੀ ਸੀ, ਕਦੇ ਕਦੇ ਛੁੱਟੀ ਵਾਲੇ ਦਿਨ ਮੈਂ ਉਸ ਨੂੰ ਘਰ ਲੈ ਆਉਂਦਾ ਜਾਂ ਉਹ ਖੁਦ ਫੋਨ ਕਰ ਕੇ ਆ ਜਾਂਦੀ ਸੀ।

ਇੱਕ ਦਿਨ ਉਸ ਦਾ ਫੋਨ ਆਇਆ, ''ਮਾਮਾ ਜੀ ਪੇਪਰ ਖਤਮ ਹੋਣ ਵਾਲੇ ਹਨ, ਅੱਠ ਦਿਨ ਦੀ ਪ੍ਰੈਪੇਰੇਟਰੀ ਲੀਵ ਪੈ ਗਈ ਹੈ, ਹੋਸਟਲ ਬੰਦ ਹੋ ਗਏ ਹਨ। ਘਰ ਜਾਵਾਂਗੀ ਤਾਂ ਦੋ ਦਿਨ ਆਉਣ-ਜਾਣ ਵਿੱਚ ਖਰਾਬ ਹੋ ਜਾਣਗੇ, ਇਸ ਲਈ ਤੁਹ-ਾਡੇ ਕੋਲ ਆ ਜਾਂਦੀ ਹਾਂ।''

ਮੈਂ ਕਿਹਾ, ''ਹਾਂ ਹਾਂ ਜ਼ਰੂਰ ਆ ਜਾਓ, ਭਲਾ ਇਹ ਵੀ ਕੋਈ ਪੁੱਛਣ ਦੀ ਗੱਲ ਹੈ।''

''ਮਾਮਾ ਜੀ 12 ਵਜੇ ਤੱਕ ਪੁੱਜਦੀ ਹਾਂ।''

ਮੈਂ ਕਿਹਾ, ''ਮੈਂ ਦਫਤਰ ਚਲਾ ਜਾਵਾਂਗਾ, ਚਾਬੀ ਘਰ ਦੀ ਮਾਲਕਣ ਨੂੰ ਦੇ ਦੇਵਾਂਗਾ, ਤੂੰ ਲੈ ਲਈਂ।''

ਸ਼ਾਮ ਨੂੰ ਘਰ ਪੁੱਜਿਆ ਤਾਂ ਦੇਖਿਆ, ਭਾਣਜੀ ਨਾਲ ਸਹੇਲੀ, ਜੋ ਉਸ ਦੀ ਰੂਮ-ਮੇਟ ਵੀ ਸੀ, ਆਈ ਸੀ। ਪੁੱਛਣ ਉੱਤੇ ਉਸ ਨੇ ਆਪਣਾ ਨਾਂਅ ਲਕਸ਼ਮੀ ਦੱਸਿਆ। ਉਹ ਵਿਆਹੁਤਾ ਸੀ ਅਤੇ ਭਾਣਜੀ ਨਾਲੋਂ ਸ਼ਾਇਦ ਚਾਰ-ਪੰਜ ਸਾਲ ਵੱਡੀ ਹੋਵੇਗੀ।ਸ਼ਾਮ ਦੀ ਰੋਟੀ ਮੈਂ ਬਾਜ਼ਾਰ ਤੋਂ ਮੰਗਵਾ ਦਿੱਤੀ। ਅਗਲੇ ਦਿਨ ਐਤਵਾਰ ਸੀ। ਮੇਰੀ ਛੁੱਟੀ ਸੀ। ਸੋਚਿਆ ਆਲੇ ਦੇ ਪਰੌਂਠੇ ਬਣਾ ਦਿੰਦਾ ਹਾਂ। ਇਸ ਸਵਾ ਸਾਲ ਵਿਚ ਮੈਂ ਪੇਟ ਭਰਨ ਲਾਇਕ ਖਾਣਾ ਬਣਾਉਣਾ ਸਿੱਖ ਗਿਆ ਸੀ।ਭਾਣਜੀ ਨੂੰ ਤਾਂ ਰਸੋਈ ਦਾ ਕੰਮ ਆਉਂਦਾ ਨਹੀਂ ਸੀ, ਲਕਸ਼ਮੀ ਨੂੰ ਕਹਿਣ ਵਿੱਚ ਝਿਜਕ ਹੋਈ ਕਿ ਨਾਸ਼ਤ ਬਣਾ ਲਓ। ਆਖਰ ਸੀ ਤਾਂ ਉਹ ਵੀ ਭਾਣਜੀ ਹੀ।ਮੈਂ ਅਜੇ ਰਸੋਈ ਵਿੱਚ ਗਿਆ ਹੀ ਸੀ ਕਿ ਲਕਸ਼ਮੀ ਆਈ ਤੇ ਕਹਿੰਦੀ, ''ਮਾਮਾ ਜੀ ਕੀ ਬਣਾ ਰਹੇ ਹੋ?''

ਮੈਂ ਕਿਹਾ: ''ਆਲੂ ਦੇ ਪਰੌਂਠੇ ਬੱਚੇ।''

ਉਹ ਹੱਸਦੇ ਹੋਈ ਬੋਲੀ, ''ਤੁਸੀਂ ਛੱਡੋ, ਮੈਂ ਬਣਾਉਂਦੀ ਹਾਂ।''

ਮੇਰੇ ਮਨ੍ਹਾ ਕਰਨ ਉੱਤੇ ਵੀ ਉਹ ਨਹੀਂ ਮੰਨੀ ਅਤੇ ਉਸ ਨੇ ਮੈਨੂੰ ਬਾਹਰ ਭੇਜ ਦਿੱਤਾ। ਲਗਭਗ ਅੱਧੇ ਘੰਟੇ ਬਾਅਦ ਉਸ ਨੇ ਆਵਾਜ਼ ਦਿੱਤੀ, ''ਮਾਮਾ ਜੀ ਆਓ ਨਾਸ਼ਤਾ ਕਰ ਲਓ।''

''ਬਣਾ ਲਓ ਫਿਰ ਇਕੱਠੇ ਖਾਵਾਂਗੇ।'' ਮੈਂ ਕਿਹਾ।

''ਨਹੀਂ ਮਾਮਾ ਜੀ ਅੱਜ ਤੁਸੀਂ ਗਰਮ-ਗਰਮ ਖਾਓ।'' ਇਹ ਕਹਿ ਕੇ ਉਹ ਮੇਰੇ ਲਈ ਨਾਸ਼ਤਾ ਲੈ ਆਈ।


ਐਤਵਾਰ ਨੂੰ ਅਕਸਰ ਮੈਂ ਆਲੂ ਦੇ ਪਰੌਂਠੇ ਬਣਾਉਂਦਾ ਸੀ ਅਤੇ ਬ੍ਰੇਕਫਾਸਟ ਅਤੇ ਲੰਚ ਇਕੱਠਾ ਕਰ ਲੈਂਦਾ ਸੀ, ਪਰ ਅੱਜ ਜੋ ਉਸ ਬੇਟੀ ਦੇ ਹੱਥ ਦੇ ਬਣੇ ਪਰੌਂਠੇ ਖਾਧੇ ਤਾਂ ਪਰਮ ਆਨੰਦ ਦੀ ਪ੍ਰਾਪਤੀ ਹੋਈ, ਰੂਹ ਖੁਸ਼ ਹੋ ਗਈ।

ਅਜਿਹਾ ਮਹਿਸੂਸ ਹੋਇਆ ਜਿਵੇਂ ਭਾਣਜੀ ਨਹੀਂ, ਅੰਨਪੂਰਨਾ ਹੀ ਮੈਨੂੰ ਪਰੌਂਠੇ ਬਣਾ ਕੇ ਖੁਆ ਰਹੀ ਹੋਵੇ। ਉਸ ਦੇ ਲਈ ਮਨ ਵਿੱਚੋਂ ਅਸ਼ੀਰਵਾਦ ਨਿਕਲਿਆ। ਮੈਂ ਮਨ ਹੀ ਮਨ ਕਿਹਾ, ''ਤੂੰ ਲਕਸ਼ਮੀ ਤਾਂ ਹੈ ਹੀ, ਅੰਨ-ਪੂਰਨਾ ਵੀ ਏਂ।''

ਔਰਤ ਨੂੰ ਅੰਨਪੂਰਨਾ ਕਿਉਂ ਕਹਿੰਦੇ ਹਨ, ਇਹ ਮੈਨੂੰ ਅੱਜ ਪਤਾ ਲੱਗਾ ਸੀ।

# ਸੋਨੇ ਦੀ ਚਿੜੀ ਤਾਂ ਭਾਰਤ ਸੀ, ਤੇ ਅੱਜ ਵੀ ਹੈ, ਪਰ ਲੋਕਾਂ ਲਈ ਨਹੀਂ, ਲੁਟੇਰਿਆਂ ਦੇ ਪਿੰਜਰੇ ਵਿੱਚ ਹੈ



ਜਤਿੰਦਰ ਪੰਨੂ

ਮੈਂ ਅਤੇ ਮੇਰੇ ਵਰਗੇ ਬਹੁਤ ਸਾਰੇ ਲੋਕਾਂ ਨੇ ਉਹ ਦਿਨ ਬਚਪਨ ਵਿੱਚ ਦੇਖੇ ਹੋਏ ਹਨ, ਜਦੋਂ ਘਰ ਕੱਚੀ ਮਿੱਟੀ ਦੇ ਹੁੰਦੇ ਸਨ ਅਤੇ ਸਾਰੇ ਪਿੰਡ ਵਿੱਚ ਇੱਕ-ਦੋ ਘਰ ਪੱਕੀਆਂ ਇੱਟਾਂ ਵਾਲੇ ਹੋਣ ਕਰ ਕੇ ਉਨ੍ਹਾਂ ਨੂੰ ਲੋਕ 'ਮਹਿਲਾਂ ਵਾਲੇ' ਕਿਹਾ ਕਰਦੇ ਸਨ। ਅੱਜ ਪੰਜਾਬ ਵਿੱਚ ਸ਼ਾਇਦ ਹੀ ਕਿਸੇ ਦਾ ਘਰ ਪੂਰੇ ਦਾ ਪੂਰਾ ਕੱਚਾ ਰਹਿ ਗਿਆ ਹੋਵੇ, ਪਰ ਬਾਕੀ ਦੇਸ਼ ਵਿੱਚ ਅੱਜ ਵੀ ਲਗਭਗ ਹਰ ਰਾਜ ਵਿੱਚ ਕੱਚੀ ਮਿੱਟੀ ਦੇ ਘਰ ਮਿਲ ਜਾਂਦੇ ਹਨ। ਮੈਂ ਤੇ ਮੇਰੇ ਵਰਗੇ ਲੋਕ ਬਚਪਨ ਵਿੱਚ ਸਕੂਲੀ ਪੜ੍ਹਾਈ ਵਿੱਚ ਵੀ ਅਤੇ ਆਏ-ਗਏ ਕਿਸੇ ਕਥਾ-ਵਾਚਕ ਤੋਂ ਵੀ ਇਹ ਜਾਣ ਕੇ ਹੈਰਾਨ ਹੁੰਦੇ ਸਾਂ ਕਿ ਭਾਰਤ ਕਿਸੇ ਵਕਤ ਸੋਨੇ ਦੀ ਚਿੜੀ ਹੁੰਦਾ ਸੀ। ਕੱਚੇ ਘਰ ਜਦੋਂ ਸਾਡੇ ਸਮਿਆਂ ਤੱਕ ਵੀ ਸਨ ਅਤੇ ਉਨ੍ਹਾਂ ਵਿੱਚ ਲੋਕ ਵਸੇਬਾ ਕਰਦੇ ਸਨ ਤਾਂ ਕਈ ਸਦੀਆਂ ਪਹਿਲਾਂ ਇਸ ਦੇਸ਼ ਦੇ ਸੋਨੇ ਦੀ ਚਿੜੀ ਹੋਣ ਦਾ ਯਕੀਨ ਨਹੀਂ ਸੀ ਆਉਂਦਾ। ਦੇਸ਼ ਦੇ ਇਤਿਹਾਸ ਬਾਰੇ ਬਹੁਤ ਵੱਡਾ ਜਾਣਕਾਰ ਸਮਝੇ ਜਾਂਦੇ ਇੱਕ ਸੱਜਣ ਤੋਂ ਜਦੋਂ ਅਸੀਂ ਇਹੋ ਗੱਲ ਪੁੱਛੀ ਤਾਂ ਉਸ ਨੇ ਆਖਿਆ ਕਿ ਉਹ ਗੱਲ ਵੀ ਠੀਕ ਸੀ ਤੇ ਜਿਹੜੀ ਤੁਸੀਂ ਸੋਚਦੇ ਹੋ, ਉਹ ਵੀ ਠੀਕ ਹੈ। ਉਸ ਨੇ ਕਿਹਾ ਸੀ ਕਿ ਰਾਜਿਆਂ ਦੇ ਸਦੀਆਂ ਪੁਰਾਣੇ ਮਹਿਲ-ਮੁਨਾਰੇ ਅਤੇ ਦੇਸ਼ ਦੇ ਪੁਰਾਤਨ ਸਮੇਂ ਦੇ ਮੰਦਰਾਂ ਵੱਲ ਵੇਖੋ ਤਾਂ ਓਦੋਂ ਭਾਰਤਸਚਮੁੱਚ ਸੋਨੇ ਦੀ ਚਿੜੀ ਹੋਵੇਗਾ, ਪਰ ਦੇਸ਼ ਦੇ ਆਮ ਲੋਕ ਉਸ ਵੇਲੇ ਵੀ ਭੁੱਖ-ਦੁੱਖ ਦੀ ਦਲਦਲ ਵਿੱਚ ਫਸੇ ਹੋਏ ਸਨ ਅਤੇ ਅੱਜ ਵੀ ਹਨ। ਇਨ੍ਹਾਂ ਦੀ ਇਸ ਮੰਦੀ ਹਾਲਤ ਦਾ ਕਾਰਨ ਇਹ ਹੈ ਕਿ ਇਨ੍ਹਾਂ ਦੀ ਕਿਰਤ ਦੀ ਕਮਾਈ ਕਦੇ ਇਨ੍ਹਾਂ ਕੋਲ ਨਹੀਂ ਰਹੀ, ਜਿਨ੍ਹਾਂ ਲੋਕਾਂ ਕੋਲ ਚਲੀ ਜਾਂਦੀ ਸੀ, ਉਹ ਓਦੋਂ ਵੀ ਖੁਸ਼ਹਾਲ ਹੋ ਜਾਂਦੇ ਸਨ ਅਤੇ ਉਨ੍ਹਾਂ ਨੂੰ ਭਾਰਤ ਦੇਸ਼ ਸੋਨੇ ਦੀ ਚਿੜੀ ਜਾਪਦਾ ਸੀ ਤੇ ਆਮ ਲੋਕਾਂ ਲਈ ਇਹ ਦੇਸ਼ ਨਾ ਓਦੋਂ ਸੋਨੇ ਦੀ ਚਿੜੀ ਹੁੰਦਾ ਸੀ, ਨਾ ਅੱਜ ਹੀਇਸ ਨੂੰਲੋਕਾਂ ਲਈ ਸੁਖਾਵਾਂ ਕਿਹਾ ਜਾ ਸਕਦਾ ਹੈ। ਪਿਛਲੇ ਦਿਨਾਂ, ਅਤੇ ਸਿਰਫ ਦਿਨਾਂ ਨਹੀਂ, ਪਿਛਲੇ ਕੁਝ ਮਹੀਨਿਆਂਵਿੱਚ ਜੋ ਕੁਝ ਸਾਡੇ ਸਾਹਮਣੇ ਆਇਆ ਹੈ, ਉਹ ਸਾਰਾ ਕੁਝ ਇਹੋ ਦੱਸਦਾ ਹੈ ਕਿ ਭਾਰਤ ਅੱਜ ਵੀ ਸੋਨੇ ਦੀ ਚਿੜੀ ਹੈ, ਪਰ ਸਿਰਫ ਚੋਣਵੇਂ ਲੋਕਾਂ ਲਈ ਹੈ।

ਜਦੋਂ ਪੰਜਾਬ ਤੇ ਇਸ ਦੇ ਨਾਲ ਉੱਤਰ ਪ੍ਰਦੇਸ਼ ਦੀਆਂ ਵਿਧਾਨ ਸਭਾ ਚੋਣਾਂ ਦਾ ਮੈਦਾਨ ਭਖਦਾ ਪਿਆ ਸੀ ਤਾਂ ਇੱਕ ਦਿਨ ਇਹ ਗੱਲ ਸੁਣੀ ਗਈ ਕਿ ਉੱਤਰ ਪ੍ਰਦੇਸ਼ ਦੇ ਕਾਨਪੁਰ ਵਿੱਚ ਪਿਊਸ਼ ਜੈਨ ਨਾਂਅ ਦੇ ਇੱਕ ਬੰਦੇ ਤੋਂ ਜੀ ਐੱਸ ਟੀ (ਗੁਡਜ਼ ਐਂਡ ਸਰਵਿਸ ਟੈਕਸ) ਵਿਭਾਗ ਨੇ ਦਸ ਕਰੋੜ ਰੁਪਏ ਨਕਦ ਪਕੜੇ ਹਨ। ਅਸੀਂ ਅਜੇ ਏਨੀ ਵੱਡੀ ਬਰਾਮਦਗੀ ਤੋਂ ਹੈਰਾਨ ਹੋਰਹੇ ਸਾਂ ਕਿ ਸਿਰਫ ਦੋ ਦਿਨ ਬਾਅਦ ਉਸ ਤੋਂ ਇਕੱਠੇ ਇੱਕ ਸੌ ਸਤਾਸੀ ਕਰੋੜ ਰੁਪਏ ਨਕਦੀ ਮਿਲਣ ਦੀ ਨਵੀਂ ਖਬਰ ਆ ਗਈ। ਫਿਰ ਸੁਣਿਆ ਸੀ ਕਿ ਉਸ ਦੇ ਦੋ ਗੋਦਾਮਾਂ ਤੋਂ ਵੀ ਪੰਜ-ਪੰਜ ਕਰੋੜ ਰੁਪਏ ਨਕਦੀ ਲੁਕਾਈ ਹੋਈ ਮਿਲੀ ਹੈ ਅਤੇ ਅਜੇ ਕੁਝ ਹੋਰ ਮਿਲ ਸਕਦੀ ਹੈ। ਅਸੀਂ ਉਸ ਦੀ ਖਬਰ ਦਾ ਪਿੱਛਾ ਕਰਨਾ ਛੱਡ ਦਿੱਤਾ। ਅਗਲੇ ਕਈ ਦਿਨ ਪਿਊਸ਼ ਜੈਨ ਦੇ ਵੱਖ-ਵੱਖ ਟਿਕਾਣਿਆਂ ਤੋਂ ਸੋਨਾ ਅਤੇ ਨਕਦੀ ਮਿਲਣ ਦੀਆਂ ਖਬਰਾਂ ਪੜ੍ਹਨ ਲਈ ਅਤੇ ਉਨ੍ਹਾਂ ਨੋਟਾਂ ਨੂੰ ਗਿਣਨ ਵਾਲੀਆਂ ਮਸ਼ੀਨਾਂ ਚੱਲਦੇ ਹੋਣ ਦੀਆਂ ਫੋਟੋ ਸਾਨੂੰ ਵੇਖਣੀ ਪਈਆਂ, ਜਿਹੜੀਆਂ ਗਰੀਬਾਂ ਦਾ ਮੂੰਹ ਚਿੜਾ ਰਹੀਆਂ ਸਨ। ਉਸ ਬਾਰੇ ਪਤਾ ਲੱਗਾ ਕਿ ਉਹ ਕਿਸੇ ਇਹੋ ਜਿਹੀ ਸਿਆਸੀ ਪਾਰਟੀ ਨਾਲ ਨੇੜ ਕਰ ਬੈਠਾ ਸੀ, ਜਿਸ ਨਾਲ ਕੇਂਦਰ ਅਤੇ ਉੱਤਰ ਪ੍ਰਦੇਸ਼ ਵਿੱਚ ਰਾਜ ਕਰਨ ਵਾਲਿਆਂ ਦਾ ਸਿਆਸੀ ਆਢਾ ਚੱਲਦਾ ਸੀ। ਮਾਮਲਾ ਸਿਆਸੀ ਹੋ ਗਿਆ।

ਪਿਛਲੇ ਜੂਨ ਵਿੱਚ ਪੰਜਾਬ ਵਿੱਚ ਸੂਬਾਈ ਸੇਵਾ (ਪੀ ਸੀ ਐੱਸ) ਦਾ ਅਫਸਰ ਤਰੱਕੀ ਨਾਲ ਕੇਂਦਰੀ ਸਰਵਿਸ ਦਾ (ਆਈ ਏ ਐੱਸ) ਅਫਸਰ ਬਣਿਆ ਸੰਜੇ ਪੋਪਲੀ ਇੱਕ ਦਿਨ ਵਿਜੀਲੈਂਸ ਨੇ ਫੜ ਲਿਆ। ਬਦਨਾਮੀ ਉਸ ਦੀ ਬਹੁਤ ਸੀ, ਉਸ ਦੇ ਘਰ ਦੀ ਜਾਂਚ ਹੋਈ ਤਾਂ ਉਸ ਦੀ ਬਦਨਾਮੀ ਦਾ ਕਾਰਨ ਪੰਜਾਬ ਦੇ ਲੋਕਾਂ ਅੱਗੇ ਆ ਗਿਆ। ਉਸ ਦੇ ਘਰੋਂ ਬਾਰਾਂ ਕਿੱਲੋਂ ਸੋਨਾ ਮਿਲਿਆ, ਜਿਸ ਵਿੱਚ ਇੱਕ-ਇੱਕ ਕਿੱਲੋ ਸੋਨੇ ਦੀਆਂ ਨੌਂ ਇੱਟਾਂ ਤੇ ਉਨੰਜਾ ਸੋਨੇ ਦੇ ਬਿਸਕੁਟ ਸਨ ਤੇ ਸੋਨੇ ਦੇ ਬਾਰਾਂ ਸਿੱਕੇ ਵੀ ਸਨ। ਇਸ ਤੋਂ ਬਿਨਾ ਚਾਂਦੀ ਦੀਆਂ ਇੱਕ-ਇੱਕ ਕਿੱਲੋਦੀਆ ਤਿੰਨ ਇੱਟਾਂ ਵੀ ਪਈਆਂ ਮਿਲ ਗਈਆਂ। ਦੁੱਖ ਦੀ ਗੱਲ ਹੈ ਕਿ ਉਸ ਦਾ ਬਹੁਤ ਹੋਣਹਾਰ ਕਿਹਾ ਜਾਂਦਾ ਪੁੱਤਰ ਆਪਣੇ ਬਾਪ ਵੱਲੋਂ ਕੀਤੀ ਕਾਲੀ ਕਮਾਈ ਦੀ ਕਹਾਣੀ ਸੰਸਾਰ ਸਾਹਮਣੇ ਆਉਣ ਦੇ ਦੁੱਖ ਵਿੱਚ ਸੰਸਾਰ ਤੋਂ ਵਿਦਾ ਹੋ ਗਿਆ, ਪਰ ਜਿਹੜੇ ਸੱਚ ਤੋਂ ਪਰਦਾ ਚੁੱਕਿਆ ਗਿਆ, ਉਹ ਇਕੱਲੇ ਸੰਜੇ ਪੋਪਲੀ ਦਾ ਸੀ, ਉਸ ਵਰਗੇ ਕਈ ਅਜੇ ਬੇਪਰਦ ਹੀ ਨਹੀਂ ਹੋਏ।

ਕਹਾਣੀ ਦਾ ਤੀਸਰਾ ਕਾਂਡ ਅਸੀਂ ਪੱਛਮੀ ਬੰਗਾਲ ਵਿੱਚ ਦੌਲਤ ਦਾ ਢੇਰ ਲਾਉਣ ਵਾਲੇ ਮੰਤਰੀ ਪਾਰਥ ਚੈਟਰਜੀ ਦਾ ਕਹਿ ਸਕਦੇ ਹਾਂ, ਪਰ ਇਸ ਦਾ ਮਤਲਬ ਇਹ ਨਹੀਂ ਕਿ ਇਸ ਦੌਰਾਨ ਹੋਰ ਕੋਈ ਵੱਡਾ ਕਿੱਸਾ ਨਹੀਂ ਆਇਆ, ਸਗੋਂ ਇਹ ਹੈ ਕਿ ਸਾਰੇ ਕਿੱਸਿਆਂ ਦੀ ਚਰਚਾ ਕਰਨਾ ਸਾਡੇ ਲਈ ਸੰਭਵ ਨਹੀਂ ਰਿਹਾ। ਪਾਰਥ ਚੈਟਰਜੀ ਨੂੰ ਟੀਚਰ ਭਰਤੀ ਦੇ ਓਦਾਂ ਦੇ ਘੋਟਾਲੇ ਵਿੱਚ ਫੜਿਆ ਗਿਆ ਹੈ, ਜਿੱਦਾਂ ਦੇ ਘੋਟਾਲੇ ਕਾਰਨ ਹਰਿਆਣਾ ਦੇ ਚਾਰ ਵਾਰੀਆਂ ਦੇ ਸਾਬਕਾ ਮੁੱਖ ਮੰਤਰੀ ਓਮ ਪ੍ਰਕਾਸ਼ ਚੌਟਾਲਾ ਅਤੇ ਉਸ ਦਾ ਵੱਡਾ ਪੁੱਤਰ ਅਜੈ ਚੌਟਾਲਾ ਦਸ ਸਾਲ ਜੇਲ੍ਹ ਵਿੱਚ ਰਹੇ ਸਨ। ਸਾਰੇ ਕੇਸ ਦੀ ਸੁਣਵਾਈ ਦੇ ਬਾਅਦਚੌਟਾਲਾ ਦੀ ਕੁਝ ਜਾਇਦਾਦ ਵੀ ਜ਼ਬਤ ਹੋਈ ਸੀ, ਪਰ ਨੋਟਾਂ ਦੇ ਢੇਰ ਵੇਖਣ ਤੋਂ ਲੋਕ ਵਾਂਝੇ ਰਹੇ ਸਨ ਤੇ ਪਾਰਥ ਚੈਟਰਜੀ ਦੇ ਮਾਮਲੇ ਵਿੱਚ ਇਹ ਵੀ ਕੰਮ ਹੋ ਗਿਆ ਹੈ। ਪਾਰਥ ਚੈਟਰਜੀ ਦੀ ਇੱਕ ਸਹਿਯੋਗਣ ਫਿਲਮ ਮਾਡਲ ਹੁੰਦੀ ਸੀ, ਫਿਰ ਇਸ ਨਾਲ ਮਿਲ ਕੇ ਕਮਾਈ ਕਰਨ ਲੱਗ ਗਈ। ਜਿਸ ਦਿਨ ਪਾਰਥ ਚੈਟਰਜੀ ਫੜੇ ਜਾਣ ਦੀ ਖਬਰ ਆਈ, ਅਗਲੇ ਦਿਨ ਉਸ ਦੀ ਸਹਿਯੋਗਣ ਅਰਪਿਤਾ ਮੁਖਰਜੀ ਦੇ ਘਰ ਛਾਪਾ ਪੈ ਗਿਆ ਤੇ ਪਹਿਲੀ ਖੇਪ ਹੀ ਦਸ ਕਰੋੜ ਰੁਪਏ ਨਕਦੋ-ਨਕਦ ਫੜੇ ਗਏ। ਫਿਰ ਉਸ ਦੇ ਕਦੀ ਇੱਕ ਘਰ ਅਤੇ ਕਦੀ ਦੂਸਰੇ ਘਰ ਛਾਪੇ ਪੈਂਦੇ ਰਹੇ ਤੇ ਉਸ ਦੇ ਘਰੋਂ ਕਰੰਸੀ ਨੋਟ ਮਿਲਣ ਦਾ ਸਿਲਸਿਲਾ ਚੱਲਦਾ ਰਿਹਾ, ਜਿਸ ਦੌਰਾਨ ਇਹ ਖਬਰ ਵੀ ਆਈ ਕਿ ਨੋਟਾਂ ਦੇ ਬੰਡਲ ਏਨੇ ਸਨ ਕਿ ਰੱਖਣ ਲਈ ਕਮਰੇ ਘੱਟ ਹੋਣ ਕਾਰਨ ਟਾਇਲੇਟ ਵਾਲੇ ਕੈਬਿਨਾਂ ਵਿੱਚ ਵੀ ਇੱਟਾਂ ਵਾਂਗ ਚਿਣਨੇ ਪਏ ਸਨ। ਅਗਲੀ ਗੱਲ ਇਹ ਕਿ ਉਨ੍ਹਾਂ ਨੂੰ ਗਿਣਨ ਦੇ ਲਈ ਸਟੇਟ ਬੈਂਕ ਆਫ ਇੰਡੀਆ ਤੋਂ ਲਿਆਂਦੀਆਂ ਮਸ਼ੀਨਾਂ ਨੇ ਜਦੋਂ ਤੱਕ ਹਿਸਾਬ ਕਰ ਕੇ ਸਾਰਾ ਲੇਖਾ ਦੱਸ ਨਹੀਂ ਸੀ ਦਿੱਤਾ, ਅਰਪਿਤਾ ਮੁਖਰਜੀ ਤੇ ਪਾਰਥ ਚੈਟਰਜੀ ਦੋਵਾਂ ਨੂੰ ਪਤਾ ਨਹੀਂ ਸੀ ਕਿ ਉਨ੍ਹਾਂ ਕੋਲ ਕੁੱਲ ਐਨੀ ਦੌਲਤ ਹੈ। ਸਾਰੇ ਲੇਖੇ-ਪੱਤੇ ਪਿੱਛੋਂ ਖਬਰ ਆਈ ਕਿ ਪੰਜਾਹ ਕਰੋੜ ਰੁਪਏ ਨਕਦੀ ਮਿਲਣ ਤੋਂ ਕੁਝ ਕੁ ਹਜ਼ਾਰਾਂ ਦੀ ਕਸਰ ਰਹਿ ਗਈ ਸੀ ਅਤੇ ਸੋਨੇ ਬਾਰੇ ਇੱਕ ਖਬਰ ਸੀ ਕਿ ਅੱਠ ਕਿੱਲੋ ਫੜਿਆ ਹੈ, ਦੂਸਰੀ ਖਬਰ ਸੀ ਕਿ ਗਿਣਤੀ ਪਿੱਛੋਂ ਅਠਾਈ ਕਿੱਲੋ ਤੋਂ ਟੱਪ ਗਿਆ ਹੈ, ਅਸਲ ਵਿੱਚ ਕਿੰਨਾ ਸੀ, ਅਜੇ ਤੱਕ ਪਤਾ ਨਹੀਂ ਲੱਗ ਸਕਿਆ। ਇਸ ਕੇਸ ਦੀ ਜਾਂਚ ਸਿਰੇ ਲੱਗਣ ਤੱਕ ਦੇ ਅੰਦਾਜ਼ੇ ਤਾਂ ਪਤਾ ਨਹੀਂ, ਪਰ ਇਹ ਪਤਾ ਲੱਗ ਗਿਆ ਹੈ ਕਿ ਭਾਰਤ ਦੇ ਆਮ ਲੋਕ ਗਰੀਬ ਕਿਉਂ ਹਨ?

ਜਦੋਂ ਦੇਸ਼ ਦੇ ਪ੍ਰਧਾਨ ਮੰਤਰੀ ਨੇ ਇੱਕ ਦਿਨ ਅੱਠ ਵਜੇ ਰਾਤ ਨੂੰ ਨੋਟਬੰਦੀ ਦਾ ਅਚਾਨਕ ਐਲਾਨ ਕੀਤਾ ਤਾਂ ਕਿਹਾ ਸੀ ਕਿ ਇਸ ਨਾਲ ਕਾਲਾ ਧਨ ਬਾਹਰ ਆ ਜਾਵੇਗਾ ਅਤੇ ਅੱਗੇ ਤੋਂ ਕਾਲਾ ਧਨ ਕਮਾਉਣ ਅਤੇ ਰੱਖਣ ਦਾ ਕੋਈ ਰਾਹ ਨਹੀਂ ਰਹਿ ਸਕੇਗਾ, ਪਰ ਕਾਲਾ ਧਨ ਅੱਜ ਵੀ ਕਮਾਇਆ ਤੇ ਲੁਕਾਇਆ ਜਾ ਰਿਹਾ ਹੈ। ਸੋਨੇ ਦੀ ਚਿੜੀ ਭਾਰਤ ਦੇਸ਼ ਚਾਣਕਿਆ ਵਰਗੇ ਪੁਰਾਣੇ ਨੀਤੀਵਾਨਾਂ ਦੇ ਵੇਲੇ ਵੀ ਸੀ, ਅੱਜ ਦੇ ਆਪਣੇ ਆਪ ਨੂੰ ਚਾਣਕਿਆ ਦੀ ਵੰਸ਼ ਮੰਨਣ ਵਾਲਿਆਂ ਵੇਲੇ ਵੀ ਹੈ, ਪਰ ਇਹ ਸਿਰਫ ਕੁਝ ਲੋਕਾਂ ਲਈ ਸੋਨੇ ਦੀ ਚਿੜੀ ਹੈ, ਜਿਨ੍ਹਾਂ ਨੂੰ ਆਪਣੀ ਦੌਲਤ ਦੇ ਢੇਰਾਂ ਦਾ ਖੁਦ ਨੂੰ ਪਤਾ ਨਹੀਂ, ਆਮ ਲੋਕਾਂ ਲਈ ਓਦੋਂ ਵੀ ਕੱਚੀਆਂ ਕੁੱਲੀਆਂ ਅਤੇ ਖਾਣ ਨੂੰ ਸੁੱਕੀਆਂ ਗੁੱਲੀਆਂ ਸਨ, ਅੱਜ ਵੀ ਉਹੀ ਹਨ। ਭਾਰਤ ਦਾਜਿਹੜਾ ਭਾਗ-ਵਿਧਾਤਾ ਅਸੀਂ ਲੋਕ ਰਾਸ਼ਟਰੀ ਗੀਤ ਗਾ ਕੇ ਯਾਦ ਕਰਦੇ ਹਾਂ, ਉਹ ਆਪਣੀ ਮਿਹਰ ਦੇ ਮੀਂਹ ਭਾਰਤ ਵਿੱਚਸਿਰਫ ਚੋਰਾਂ ਦੇ ਘਰਾਂ ਉੱਤੇ ਪਾਉਂਦਾ ਹੈ, ਆਮ ਲੋਕਾਂ ਦੇ ਘਰੀਂ ਪੁਰਾਤਨ ਯੁੱਗ ਵਿੱਚ ਵੀ ਸੋਕਾ ਹੀ ਹੋਇਆ ਕਰਦਾ ਸੀ, ਅੱਜ ਵੀ ਸੋਕਾ ਹੈ ਅਤੇ ਅੱਗੋਂ ਵੀ ਉਨ੍ਹਾਂ ਦੇ ਦਿਨ ਫਿਰਨ ਦੀ ਆਸ ਨਹੀਂ ਦਿੱਸਦੀ। ਉਹ ਏਨੀ ਗੱਲ ਨਾਲ ਹੀ ਬਹੁਤ ਖੁਸ਼ ਹੋ ਲੈਂਦੇ ਹਨ ਕਿ ਅੱਜ ਫਿਰ ਇੱਕ ਚੋਰ ਫੜਿਆ ਗਿਆ ਹੈ, ਜਿਸ ਕੋਲੋਂ ਮਿਲੇ ਨੋਟਾਂ ਨੂੰ ਗਿਣਨ ਲਈ ਮਸ਼ੀਨਾਂ ਲਾਉਣੀਆਂ ਪਈਆਂ ਹਨ। ਸਿਆਣੇ ਕਹਿੰਦੇ ਹਨ ਕਿ ਬਰਫ ਦਾ ਤੋਦਾ ਜਦੋਂ ਸਮੁੰਦਰ ਵਿੱਚ ਤਰਦਾ ਦਿੱਸੇ ਤਾਂ ਉਸ ਦਾ ਦਸਵਾਂ ਹਿੱਸਾ ਹੀ ਨਜ਼ਰ ਪੈਂਦਾ ਹੈ, ਬਾਕੀ ਨੱਬੇ ਫੀਸਦੀ ਡੁੱਬਿਆ ਹੁੰਦਾ ਹੈ, ਪਰ ਜਦੋਂ ਕੋਈ ਸੰਜੇ ਪੋਪਲੀ, ਕੋਈ ਪਿਊਸ਼ ਜੈਨ ਜਾਂ ਕੋਈ ਪਾਰਥ ਚੈਟਰਜੀ ਫੜਿਆ ਜਾਂਦਾ ਹੈ, ਉਸ ਨਾਲ ਇਸ ਸੋਨੇ ਦੀ ਚਿੜੀ ਦੇ ਨੋਚ-ਨੋਚ ਲੁਕਾਏ ਖੰਭਾਂ ਦੀ ਇੱਕ ਫੀਸਦੀ ਵੀ ਨਹੀਂ ਲੱਭਦੀ, ਨਿਗੂਣੀ ਜਿਹੀ ਲੱਭਤ ਵੀ ਸਾਨੂੰ ਬਹੁਤ ਵੱਡੀ ਜਾਪਣ ਲੱਗ ਪੈਂਦੀ ਹੈ। ਏਦਾਂ ਦੇ ਚੋਰਾਂ ਦੀ ਧਾੜ ਸਾਡੇ ਪੰਜਾਬ ਵਿੱਚ ਵੀ ਬਹੁਤ ਤਕੜੀ ਹੈ, ਅੱਜਕੱਲ੍ਹ ਉਹ ਲੁਕਦੀ ਤੇ ਮਾਲ ਲੁਕਾਉਂਦੀ ਫਿਰਦੀ ਸੁਣੀਂਦੀ ਹੈ, ਜਿਸ ਬਾਰੇ ਅਗਲੇ ਦਿਨਾਂ ਵਿੱਚ ਵੱਡੀਆਂ ਖਬਰਾਂ ਪੜ੍ਹਨ-ਵੇਖਣ ਨੂੰ ਮਿਲ ਜਾਣ ਤਾਂ ਹੈਰਾਨ ਹੋਣ ਦੀ ਲੋੜ ਨਹੀਂ।

# ਕੁਦਰਤ ਸੁਰੱਖਿਆ: ਸਾਡੇ ਹੱਲ ਕੁਦਰਤ ਵਿੱਚ ਹਨ

*"ਵਿਸ਼ਵ ਪ੍ਰਕਿਰਤੀ ਸੁਰੱਖਿਆ ਦਿਵਸ ਹਰ ਸਾਲ 28 ਜੁਲਾਈ ਨੂੰ ਮਨਿਆ ਜਾਂਦਾ ਹੈ ਕਿ ਇਹ ਪਛਾਣ ਜਾ ਸਕਦੀ ਹੈ ਕਿ ਇੱਕ ਸਿਹਤਮੰਦ ਵਾਤਾਵਰਣ ਇੱਕ ਸਥਿਰ ਅਤੇ ਉਤਪਾਦਕ ਸਮਾਜ ਅਤੇ ਪੀੜ੍ਹਾਂ ਲਈ ਇੱਕ ਨੀਂਵਾਂ ਹੈ। ਕੁਦਰਤ ਤੋਂ ਜੀਵਨ ਹੈ, ਜੀਵਤ ਹੈ ਤਾਂ ਮਨੁੱਖ ਹੈ, ਮਨੁੱਖਤਾ ਤੋਂ ਮਨੁੱਖਤਾ ਹੈ। ਕੁਦਰਤ ਦੀ ਰੱਖਿਆ ਸਭ ਤੋਂ ਵੱਡਾ ਪੁੰਨ ਦਾ ਕੰਮ ਹੈ। ਵਿਸ਼ਵ ਪ੍ਰਕਿਰਤੀ ਦਿਵਸ 'ਤੇ ਆਈਏ ਅਸੀਂ ਮਿਲਕਰ ਸੰਕਲਪ ਬਣਾਓ ਕਿ ਕੁਦਰਤ ਦੀ ਰੱਖਿਆ ਹੀ ਸਾਡੀ ਸਰਵਉੱਚ ਹੋਵੇਗੀ। ਪਰ ਇਹ ਕਾਨੂੰਨ ਦੀ ਪਾਬੰਦੀ ਸੰਭਵ ਨਹੀਂ ਹੈ ਇਹ ਸਾਡੇ ਅਤੇ ਤੁਹਾਡੇ ਸਮੂਹ ਦੀ ਕੋਸ਼ਿਸ਼ ਤੋਂ ਵੀ ਸੰਭਵ ਹੋ ਸਕਦਾ ਹੈ।"*

*-ਸੱਚਵਾਨ 'ਸੌਰਭ'*



ਕੁਦਰਤ ਵਿੱਚ ਕਈ ਕਿਸਮਾਂ ਦੀਆਂ ਪ੍ਰਜਾਤੀਆਂ ਇੱਕ ਪਾਰਿਸਥਿਤੀ ਪ੍ਰਣਾਲੀ ਵਿੱਚ ਕਾਰਜ ਕਰਦੀਆਂ ਹਨ। ਹਰ ਇੱਕ ਆਪਣੇ ਜੀਵਨ ਦੀ ਲੋੜ ਨੂੰ ਪੂਰਾ ਕਰਨ ਦੇ ਨਾਲ-ਨਾਲ ਵਾਤਾਵਰਣ ਦੇ ਵੱਖ-ਵੱਖ ਹੋਰ ਜੀਵਨ ਲਈ ਵੀ ਕੁਝ ਲਾਭਦਾਇਕ ਦਿੱਤਾ ਜਾ ਸਕਦਾ ਹੈ। ਵਿਸ਼ਵ ਪ੍ਰਕਿਰਤੀ ਸੁਰੱਖਿਆ ਦਿਵਸ ਹਰ ਸਾਲ 28 ਜੁਲਾਈ ਨੂੰ ਮਨਿਆ ਜਾਂਦਾ ਹੈ ਕਿ ਇਹ ਪਛਾਣ ਜਾ ਸਕਦੀ ਹੈ ਕਿ ਇੱਕ ਸਿਹਤਮੰਦ ਵਾਤਾਵਰਣ ਇੱਕ ਸਥਿਰ ਅਤੇ ਉਤਪਾਦਕ ਸਮਾਜ ਅਤੇ ਪੀੜ੍ਹਾਂ ਲਈ ਇੱਕ ਨੀਂਵਾਂ ਹੈ।

ਜੀਵ-ਜੰਤੂਆਂ ਦੇ ਊਰਜਾ ਭੰਡਾਰਨ ਅਤੇ ਵਰਤੋਂ ਦੀਆਂ ਗਤੀਵਿਧੀਆਂ, ਕੁਦਰਤੀ ਪਦਾਰਥਾਂ ਦੇ ਉਤਪਾਦ ਅਤੇ ਵਿਵਹਾਰਕਤਾ, ਪੂਰੀ ਤਰ੍ਹਾਂ ਦੀ ਸਥਿਤੀ ਪ੍ਰਣਾਲੀ ਵਿੱਚ ਪਾਣੀ ਅਤੇ ਲਾਭਦਾਇਕ ਤੱਤ ਦੇ ਚੱਕਰ, ਵਾਤਾਵਰਣ ਵਿੱਚ ਗੈਸਾਂ ਨੂੰ ਠੀਕ ਕਰਨ ਅਤੇ ਵਾਤਾਵਰਣ ਨੂੰ ਵਿਵਸਥਿਤ ਕਰਨ ਵਿੱਚ ਵੀ ਮਦਦ ਮਿਲਦੀ ਹੈ। ਇਸ ਤਰ੍ਹਾਂ, ਵੇ ਮਿੱਟੀ ਦੇ ਨਿਰਮਾਣ, ਪ੍ਰਦੂਸ਼ਨ ਨੂੰ ਘੱਟ ਕਰਨ, ਜ਼ਮੀਨ, ਜਲ ਅਤੇ ਵਾਯੂ ਸੰਸਾਧਨਾਂ ਦੀ ਸੁਰੱਖਿਆ ਵਿੱਚ ਮਦਦ ਕਰਦੇ ਹਨ। ਜੈਵ ਵਿਲਾਸ ਦੇ ਇਹ ਕਾਰਜ ਪ੍ਰਣਾਲੀ ਦੇ ਕਾਰਜਾਂ ਅਤੇ ਸਥਿਰਤਾ ਲਈ ਮਹੱਤਵਪੂਰਨ ਹਨ।

ਵੱਖੋ-ਵੱਖਰੇ ਪੌਧੇ, ਜਾਨਵਰ ਅਤੇ ਸੂਖਮ ਜੀਵ ਜੋ ਜੈਵ ਵਸਤੂਆਂ ਦਾ ਨਿਰਮਾਣ ਕਰਦੇ ਹਨ, ਸਾਡੇ ਅਨਾਜ਼, ਮੱਛੀ ਆਦਿ ਵਰਗੇ ਪਦਾਰਥ ਪ੍ਰਦਾਨ ਕਰਦੇ ਹਨ, ਸਾਡੇ ਕਪੜਿਆਂ ਲਈ ਅਜਿਹੇ ਕਪਾਸ, ਊਨ ਆਦਿ ਜੀਵਤ ਰਹਿਣ ਲਈ ਤੇਲ ਦੀ ਲੱਕੜ ਦੇ ਨਾਲ-ਨਾਲ ਨੀਮ ਵਰਗੀ ਦਵਾਵਾਂ। ਉਤਪਾਦ ਵੀ ਪ੍ਰਦਾਨ ਕਰਦੇ ਹਨ। ਜੈਵ ਵਿਸਤ੍ਰਿਤ ਅਤੇ ਇਸ ਦੇ ਨਾਲ ਹੀ ਗਲੋਬਲ ਜਲਵਾਯੂ ਨੂੰ ਕੰਟਰੋਲ ਕਰਦਾ ਹੈ, ਆਕਸੀਜਨ, ਕਾਰਗਰ ਡਾਈਆਕਸਾਇਡ ਅਤੇ ਹੋਰ ਗੈਸਾਂ ਦੇ ਕਲੋਨਿਕ ਲੈਵਲ ਦਾ ਪ੍ਰਬੰਧਨ ਕਰਦਾ ਹੈ, ਮਿੱਠੇ ਪਾਣੀ ਦੀ ਸੰਭਾਲ ਕਰਦਾ ਹੈ, ਕੁਦਰਤੀ ਸਿੰਕ ਆਦਿ ਨੂੰ ਕਾਰਜਸ਼ੀਲਤਾ ਪ੍ਰਦਾਨ ਕਰਦਾ ਹੈ। ਇਸ ਪ੍ਰਕਾਰ ਜੈਵ ਵਿਲਾਸ ਜੀਵਨ ਅਤੇ ਜੀਵਨ ਨੂੰ ਨਿਯੰਤਰਿਤ ਕਰਦਾ ਹੈ।

ਜੈਵ ਵਿਲਾਸ ਪਰਾਗਣ, ਤੱਤ ਦੇ ਚੱਕਰ ਦੇ ਨਾਲ-ਨਾਲ ਪੁਨਰਚਕ੍ਰਣ, ਗ੍ਰੀਨਹਾਉਸ ਗੈਸ ਦੀ ਕਮੀ ਵਿੱਚ ਮਦਦ ਕਰਦੀ ਹੈ। ਜੈਵ ਵਸਤੂ ਸਾਨੂੰ ਸੁੰਦਰਤਾ ਸੁਖ ਪ੍ਰਦਾਨ ਕਰਦੀ ਹੈ। ਜਲ-ਸਥਾਪਨਾ ਨੂੰ ਉਤਸ਼ਾਹਿਤ ਕਰਨਾ। ਕਈ ਸਮੁਦਾਇਆਂ ਅਤੇ ਸਭਿਆਚਾਰਾਂ ਦੁਆਰਾ ਜੈਵਿਕ ਰੂਪ ਤੋਂ ਵਿਭਿੰਨਤਾ ਦੁਆਰਾ ਪ੍ਰਦਾਨ ਕੀਤੀ ਗਈ ਪਰਿਵੇਸ਼ ਅਤੇ ਸੰਸਾਧਨਾਂ ਦੇ ਨਾਲ ਸਹਿ-ਵਿਕ-ਸਿਤ ਕੀਤਾ ਗਿਆ ਹੈ। ਇਸ ਲਈ, ਇਹ ਇੱਕ ਮਹੱਤਵਪੂਰਨ ਸਮਾਜਿਕ ਭੂਮਿਕਾ ਵੀ ਨਿਭਾਤਾ ਹੈ। ਜੈਵ ਵਿਤਰਣ ਦੁਆਰਾ ਪ੍ਰਦਾਨ ਕੀਤੇ ਜਾਣ ਵਾਲੇ ਮਹੱਤਵਪੂਰਨ ਸੇਵਾਵਾਂ: ਮਨੋਰੰਜਨ ਅਤੇ ਆਰਾਮ, ਵਿਸ਼ੇਸ਼ ਤੌਰ 'ਤੇ ਪਾਰਸਥਿਤਿਕੀ ਯਾਤਰਾ, ਕਲਾ, ਡਿਜ਼ਾਈਨ ਅਤੇ ਉਤਸ਼ਾਹ ਆਤਮਿਕ ਅਨੁਭਵ।

ਜੈਵ ਵਿਲਾਇ ਭੋਜਨ ਜਾਲ ਬਣਾਉਣ ਵਿਚ ਮਦਦ ਕਰਦਾ ਹੈ। ਇਸ ਲਈ, ਹਰ ਪ੍ਰਜਾਤੀ ਦੇ ਜੀਵਤ ਰਹਿਣ ਦੀ ਸੰਭਾਵਨਾ ਵਧੇਰੇ ਹੁੰਦੀ ਹੈ। ਇਸ ਦੇ ਨਤੀਜੇ ਵਜੋਂ ਵਧੇਰੇ ਸਥਿਰ ਭੋਜਨ ਲੜੀ ਅਤੇ ਭੋਜਨ ਜਾਲੇ ਬਣਦੇ ਹਨ। ਜੈਵ ਵਿਗਿਆਨੀ ਖੋਜ, ਸਿੱਖਿਆ ਅਤੇ ਨਿਗਰਾਨੀ ਵਿੱਚ ਮਦਦ ਕਰਦੀ ਹੈ। ਜੈਵ ਵੰਡ, ਇਸ ਪ੍ਰਕਾਰ, ਜੀਵਨ ਦੇ ਕਾਰਜਕਾਰੀ ਅਤੇ ਭੂਮਿਕਾ ਨੂੰ ਸਮਝਾਉਣ ਵਿੱਚ ਮਦਦ ਕਰਦੀ ਹੈ ਜੋ ਹਰ ਕੁਦਰਤੀ ਪਾਰਿਸਥਿਤੀ ਪ੍ਰਣਾਲੀ ਨੂੰ ਨਿਭਾਤੀ ਵਿੱਚ ਰੱਖਣ ਵਿੱਚ ਅਸੀਂ ਮਨੁੱਖ ਦਾ ਇੱਕ ਹਿੱਸਾ ਬਣਾਉਂਦੇ ਹਾਂ।

ਵਿਸ਼ੇਸ਼ ਤੌਰ 'ਤੇ, ਕੁਦਰਤੀ ਪਰਿਸਥਿਤੀ ਪ੍ਰਣਾਲੀ ਦਾ ਫਲਸਰੂਪ ਜ਼ਮੀਨ ਵਿੱਚ ਪਰਿਵਰਤਨ, ਰੇਲਗੱਡੀ ਅਤੇ ਸੜਕ ਵਰਗੀ ਢਾਂਚਿਆਂ ਦਾ ਵਿਕਾਸ, ਸ਼ਹਿਰੀਕਰਨ ਅਤੇ ਖਨਨ ਕਾਰਜਾਂ ਵਿੱਚ ਵਾਧਾ ਹੁੰਦਾ ਹੈ ਜਿਸ ਨਾਲ ਨਿਵਾਸ ਸਥਾਨਾਂ ਨੂੰ ਨੁਕਸਾਨ ਹੁੰਦਾ ਹੈ ਅਤੇ ਵਿਖੰਡਨ ਭੂਮੀ ਦੀ ਵਰਤੋਂ ਨਾਲ ਜੀਵਨ ਵਿੱਚ ਤਬਦੀਲੀ ਹੁੰਦੀ ਹੈ। ਲਿਵਿੰਗ ਪਲੈਨੇਟ ਦੀ ਰਿਪੋਰਟ ਦੇ ਅਨੁਸਾਰ, ਪਿਛਲੇ 40 ਸਾਲਾਂ ਵਿੱਚ ਲਗਭਗ 50% ਉਸ਼ਨਕਤਿਬੰਧੀ ਅਤੇ ਉਪੋਸ਼ਨਕਤਿਬੰਧੀ ਵਣ ਅਤੇ 45% ਸਮਸ਼ੀਤੋ ਸ਼ਣ ਘਾਸ ਦੇ ਮੈਦਾਨਾਂ ਦੇ ਮਨੁੱਖੀ ਉਪਯੋਗਾਂ ਲਈ ਸੰਚਾਲਨ ਕੀਤਾ ਗਿਆ ਹੈ। ਕੁਝ ਨੁਕਸਾਨ ਤੋਂ ਇਲਾਵਾ, ਪ੍ਰਦੂਸ਼ਣ ਤੋਂ ਕਈ ਆਵਾਸਾਂ ਦਾ ਸ਼ਕਿਾਰ ਵੀ ਕਈ ਕਿਸਮਾਂ ਦੀ ਹੋਂਦ ਨੂੰ ਖਤਰੇ ਵਿੱਚ ਪਾਉਣਾ ਹੈ।

ਵਧੇਰੇ ਸ਼ਕਿਾਰ ਜਾਂ ਨਸਲਾਂ ਦਾ ਗਲਤ ਸ਼ਕਿਾਰ, ਪੌਧ ਦੇ ਉਤਪਾਦ ਦੀ ਵਧੇਰੇਤਾ ਅਤੇ ਵਧੇਰੇ ਕੱਟਾਈ ਤੋਂ ਜੈਵ ਵਿਲਾਇਤੀ ਵਿੱਚ ਤੇਜ਼ੀ ਨਾਲ ਘਟਾਓ ਆ ਸਕਦਾ ਹੈ। ਮਨੁੱਖ ਦੇ ਬਦਲੇ ਉਪਭੋਗ ਰੂਪ ਨੂੰ ਅਕਸਰ ਕੁਦਰਤੀ ਸਰੋਤ ਇਸ ਦੋਹਨ ਦੇ ਪ੍ਰਮੁੱਖ ਦੇ ਰੂਪ ਵਿੱਚ ਉਭਾਰਦੇ ਹਨ। ਕਈ ਪ੍ਰਜਾਤੀਆਂ ਜੋ ਪਿਛਲੀ 5 ਸ਼ਤਾਬਦੀਨਾਂ ਵਿੱਚ ਵਿਲੁਪਤ ਹੋ ਗਈਆਂ, ਜਿਵੇਂ ਸਟੇਰ ਦੀ ਸਮੁੰਦਰੀ , , - । ਇਸੇ ਤਰ੍ਹਾਂ ਪ੍ਰਦੂਸ਼ਣ ਤੋਂ ਜਾਨਵਰਾਂ ਦੀ ਮੌਤ ਹੁੰਦੀ ਹੈ। ਇਸ ਦੇ ਨਾਲ, ਉਦਯੋਗਾਂ ਅਤੇ ਵਾਹਨਾਂ ਦੇ ਪ੍ਰਦੂਸ਼ਣ ਕਾਰਨ ਸ਼ਹਿਰੀ ਲੋਕਾਂ ਵਿੱਚ ਕਈ ਪੰਛੀਆਂ ਦੀ ਮੌਤ ਹੁੰਦੀ ਹੈ।

ਜੰਗਲੀ ਜੀਵਨ, ਪੌਧੇ ਅਤੇ ਪਸ਼ੂ ਸੰਸਾਧਨਾਂ ਅਤੇ ਖੇਤਰ ਵਿੱਚ ਰਹਿਣ ਵਾਲੇ ਆਦਿਵਾਸੀਆਂ ਦੇ ਰਵਾਇਤੀ ਜੀਵਨ ਦੀ ਸੁਰੱਖਿਆ ਲਈ ਸੁਰੱਖਿਅਤ ਭੂਮੀ ਦੇ ਵੱਡੇ ਖੇਤਰ ਰਾਸ਼ਟਰੀ ਬਗੀਚੇ ਅਤੇ ਜੰਗਲੀ ਜੀਵ ਅਭਿਆਨੀਆਂ ਹੋ ਸਕਦੀਆਂ ਹਨ। ਭਾਰਤ ਦੇ ਆਦਿਵਾਸੀਆਂ ਨੇ ਵਨਸਪਤੀਆਂ ਅਤੇ ਜੀਵ-ਜੰਤੂਆਂ ਦੀ ਸੁਰੱਖਿਆ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ ਅਤੇ ਆਦਿਵਾਸੀਆਂ ਨੇ ਪਵਿੱਤਰ ਉਪਵਨ ਵਿੱਚ ਵਨਸਪਤੀਆਂ ਅਤੇ ਜੀਵ-ਜੰਤੂਆਂ ਦੀ ਰੱਖਿਆ ਕੀਤੀ ਹੈ। , । ਸਰਕਾਰ ਦੇ ਖੇਤਰ ਵਿੱਚ ਆਪਣੇ ਕਿਸੇ ਵੀ ਏਜੇਂਸੀ ਅਤੇ ਇਨ ਵਨ ਉੱਤੇ ਮੌਜੂਦ ਲੋਕਾਂ ਵਿੱਚ ਵਿਸ਼ਵਾਸ ਪੈਦਾ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ, ਉਨ੍ਹਾਂ ਨੂੰ ਦੇਸ਼ ਵਿੱਚ ਹਰ ਸਮਾਨ ਨਾਗਰਿਕਾਂ ਨੂੰ ਜਾਣਾ ਚਾਹੀਦਾ ਹੈ।

ਅੱਜ ਦੀ ਵਿਸ਼ਵ-ਵਿਆਪੀ ਸੰਸਾਰ ਵਿੱਚ ਜੀਵਨ ਅਤੇ ਕੁਦਰਤ ਦੀ ਸੁਰੱਖਿਆ ਨੇ ਵਧੇਰੇ ਮਹੱਤਵ ਗ੍ਰਹਿਣ ਕਰ ਲਿਆ ਹੈ। ਹੋਰਾਂ ਦੇ ਜੀਵਨ ਦੀ ਦੇਖਭਾਲ ਅਤੇ ਕੁਦਰਤ ਲਈ ਸਹਨੁਭੂਤ ਸਾਨੂੰ ਮਾਨਸਿਕ ਰੂਪ ਨਾਲ ਸਾਡੀ ਕੁਦਰਤ ਦੇ ਨਾਲ ਜੋੜਿਆ ਗਿਆ ਹੈ ਜੋ ਸਾਨੂੰ ਉਪਭੋਗ ਦੇ ਲਾਲਚ ਤੋਂ ਛੁਟਕਾਰਾ ਪ੍ਰਦਾਨ ਕਰਦਾ ਹੈ ਜਿਸਨੇ ਸਾਡੇ ਵਾਤਾਵਰਣ ਨੂੰ ਨਸ਼ਟ ਕਰ ਦਿੱਤਾ ਹੈ। ਵਿਕਸਿਤ ਰਾਸ਼ਟਰ ਇਸ ਤੋਂ ਅਵਗਤ ਹੈ ਕਿ ਵਿਕਾਸ ਕੁਦਰਤ ਜਾਂ ਹੋਰ ਵਿਕਾਸਸ਼ੀਲ ਦੇਸ਼ਾਂ ਦੀ ਕੀਮਤ ਨਹੀਂ ਹੋ ਸਕਦੀ। ਸੁਰੱਖਿਆ 'ਤੇ ਜਨਤਕ ਕਰੁਣਾ ਨੂੰ ਮਜ਼ਬੂਤ ਕਰਨ ਲਈ ਪ੍ਰੇਰਣਾ ਨਾਲ ਤਾਲਮੇਲ ਹੋ ਸਕਦਾ ਹੈ।

ਧਰਤੀ ਦੇ ਕੁਦਰਤੀ ਸੰਸਾਧਨਾਂ ਵਿੱਚ ਹਵਾ, ਪਾਣੀ, ਮਿੱਟੀ, ਖਾਧ ਪਦਾਰਥ, ਪੌਧੇ ਅਤੇ ਜਾਨਵਰ ਸ਼ਾਮਲ ਹਨ। ਇਨ ਸੰਸਾਧਨਾਂ ਦੀ ਦੇਖ-ਭਾਲ ਕਰਨਾ ਅਤੇ ਇਨਕਾ ਹੋਰ ਉਪਯੋਗ ਕਰਨਾ ਹੀ ਕੁਦਰਤ ਦਾ ਬਚਾਅ ਹੈ ਤਾਂ ਜੋ ਸਾਰੇ ਜੀਵਿਤ ਭਵਿੱਖ ਵਿੱਚ ਉਨ੍ਹਾਂ ਦੁਆਰਾ ਲਾਭ ਪਹੁੰਚਾਇਆ ਜਾ ਸਕੇ। ਕੁਦਰਤੀ, ਸੰਸਾਧਨ ਅਤੇ ਵਾਤਾਵਰਣ ਸਾਡੇ ਜੀਵਨ ਅਤੇ ਹੋਂਦ ਦੇ ਆਧਾਰ ਹਨ। ਕੁਦਰਤਿ ਤੋਂ ਜੀਵਨ ਹੈ, ਜੀਵਤ ਹੈ ਤਾਂ ਮਨੁੱਖ ਹੈ, ਮਨੁੱਖਤਾ ਤੋਂ ਮਨੁੱਖਤਾ ਹੈ। ਕੁਦਰਤ ਦੀ ਰੱਖਿਆ ਸਭ ਤੋਂ ਵੱਡਾ ਪੁੰਨ ਦਾ ਕੰਮ ਹੈ। ਹਮ ਵੱਡੀ ਕਿਸਮਤ ਵਾਲੇ ਹਨ ਕਿ ਸਾਡੇ ਸਬੰਧ ਬ੍ਰਹਿਮੰਡ ਦੇ ਉਸ ਸਭ ਤੋਂ ਅਨੋਖੇ ਗ੍ਰਹਿ ਤੋਂ ਹੈ ਜਿਸ ਵਿੱਚ ਜੀਵਨ ਹੈ।

ਪਰ ਸਾਡੀ ਸਦਾ ਲਈ ਕੇਵਲ ਮਨੁੱਖ ਹੀ ਨਹੀਂ ਹੈ, ਸਾਰੇ ਜੀਵ ਇਸ ਗੰਭੀਰ ਸੰਕਟ ਵਿੱਚ ਮੌਜੂਦ ਹਨ। ਅਸੀਂ ਵੀ ਕਹਿ ਸਕਦੇ ਹਾਂ ਕਿ ਸਾਡਾ ਇਹ ਸਭ ਤੋਂ ਵੱਡਾ ਅਨੋਖੇ ਗ੍ਰਹਿ 'ਤੇ ਜੀਵਤ ਦਾ ਜੀਵਨ ਪੈਦਾ ਹੋਇਆ ਹੈ। ਵਿਸ਼ਵ ਪ੍ਰਕਿਰਤੀ ਦਿਵਸ 'ਤੇ ਆਈਏ ਅਸੀਂ ਮਿਲਕਰ ਸੰਕਲਪ ਬਣਾਓ ਕਿ ਕੁਦਰਤ ਦੀ ਰੱਖਿਆ ਹੀ ਸਾਡੀ ਸਰਵਉੱਚ ਹੋਵੇਗੀ। ਪਰ ਇਹ ਕਾਨੂੰਨ ਦੀ ਪਾਬੰਦੀ ਸੰਭਵ ਨਹੀਂ ਹੈ ਇਹ ਸਾਡੇ ਅਤੇ ਤੁਹਾਡੇ ਸਮੂਹ ਦੀ ਕੋਸ਼ਿਸ਼ ਤੋਂ ਵੀ ਸੰਭਵ ਹੋ ਸਕਦਾ ਹੈ।

*- ਸੱਚਵਾਨ 'ਸੌਰਭ',*
*ਰਿਸਰਚ ਸਕੋਰ, ਕਵਿ, ਪੱਤਰਕਾਰ*
*33, ਪਰੀ ਵਾਟਿਕਾ, ਕਲਾ ਭਵਨ,*
*ਬੜਵਾ (ਸਿਵਾਨੀ) ਭਿਵਾਨੀ,*
*ਹਰਿਆਣਾ*
*ਮੋਬਾਈਲ :*
*9466526148*

# ਰੁੱਖ ਵੱਢ ਕੇ ਕਿਵੇਂ ਸੰਭਾਲੀਏ ਮੀਂਹ!

-ਗੁਰਸ਼ਰਨ ਕੌਰ-

ਰੋਜ਼ੀ-ਰੋਟੀ ਦੇ ਸਿਲਸਿਲੇ ਵਿਚ ਦੇਸ਼ ਦੇ ਦੱਖਣੀ ਸਿਰੇ ਉੱਤੇ ਸਮੁੰਦਰੀ ਕੰਢੇ ਉੱਤੇਦੇ ਸ਼ਹਿਰ ਵਿਚ ਵਸਦੇ ਵੱਡੇ ਬੇਟੇ ਦਾ ਰੋਜ਼ ਲਗਭਗ ਸ਼ਾਮ ਨੂੰ ਫੋਨ ਆਉਂਦਾ ਹੈ। ਡਿਊਟੀ ਤੋਂ ਵਿਹਲਾ ਹੋ ਕੇ ਉਹ ਫੋਨ ਕਰਦਾ ਹੈ। ਬੀਤੇ ਦਿਨ ਸਤਿ ਸ੍ਰੀ ਅਕਾਲ ਤੋਂ ਬਾਅਦ ਪੰਜਾਬ ਦੇ ਮੌਸਮ ਬਾਰੇ ਪੁੱਛਣ ਲੱਗਾ। ਅਸੀਂ ਕਿਹਾ ਕਿ ਇੱਥੇ ਅੰਤ ਦੀ ਗਰਮੀ ਹੈ। ਉਸ ਨੇ ਦੱਸਿਆ ਕਿ ਇੱਥੇ ਇੱਕ ਹਫਤੇ ਤੋਂ ਮੀਂਹ ਪੈ ਰਿਹਾ ਹੈ ਤੇ ਮੌਸਮ ਵਿਭਾਗ ਨੇ ਕੱਲ੍ਹ ਫਿਰ ਭਾਰੀ ਮੀਂਹ ਦੀ ਚਿਤਾਵਨੀ ਦਿੱਤੀ ਹੈ।

ਅਸੀਂ ਕਿਹਾ ਕਿ ਕੁਝ ਮੀਂਹ ਪੰਜਾਬ ਵੱਲ ਭੇਜ ਦਿਉ। ਉਹ ਹੱਸ ਕੇ ਕਹਿੰਦਾ, "ਤੁਹਾਡੇ ਨਾਲ ਇੰਦਰ ਦੇਵਤਾ ਰੁੱਸ ਗਿਆ ਲੱਗਦਾ ਹੈ, ਇੱਥੇ ਮੌਸਮ ਖੁਸ਼ਗਵਾਰ ਹੈ, ਇੱਥੇ ਆ ਜਾਓ।" ਕੁਝ ਸਮਾਂ ਗੱਲਾਂ ਕਰ ਕੇ ਫੋਨ ਬੰਦ ਕਰ ਦਿੱਤਾ, ਪਰ ਮਨ ਸੱਚਮੁੱਚ ਅਸ਼ਾਂਤ ਹੋ ਗਿਆ। ਸੋਚਿਆ ਕਿ ਇੱਕ ਨਹੀਂ, ਸਾਡੇ ਨਾਲ ਤਾਂ ਬਹੁਤ ਸਾਰੇ ਦੇਵਤੇ ਰੁੱਸ ਗਏ ਹਨ, ਮੀਂਹ ਨੂੰ ਤਰਸਦੇ ਹਾਂ।ਪਾਣੀ ਦੀ ਤੋਟ ਕਰ ਕੇ ਪੰਜ ਦਰਿਆਵਾਂ ਦੀ ਧਰਤੀ ਉੱਤੇ ਡਾਰਕ ਜ਼ੋਨ ਬਣ ਗਏ ਹਨ, ਬਾਕੀ ਫੈਕਟਰੀਆਂ ਨੇ ਪ੍ਰਦੂਸ਼ਿਤ ਕਰ ਦਿੱਤਾ ਹੈ। ਮੁੱਕਦੀ ਗੱਲ ਇਹ ਕਿ ਧਰਤੀ ਹੇਠਲਾ ਪਾਣੀ ਖਤਮ ਹੋਣ ਕੰਢੇ ਹੈ। ਇਉਂ ਜਾਪਦਾ ਹੈ ਜਿਵੇਂ ਅਸੀਂ ਕਿਸੇ ਜਵਾਲਾਮੁਖੀ ਉਪਰ ਬੈਠੇ ਹੋਈਏ, ਕਿਉਂਕਿ ਧਰਤੀ ਦੀ ਅੰਦਰੂਨੀ ਸਤ੍ਹਾ ਅਜੇ ਵੀ ਬਹੁਤ ਗਰਮ ਹੈ। ਕਦੇ ਵੀ ਕੁਝ ਵਾਪਰ ਸਕਦਾ ਹੈ। ਕੁਦਰਤ ਆਪਣੇ ਨਾਲ ਹੋਈ ਛੇੜਛਾੜ ਨੂੰ ਕਦੇ ਬਰਦਾਸ਼ਤ ਨਹੀਂ ਕਰਦੀ ਅਤੇ ਉਸ ਦਾ ਬਦਲਾ ਲੈਣ ਦਾ ਆਪਣਾ ਹੀ ਢੰਗ ਹੈ। ਪੰਜਾਬ ਦੀ ਹਵਾ ਤਰ੍ਹਾਂ-ਤਰ੍ਹਾਂ ਦੇ ਉਡਦੇ ਧੂੰਏਂ ਨਾਲ ਧੁਆਂਖੀ ਗਈ ਹੈ। ਜ਼ਹਿਰੀਲੀ ਹਵਾ ਵਿੱਚ ਸਾਹ ਲੈਣ ਨਾਲ ਛੋਟੇ ਬੱਚੇ ਵੀ ਸਾਹ ਨਾਲ ਸੰਬੰਧਤ ਬਿਮਾਰੀਆਂ ਤੋਂ ਪੀੜਤ ਹੋ ਗਏ ਹਨ। ਇਹ ਸਭ ਕੁਝ ਮਨੁੱਖ ਦਾ ਕੀਤਾ ਕਰਾਇਆ ਹੈ। ਆਪਣੇ ਛੋਟੇ-ਛੋਟੇ ਫਾਇਦਿਆਂ ਖਾਤਰ ਅਸੀਂ ਕੁਦਰਤ ਨਾਲ ਖਿਲਵਾੜ ਕਰ ਰਹੇ ਹਾਂ। ਕੁਦਰਤ ਦੇ ਮੁਫਤ ਵਿੱਚ ਵੰਡੇ ਅਨਮੋਲ ਤੋਹਫਿਆਂ ਦਾ ਅਸੀਂ ਸ਼ੁਕਰਾਨਾ ਕੀ ਕਰਨਾ ਸੀ, ਸਗੋਂ ਉਨ੍ਹਾਂ ਦੀ ਦੁਰਵਰਤੋਂ ਕਰ ਕੇ ਦੋਸ਼ੀ ਬਣ ਗਏ ਹਾਂ। ਇਸ ਤਰ੍ਹਾਂ ਮਗਜ਼ਖਪਾਈ ਕਰਦਿਆਂ ਨੂੰ ਨੀਂਦ ਨੇ ਦਬੋਚ ਲਿਆ।

ਸਵੇਰ ਵੇਲੇ ਵਿਦੇਸ਼ ਰਹਿੰਦੇ ਛੋਟੇ ਬੇਟੇ ਨਾਲ ਫੋਨ ਉੱਤੇ ਗੱਲ ਹੁੰਦੀ ਹੈ। ਉਥੇ ਇਸ ਸਮੇਂ ਸ਼ਾਮ ਹੁੰਦੀ ਹੈ ਅਤੇ ਉਹ ਵੀ ਜੌਬ ਤੋਂ ਆ ਕੇ ਸਾਨੂੰ ਫੋਨ ਰੋਜ਼ ਕਰਦਾ ਹੈ। ਉਹ ਵੀ ਸਾਡੀ ਸੁੱਖ ਸਾਂਦ ਪੁੱਛਦਿਆਂ ਪੰਜਾਬ ਦੇ ਮੌਸਮ ਬਾਰੇ ਪੁੱਛਦਾ ਹੈ। ਇੱਕ ਗੱਲ ਹੈ ਕਿ ਅਸੀਂ ਪੰਜਾਬੀ ਕਿਤੇ ਮਰਜ਼ੀ ਰਹੀਏ, ਗੱਲ ਸਾਡੀ ਪੰਜਾਬ ਤੋਂ ਸ਼ੁਰੂ ਹੋ ਕੇ ਪੰਜਾਬ ਉੱਤੇ ਹੀ ਮੁੱਕਦੀ ਹੈ। ਅਸੀਂ ਸਾਰੇ ਪੰਜਾਬ ਦੀ ਰੰਗਲੀ ਧਰਤੀ ਨਾਲ ਜੁੜੇ ਹੋਏ ਹਾਂ।

ਗੁਰੂਆਂ, ਪੀਰਾਂ, ਫਕੀਰਾਂ ਦੀ ਵਰੋਸਾਈ ਇਹ ਜਰਖੇਜ਼ ਧਰਤੀ ਜਿੱਥੇ ਸੋਨਾ ਉਗਲਦੀ ਹੈ, ਉਥੇ ਅੰਤਾਂ ਦੀ ਮੋਹ-ਭਿਜੀ ਵੀ ਹੈ। ਮੈਂ ਹੀ ਨਹੀਂ, ਸਾਰੇ ਲੋਕ ਇਉਂ ਕਹਿੰਦੇ ਹਨ। ਮੈਂ ਇਸ ਵਰਤਾਰੇ ਨੂੰ ਦੇਸ਼ ਭਗਤੀ ਦਾ ਨਾਂ ਦਿੰਦੀ ਹਾਂ। ਕਈ ਦਿਨਾਂ ਤੋਂ ਰੋਜ਼ ਵਾਂਗ ਮੈਂ ਬੇਟੇ ਨੂੰ ਕਹਿੰਦੀ ਹਾਂ, "ਗਰਮੀ, ਗਰਮੀ ਤੇ ਬੱਸ ਗਰਮੀ।" ਅਸੀਂ ਉਸ ਦੇ ਸ਼ਹਿਰ ਦਾ ਮੌਸਮ ਵੀ ਪੁੱਛਦੇ ਹਾਂ ਤਾਂ ਉਹ ਵਧੀਆ ਦੱਸ ਕੇ ਕਹਿ ਦਿੰਦਾ ਹੈ, "ਮੀਂਹ ਪੈ ਰਿਹਾ ਹੈ।" ਉਹ ਉਥੇ ਆਉਣ ਲਈ ਪ੍ਰੇਰਦਾ ਹੈ। ਉਸ ਨਾਲ ਗੱਲਬਾਤ ਨਿਬੇੜ ਕੇ ਫੋਨ ਬੰਦ ਕਰਦੀ ਹਾਂ।

ਮਨ ਸੋਚੀਂ ਪੈ ਜਾਂਦਾ ਹੈ ਕਿ ਕੋਈ ਮੌਸਮਾਂ ਖਾਤਰ ਆਪਣੀ ਜਨਮ ਭੋਇੰ ਭਲਾ ਕਿਵੇਂ ਛੱਡ ਸਕਦਾ ਹੈ? ਕਿਵੇਂ ਕੋਈ ਪੰਜਾਬ ਵਰਗੀ ਪਿਆਰੀ ਤੇ ਸੁਪਨਮਈ ਮਾਤਭੂਮੀ ਨੂੰ ਤਪਦੀ ਛੱਡ ਕੇ ਬਾਹਰ ਨਿਕਲ ਸਕਦਾ ਹੈ। ਮੈਨੂੰ ਅੱਗ ਵਿੱਚ ਸੜਦੇ ਰੁੱਖ ਉਪਰ ਆਲ੍ਹਣੇ ਵਿੱਚ ਬੈਠੇ ਪੰਛੀ ਦੀ ਗਾਥਾ ਯਾਦ ਹੈ, ਜੋ ਆਪਣੇ ਖੰਭਾਂ ਦੇ ਹੁੰਦਿਆਂ ਵੀ ਰੁੱਖ ਮੱਚਦਾ ਛੱਡ ਕੇ ਨਹੀਂ ਉਡਦਾ, ਸਗੋਂ ਆਪਣੇ ਆਲ੍ਹਣੇ ਵਿੱਚ ਸੜਨ ਨੂੰ ਤਰਜੀਹ ਦਿੰਦਾ ਹੈ। ਆਪਾਂ ਤਾਂ ਫਿਰ ਵੀ ਸੂਝਬੂਝ ਰੱਖਣ ਵਾਲੇ ਸਮਝਦਾਰ ਇਨਸਾਨ ਹਾਂ। ਬੱਚਿਆਂ ਨੂੰ ਰੁਜ਼ਗਾਰ ਦੀ ਖਾਤਰ ਮਜਬੂਰੀਵੱਸ ਬਾਹਰ ਰਹਿਣਾ ਪੈਂਦਾ ਹੈ। ਅਸੀਂ ਇਹ ਗੱਲ ਵੀ ਭਲੀਭਾਂਤ ਜਾਣਦੇ ਹਾਂ ਕਿ ਇਸ ਰੰਗਲੀ ਧਰਤ ਨੂੰ ਬੰਜਰ ਬਣਨ ਵੱਲ ਇਸ ਦੇ ਬਾਸ਼ਿੰਦਿਆਂ ਨੇ ਹੀ ਤੋਰਿਆ ਹੈ। ਅਸੀਂ ਆਪ ਹੀ ਇਸ ਦੀ ਦੁਰਦਸ਼ਾ ਦੇ ਜ਼ਿੰਮੇਵਾਰ ਹਾਂ।

ਸੜਕਾਂ ਚਹੁੰ-ਮਾਰਗੀ ਕਰਨ ਲਈ ਰੁੱਖ ਪੁੱਟ ਸੁੱਟੇ, ਲਾਉਣ ਦੀ ਜ਼ਿੰਮੇਵਾਰੀ ਕਿਸਦੀ ਸੀ, ਅਸੀਂ ਕੀ ਲੈਣਾ? ਛੋਟੇ ਹੁੰਦਿਆਂ ਤੋਂ ਪੜ੍ਹਦੇ ਤੇ ਪੜ੍ਹਾਉਂਦੇ ਆਏ ਹਾਂ ਕਿ ਸ਼ੇਰ ਸ਼ਾਹ ਸੂਰੀ ਨੇ ਗ੍ਰੈਂਡ ਟਰੰਕ ਰੋਡ ਬਣਵਾਈ ਅਤੇ ਆਲੇ ਦੁਆਲੇ ਪੌਦੇ ਲਗਵਾਏ, ਪਾਣੀ ਲਈ ਖੂਹ ਖੁਦਵਾਏ ਜਿਨ੍ਹਾਂ ਵਿੱਚੋਂ ਕੁਝ ਅਜੇ ਵੀ ਹਨ, ਪਰ ਅਸੀਂ ਉਹ ਰੁੱਖ ਜੜ੍ਹੋਂ ਪੁੱਟ ਸੁੱਟੇ ਹਨ।

ਦੂਰ-ਦੂਰ ਤੱਕ ਬਿਨਾਂ ਰੁੱਖਾਂ ਤੋਂ ਸੜਕਾਂ ਦੇ ਕਿਨਾਰੇ ਸੁੰਨ ਮਸੁੰਨੇ ਤੇ ਬੇਆਸਰੇ ਜਾਪਦੇ ਹਨ। ਇਹ ਗੱਲ ਸਾਰਿਆਂ ਨੂੰ ਚੰਗੀ ਤਰ੍ਹਾਂ ਪਤਾ ਹੈ ਕਿ ਰੁੱਖ ਕਾਰਬਨ ਡਾਈਆਕਸਾਈਡ ਜਜ਼ਬ ਕਰ ਕੇ ਆਕਸੀਜਨ ਸਾਨੂੰ ਦੇਂਦੇ ਹਨ। ਵਿਕਾਸ ਦੇ ਨਾਂਅ ਉੱਤੇ, ਨਿੱਜੀ ਮੁਫਾਦਾਂ ਲਈ, ਫੋਕੀ ਸ਼ੋਹਰਤ ਖੱਟਣ ਲਈ ਤੇ ਅਮੀਰ ਬਣਨ ਦੀ ਹੋੜ ਵਿੱਚ ਅੰਨ੍ਹੇ ਹੋਏ ਲੋਕ ਪੰਜਾਬ ਨੂੰ ਦਾਅ ਉੱਤੇ ਲਾ ਰਹੇ ਹਨ। ਨਾਜਾਇਜ਼ ਖੁਦਾਈ ਕਰ ਕੇ ਪਹਾੜੀਆਂ ਤੱਕ ਖੁਰਚ ਦਿੱਤੀਆਂ ਹਨ। ਬਾਕੀ ਰਹਿੰਦੀਆਂ ਡਾਇਨਾਮਾਈਟ ਵਰਤ ਕੇ ਉਡਾ ਦਿੱਤੀਆਂ ਹਨ। ਬਾਰਿਸ਼ ਦੀ ਰੁੱਤ ਵਿੱਚ ਰੋਜ਼ ਪਹਾੜਾਂ ਦੇ ਖਿਸਕਣ ਕਾਰਨ ਅਣਮੁੱਲੀਆਂ ਮਨੁੱਖੀ ਜਾਨਾਂ ਜਾਂਦੀਆਂ ਹਨ, ਪਰ ਅਸੀਂ ਅੱਖਾਂ ਮੀਚੀਆਂ ਹੋਈਆਂ ਹਨ। ਪਾਣੀ ਵਿੱਚ ਜ਼ਹਿਰ ਘੁੱਲ ਗਈ ਹੈ, ਦਰਿਆਵਾਂ ਦੇ ਪਾਣੀਆਂ ਨੂੰ ਫੈਕਟਰੀਆਂ ਪ੍ਰਦੂਸ਼ਿਤ ਕਰ ਰਹੀਆਂ ਹਨ। ਸਤਲੁਜ ਦਰਿਆਦਾ ਗੰਧਲਾ ਪਾਣੀ ਦੇਖ ਕੇ ਅਸੀਂ ਨਹੀਂ ਸੋਚਦੇ ਕਿ ਇਹ ਪਾਣੀ ਬਹੁਤ ਸਾਰੇ ਲੋਕਾਂ ਦੀ, ਜ਼ਮੀਨਾਂ ਦੀ ਜ਼ਿੰਦਗੀ ਹੈ।ਬੁੱਢਾ ਨਾਲਾ ਗੰਦਾ ਨਾਲਾ ਬਣ ਚੁੱਕਾ ਹੈ। ਸੰਤ ਸੀਚੇਵਾਲ ਵਰਗੇ ਨੇਕਦਿਲ ਇਨਸਾਨ ਕਾਲੀ ਵੇਈਂ ਸਾਫ ਕਰਾਉਂਦੇ ਹਨ, ਪਰ ਸੁਣਿਆ ਹੈ ਕਿ ਅਜੇ ਵੀ ਉਸ ਵਿੱਚ ਪ੍ਰਦੂਸ਼ਿਤ ਪਾਣੀ ਪੈਂਦਾ ਹੈ। ਫਸਲਾਂ ਦੀ ਰਹਿੰਦ-ਖੂੰਹਦ ਨੂੰ ਅੱਗਾਂ ਲਾ ਕੇ ਧਰਤੀ ਸਾੜ ਦਿੱਤੀ ਹੈ, ਚਾਹ ਚੁਫੇਰੇ ਪਸਰੇ ਹਨੇਰੇ ਵਿੱਚ ਮਾਸੂਮ ਲੋਕ ਆਪਣੀ ਜਾਨ ਤੋਂ ਹੱਥ ਧੋ ਲੈਂਦੇ ਹਨ। ਪਿੱਛੇ ਜਿਹੇ ਦੋ ਹਿਰਦੇਵੇਧਕ ਘਟਨਾਵਾਂ ਰਾਜ ਵਿੱਚ ਵਾਪਰੀਆਂ ਹਨ।

ਪਰਾਲੀ ਨੂੰ ਲਾਈ ਅੱਗ ਵਿੱਚ ਇੱਕ ਮਾਸੂਮ ਬੱਚੀ ਸੜ ਕੇ ਮਾਰੀ ਗਈ ਅਤੇ ਦੂਜੀ ਘਟਨਾ ਵਿੱਚ ਇੱਕ ਪਤੀ ਅਤੇ ਉਸ ਦੀ ਗਰਭਵਤੀ ਪਤਨੀ ਝੁਲਸ ਗਏ। ਸਾਡੇ ਮਿੱਤਰ ਪੰਛੀ ਅਤੇ ਕੀੜੇ-ਮਕੌੜੇ ਵੀ ਵੱਡੇ ਪੱਧਰ ਉੱਤੇ ਇਸ ਦਾ ਸ਼ਿਕਾਰ ਬਣਦੇ ਹਨ। ਪਤਾ ਨਹੀਂ ਸਾਡੀ ਮਾਨਸਿਕਤਾ ਕਿੱਧਰ ਭਟਕ ਗਈ। ਅਸੀਂ ਆਪਣੀ ਸੋਚ ਨੂੰ ਇੰਨਾ ਸੀਮਿਤ ਕਰ ਲਿਆ ਕਿ ਕਿਸੇ ਦੀ ਨਸੀਹਤ ਸੁਣਨ ਨੂੰ ਤਿਆਰ ਨਹੀਂ। ਅਸੀਂ ਧਾਰਮਿਕ ਹੋਣ ਦਾ ਦਿਖਾਵਾ ਕਰਦੇ ਹਾਂ, ਪਰ ਧਰਮ ਤੋਂ ਮਿਲਦੀ ਸਿੱਖਿਆ ਉੱਤੇ ਅਮਲ ਨਹੀਂ ਕਰਦੇ। ਮਾਂ ਪਿਓ ਦਿਵਸ ਮਨਾਉਂਦੇ ਹਾਂ, ਪਰ ਘਰ ਵਿੱਚ ਉਨ੍ਹਾ ਕੋਲ ਬਹਿਣ ਦਾ ਸਾਡੇ ਕੋਲ ਸਮਾਂ ਨਹੀਂ। ਮੀਂਹ ਪਵਾਉਣ ਲਈ ਯੱਗ ਕਰਦੇ ਹਾਂ, ਪਰ ਪੌਦੇ ਲਾਉਣਾ ਸਰਕਾਰ ਦਾ ਕੰਮ ਸਮਝਦੇ ਹਾਂ। ਕੁੜੀਆਂ ਕੱਪੜੇ ਦੀ ਗੁੱਡੀ ਫੂਕ ਕੇ ਉਸ ਦੀ ਮੌਤ ਉੱਤੇ ਵਿਰਲਾਪ ਕਰਦੀਆਂ ਹਨ ਅਤੇ ਮੀਂਹ ਮੰਗਦੀਆਂ ਹਨ :

*"ਗੁੱਡੀ ਮਰ ਗੀ ਜਾਣ ਕੇ, ਪੌੜੀ ਹੇਠਾਂ ਆਣ ਕੇ"*

*ਜਾਂ*

*'ਜੇ ਗੁੱਡੀਏ ਤੂੰ ਮਰਨਾ ਸੀ, ਦਲੀਆ ਕਾਸਨੂੰ ਧਰਨਾ ਸੀ।"*

ਅਸੀਂ ਸਾਰੇ ਕੰਮ ਸਰਕਾਰ ਦੇ ਖਾਤੇ ਪਾ ਕੇ ਆਪ ਸੁਰਖਰੂ ਹੋ ਜਾਂਦੇ ਹਾਂ, ਪਰ ਸਰਕਾਰਾਂ ਨਾਲ ਸਾਨੂੰ ਵੀ ਸਹਿਯੋਗ ਕਰਨਾ ਪਵੇਗਾ ਤਚੇ ਇਸ ਰਾਜ ਦੀ ਗੱਡੀ ਲੀਹ ਉੱਤੇ ਆਵੇਗੀ। ਇਸ ਲਈ ਅਜੇ ਸਮਾਂ ਹੈ ਕਿ ਨਿੱਜੀ ਸਵਾਰਥਾਂ ਤੋਂ ਉਪਰ ਉਠ ਕੇ ਫੈਸਲਾ ਕਰੀਏ, ਰੁੱਖ ਲਾਓ ਮੁਹਿੰਮ ਚਲਾਈਏ, ਫਸਲਾਂ ਦੀ ਰਹਿੰਦ-ਖੂੰਹਦ ਨੂੰ ਅੱਗ ਨਾ ਲਾਈ ਜਾਵੇ, ਪ੍ਰਦੂਸ਼ਣ ਫੈਲਾਉਣ ਵਾਲੀਆਂ ਫੈਕਟਰੀਆਂ ਨੂੰ ਨੱਥ ਪਾਈਏ, ਸਰਕਾਰ ਫੌਰੀ ਤੌਰ ਉੱਤੇ ਨਾਜਾਇਜ਼ ਖਣਨ ਨੂੰ ਰੋਕੇ ਤੇ ਲੋਕ ਸੂਬੇ ਦੀ ਖੁਸ਼ਹਾਲੀ ਵਾਪਸ ਲਿਆਉਣ ਲਈ ਅੱਗੇ ਆਉਣ, ਨਹੀਂ ਤਾਂ ਇਸ ਲੋਕ ਬੋਲੀ ਵਾਲਾ ਹਾਲ ਹੋ ਸਕਦਾ ਹੈ :

*ਰੁੱਖ ਵੱਢਦਿੱਤੇ, ਧਰਤੀ ਸਾੜ 'ਤੀ*
*ਅਜੇ ਨਾ ਕੀਤੀ ਸੀ ਵੇ।*
*ਲੋਕੋ ਪੰਜਾਬ ਮੇਰੇ ਦਿਉ*
*ਕਿੱਥੋਂ ਭਾਲਦੇ ਮੀਂਹ ਵੇ?*

## ਬੈਂਕ ਵਿੱਚੋਂ 35 ਲੱਖ ਰੁਪਏ ਦਾ ਬੈਗ ਲੈ ਕੇ ਬੱਚਾ ਫਰਾਰ



ਪਟਿਆਲਾ, 4 ਅਗਸਤ (ਪੋਸਟ ਬਿਊਰੋ)- ਇੱਥੇ ਮਾਲ ਰੋਡ ਉੱਤੇ ਭਾਰਤੀ ਸਟੇਟ ਬੈਂਕ ਦੀ ਬਰਾਂਚ ਤੋਂ ਕੱਲ੍ਹ ਕਰੀਬ 12 ਸਾਲਾਂ ਦਾ ਬੱਚਾ ਬੈਂਕ ਦੇ 35 ਲੱਖ ਰੁਪਏ ਲੈ ਕੇ ਫਰਾਰ ਹੋ ਗਿਆ। ਸੀ ਸੀ ਟੀ ਵੀ ਕੈਮਰਿਆਂ ਵਿੱਚ ਬੱਚੇ ਦਾ ਚਿਹਰਾ ਵੀ ਸਾਫ ਨਜ਼ਰ ਆ ਰਿਹਾ ਹੈ, ਪਰ ਦੁਪਹਿਰ ਵੇਲੇ ਵਾਪਰੀ ਘਟਨਾ ਦਾ ਸ਼ਾਮ ਤਕ ਸੁਰਾਗ ਨਹੀਂ ਲੱਗ ਸਕਿਆ।

ਬੈਂਕ ਨੇੜਲੇ ਤਿੰਨ ਏ ਟੀ ਐਮਜ਼ ਵਿੱਚ ਪੈਸੇ ਪਾਉਣ ਦੀ ਜ਼ਿੰਮੇਵਾਰੀ ਵਾਲੇ ਕੈਸ਼ ਅਫਸਰ ਨੇ ਕੱਲ੍ਹ ਸਟਰਾਂਗ ਰੂਮ ਤੋਂ 35 ਲੱਖ ਰੁਪਏ ਕੱਢਣ ਮਗਰੋਂ ਗਿਣੇ ਅਤੇ ਰਾਸ਼ੀ ਬਾਗ ਵਿੱਚ ਪਾ ਕੇ ਬੈਗ ਸਟਰਾਂਗ ਰੂਮ ਕੋਲ ਰੱਖ ਦਿੱਤਾ ਅਤੇ ਖੁਦ ਏ ਟੀ ਐਮ ਦੀ ਚਾਬੀ ਲੈਣ ਬੈਂਕ ਅੰਦਰ ਚਲਾ ਗਿਆ। ਕੈਸ਼ ਪਾਉਣ ਲਈ ਕੈਸ਼ ਅਫਸਰ, ਅਕਾਊਂਟੈਂਟ, ਚਪੜਾਸੀ ਅਤੇ ਗਾਰਡ ਹੁੰਦੇ ਹਨ, ਪਰ ਬੈਂਕ ਅੰਦਰ ਕੈਸ਼ ਪਾਉਣ ਵੇਲੇ ਸਾਰੇ ਅਵੇਸਲੇ ਹੋ ਕੇ ਹੋਰ ਥਾਵਾਂ ਉੱਤੇ ਖੜ੍ਹੇ ਰਹੇ। ਕੈਸ਼ ਕੱਢ ਕੇ ਬੈਗ ਰੱਖਣ ਵਾਲਾ ਮੁਲਾਜ਼ਮ ਜਦੋਂ ਚਾਬੀ ਲੈਣ ਲਈ ਗਿਆ ਤਾਂ ਪਹਿਲਾਂ ਤੋਂ ਬੈਂਕ ਵਿੱਚ ਬੈਠਾ 11-12 ਸਾਲਾ ਬੱਚਾ ਕੈਸ਼ ਵਾਲਾ ਬੈਗ ਚੁੱਕ ਕੇ ਚਲਾ ਗਿਆ। ਜਿੱਥੇ ਬੈਗ ਪਿਆ ਸੀ, ਉਥੇ ਆਮ ਲੋਕਾਂ ਦੇ ਜਾਣ ਦੀ ਮਨਾਹੀ ਹੈ, ਫਿਰ ਵੀ ਬੱਚਾ ਅੱਗੇ ਤਕ ਜਾ ਅੱਪੜਿਆ। ਘਟਨਾ ਵਿੱਚ ਬੱਚੇ ਨਾਲ ਹੋਰਾਂ ਦੀ ਸ਼ਮੂਲੀਅਤ ਦੀ ਸੰਭਾਵਨਾ ਹੈ। ਇਹ ਵੀ ਚਰਚਾ ਹੈ ਕਿ ਇਸ ਬੱਚੇ ਨੂੰ ਕਿਵੇਂ ਪਤਾ ਸੀ ਕਿ ਕੈਸ਼ ਵਾਲਾ ਬੈਗ ਕਦੋਂ ਅਤੇ ਕਿੱਥੇ ਰੱਖਿਆ ਜਾਣਾ ਹੈ।

## ਕਤਰ ਭੇਜਣ ਲਈ ਨਕਲੀ ਵੀਜ਼ਾ ਤੇ ਆਫਰ ਲੈਟਰ ਫੜਾ ਦਿੱਤਾ

ਹੁਸ਼ਿਆਰਪੁਰ, 4 ਅਗਸਤ (ਪੋਸਟ ਬਿਊਰੋ)- ਟਰੈਵਲ ਏਜੰਟ ਨੇ ਵਿਦੇਸ਼ ਭੇਜਣ ਦੇ ਝਾਂਸੇ ਨਾਲ ਨੌਜਵਾਨ ਤੋਂ 47 ਹਜ਼ਾਰ ਰੁਪਏ ਲੈ ਕੇ ਨਕਲੀ ਆਫਰ ਲੈਟਰ ਉੱਤੇ ਵੀਜ਼ਾ ਦੇ ਦਿੱਤਾ ਅਤੇ ਫਿਰ ਜਾਨੋਂ ਮਾਰਨ ਦੀਆਂ ਧਮਕੀਆਂ ਦੇਣ ਲੱਗ ਪਿਆ। ਇਸ ਦੋਸ਼ ਵਿੱਚ ਥਾਣਾ ਬੁੱਲੋਵਾਲ ਦੀ ਪੁਲਸ ਨੇ ਜਾਅਲਸਾਜ਼ੀ ਦਾ ਕੇਸ ਦਰਜ ਕੀਤਾ ਹੈ।

ਪਿੰਡ ਨਸਰਾਲਾ ਦੇ ਹਰਭਜਨ ਰਾਮ ਨੇ 30 ਦਸੰਬਰ 2021 ਨੂੰ ਐਸ ਐਸ ਪੀ ਹੁਸ਼ਿਆਰਪੁਰ ਨੂੰ ਸ਼ਿਕਾਇਤ ਦਿੱਤੀ ਸੀ ਕਿ ਉਹ ਗਰੀਬ ਪਰਵਾਰ ਤੋਂ ਹੈ ਅਤੇ ਸਾਲ 2020 ਵਿੱਚ ਉਸ ਨੂੰ ਬਟਾਲਾ ਜ਼ਿਲ੍ਹੇ ਦੇ ਇੱਕ ਪਿੰਡ ਦਾ ਬੰਦਾ ਮਿਲਿਆ, ਜਿਸ ਨੇ ਉਸ ਨੂੰ ਦੱਸਿਆ ਕਿ ਉਹ ਟਰੈਵਲ ਏਜੰਟ ਹੈ ਅਤੇ ਲੋਕਾਂ ਨੂੰ ਵਿਦੇਸ਼ ਭੇਜਦਾ ਹੈ। ਉਸ ਨੇ ਦੱਸਿਆ ਕਿ ਉਹ ਵੀ ਵਿਦੇਸ਼ ਜਾਣਾ ਚਾਹੁੰਦਾ ਹੈ। ਹਰਭਜਨ ਰਾਮ ਨੇ ਦੱਸਿਆ ਕਿ ਏਜੰਟ ਨੇ ਉਸ ਨੂੰ ਕਿਹਾ ਕਿ ਉਹ ਬਹੁਤ ਘੱਟ ਪੈਸਿਆਂ ਵਿੱਚ ਤੁਹਾਨੂੰ ਵਿਦੇਸ਼ ਭੇਜ ਸਕਦਾ ਹਾਂ। ਉਸ ਨੇ ਉਸ ਨੂੰ ਭਰੋਸਾ ਦਿੱਤਾ ਤਾਂ ਉਹ ਤਿਆਰ ਹੋ ਗਿਆ। ਉਸ ਨੇ ਉਸ ਦੇ




ਕਹਿਣ ਮੁਤਾਬਕ ਉਸ ਨੂੰ ਆਪਣਾ ਪਾਸਪੋਰਟ ਦੇ ਦਿੱਤਾ ਅਤੇ ਫਿਰ 25 ਹਜ਼ਾਰ ਰੁਪਏ ਉਸ ਦੇ ਬੈਂਕ ਖਾਤੇ ਵਿੱਚ ਪਾ ਦਿੱਤੇ। ਇਸ ਦੇ ਇਲਾਵਾ 12 ਹਜ਼ਾਰ ਰੁਪਏ ਗੂਗਲ ਪੇਅ ਅਤੇ 10 ਹਜ਼ਾਰ ਰੁਪਏ ਕੈਸ਼ ਦੇ ਦਿੱਤੇ। ਏਜੰਟ ਨੇ ਉਸ ਨੂੰ ਕਰੀਬ ਛੇ-ਸੱਤ ਮਹੀਨੇ ਕੁਝ ਨਹੀਂ ਦੱਸਿਆ। ਉਹ ਜਦ ਉਸ ਨਾਲ ਗੱਲ ਕਰਦਾ ਤਾਂ ਉਹ ਕਹਿ ਦਿੰਦਾ ਕਿ ਇੱਕ ਦੋ-ਦੋ ਦਿਨ ਵਿੱਚ ਉਸ ਨੂੰ ਵਿਦੇਸ਼ ਭੇਜਿਆ ਜਾਣਾ ਹੈ। ਇਸ ਦੇ ਬਾਅਦ ਉਸ ਨੇ ਫੋਨ ਚੁੱਕਣਾ ਬੰਦ ਕਰ ਦਿੱਤਾ। ਫਿਰ ਉਸ ਦੇ ਬਾਰੇ ਪਤਾ ਲੱਗਾ ਕਿ ਉਹ ਏਜੰਟ ਹੈ ਹੀ ਨਹੀਂ ਤਾਂ ਉਹ ਕਿਸੇ ਤਰ੍ਹਾਂ ਏਜੰਟ ਨੂੰ ਮਿਲਿਆ ਤਾਂ ਉਸ ਨੇ ਉਸ ਨੂੰ ਜਾਅਲੀ ਵੀਜ਼ਾ ਅਤੇ ਜਾਅਲੀ ਆਫਰ ਲੈਟਰ ਦੇ ਕੇ ਕਿਹਾ ਕਿ ਤੁਹਾਡਾ ਕਤਰ ਜਾਣ ਦਾ ਕੰਮ ਬਣ ਗਿਆ ਹੈ।

## ਨਵੀਂ ਐੱਨ ਆਰ ਆਈ ਨੀਤੀ ਜਲਦੀ ਬਣਾਈ ਜਾਵੇਗੀ: ਧਾਲੀਵਾਲ

ਚੰਡੀਗੜ੍ਹ, 4 ਅਗਸਤ (ਪੋਸਟ ਬਿਊਰੋ)- ਪਰਵਾਸੀ ਭਾਰਤੀ ਮਾਮਲਿਆਂ ਦੇ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਕੱਲ੍ਹ ਇੱਥੇ ਦੱਸਿਆ ਕਿ ਪਰਵਾਸੀ ਪੰਜਾਬੀਆਂ ਨੂੰ ਮਦਦ ਦੇਣ ਅਤੇ ਸਮੱਸਿਆਵਾਂ ਦੇ ਜਲਦੀ ਹੱਲ ਲਈ ਪੰਜਾਬ ਸਰਕਾਰ ਨਵੀਂ ਐਨ ਆਰ ਆਈ ਨੀਤੀ ਜਲਦੀ ਪੇਸ਼ ਕਰਨ ਵਾਲੀ ਹੈ।

ਕੱਲ੍ਹ ਇੱਥੇ ਐਨ ਆਰ ਆਈ ਵਿਭਾਗ ਦੇ ਸੀਨੀਅਰ ਅਫਸਰਾਂ ਅਤੇ ਐਨ ਆਰ ਆਈ ਕਮਿਸ਼ਨ ਦੇ ਮੈਂਬਰਾਂ ਨਾਲ ਮੀਟਿੰਗ ਵਿੱਚ ਕੁਲਦੀਪ ਸਿੰਘ ਧਾਲੀਵਾਲ ਨੇ ਨਵੀਂ ਐੱਨ ਆਰ ਆਈ ਪਾਲਿਸੀ ਦੇ ਡਰਾਫਟ ਬਾਰੇ ਵੀ ਚਰਚਾ ਕੀਤੀ ਅਤੇ ਦੱਸਿਆ ਕਿ ਪੰਜਾਬ ਸਰਕਾਰ ਨੇ ਪਰਵਾਸੀ ਪੰਜਾਬੀ ਨੌਜਵਾਨਾਂ ਨੂੰ ਆਪਣੀਆਂ ਜੜ੍ਹਾਂ ਨਾਲ



ਜੋੜਨ ਦਾ ਪ੍ਰੋਗਰਾਮ ਚਲਾਇਆ ਹੈ ਅਤੇ ਉਸੇ ਤਰਜ਼ ਉੱਤੇ ਸਰਕਾਰ ਬਜ਼ੁਰਗਾਂ ਲਈ ਵੀ ਪ੍ਰੋਗਰਾਮ ਉਲੀਕੇਗੀ, ਜਿਸ ਹੇਠ ਪਰਵਾਸੀ ਪੰਜਾਬੀ ਬਜ਼ੁਰਗਾਂ ਨੂੰ ਸੂਬੇ ਦੇ ਧਾਰਮਿਕ ਅਤੇ ਇਤਿਹਾਸਕ ਸਥਾਨਾਂ ਦੀ ਮੁਫਤ ਯਾਤਰਾ ਵੀ ਕਰਵਾਈ ਜਾਵੇਗੀ। ਉਨ੍ਹਾ ਦੱਸਿਆ ਕਿ ਪਰਵਾਸੀ ਪੰਜਾਬੀਆਂ ਨੂੰ ਵੱਡੀ ਰਾਹਤ ਦੇਣ ਲਈ ਸਿਵਲ ਲੋਕ ਅਦਾਲਤਾਂ ਵਾਂਗ ਐਨ ਆਰ ਆਈ ਮਸਲੇ ਨਿਬੇੜਨ ਲਈ ਐਨ ਆਰ ਆਈ ਲੋਕ ਅਦਾਲਤਾਂ ਚਲਾਉਣ ਦੇ ਯਤਨ ਕੀਤੇ ਜਾਣਗੇ। ਇਨ੍ਹਾਂ ਅਦਾਲਤਾਂ ਵਿੱਚ ਖਾਸ ਕਰ ਕੇ ਜ਼ਮੀਨਾਂ ਤੇ ਵਿਆਹਾਂ ਦੇ ਝਗੜੇ ਮੌਕੇ ਉੱਤੇ ਆਪਸੀ ਸਹਿਮਤੀ ਨਾਲ ਨਿਬੇੜੇ ਜਾਣਗੇ, ਜਿਸ ਨੂੰ ਕਾਨੂੰਨੀ ਮਾਨਤਾ ਹੋਵੇਗੀ। ਐਨ ਆਰ ਆਈ ਦੇ ਮਸਲਿਆਂ ਦੇ ਜ਼ਿਲ੍ਹਾ ਪੱਧਰ ਉੱਤੇ ਨਿਬੇੜੇ ਲਈ ਹਰ ਜ਼ਿਲ੍ਹੇ ਵਿੱਚ ਇੱਕ ਪੀ ਸੀ ਐਸ ਅਧਿਕਾਰੀ ਨੂੰ ਨੋਡਲ ਅਫਸਰ ਵਜੋਂ ਤੈਨਾਤ ਕੀਤਾ ਜਾਵੇਗਾ। ਮੰਤਰੀ ਨੇ ਕਿਹਾ ਕਿ ਐੱਨ ਆਰ ਆਈਜ਼ ਦੀਆਂ ਜ਼ਮੀਨਾਂ ਉੱਤੇ ਕਬਜ਼ਿਆਂ ਦੇ ਬਹੁਤ ਸਾਰੇ ਕੇਸ ਸਾਹਮਣੇ ਆਉਂਦੇ ਹਨ, ਜਿਨ੍ਹਾਂ ਦੇ ਹੱਲ ਲਈ ਫੈਸਲਾ ਕੀਤਾ ਗਿਆ ਹੈ ਕਿ ਅਜਿਹਾ ਕਾਨੂੰਨੀ ਬਦਲਾਅ ਕੀਤਾ ਜਾਵੇਗਾ ਕਿ ਐਨ ਆਰ ਆਈਜ਼ ਦੀਆਂ ਜ਼ਮੀਨਾਂ ਦੀ ਗਿਰਦਾਵਰੀ ਸਹਿਮਤੀ ਬਿਨਾਂ ਨਾ ਬਦਲੀ ਜਾਵੇ। ਮੀਟਿੰਗ ਵਿੱਚ ਇਹ ਵੀ ਫੈਸਲਾ ਹੋਇਆ ਕਿ ਪਰਵਾਸੀ ਪੰਜਾਬੀਆਂ ਦੀ ਕਾਨੂੰਨੀ ਮਦਦ ਲਈ ਐਡਵੋਕੇਟ ਜਨਰਲ ਦਫਤਰ ਤੋਂ ਵਕੀਲਾਂ ਦਾ ਪੈਨਲ ਲਿਆ ਜਾਵੇਗਾ। ਲੋੜ ਪੈਣ ਉੱਤੇ ਐਨ ਆਰ ਆਈਜ਼ ਇਨ੍ਹਾਂ ਵਕੀਲਾਂ ਕੋਲੋਂ ਕਾਨੂੰਨੀ ਸਹਾਇਤਾ ਲੈ ਸਕਣਗੇ।

## ਪੇਸ਼ੀ ਪਿੱਛੋਂ ਕੈਦੀ ਨੂੰ ਸੁਲਫਾ ਫੜਾਉਂਦਾ ਏ ਐਸ ਆਈ ਗ੍ਰਿਫ਼ਤਾਰ

ਫ਼ਰੀਦਕੋਟ, 4 ਅਗਸਤ (ਪੋਸਟ ਬਿਊਰੋ)- ਸਥਾਨਕ ਮਾਡਰਨ ਜੇਲ੍ਹ ਦੇ ਕੈਦੀ ਤੇ ਹਵਾਲਾਤੀ ਨੂੰ ਪੇਸ਼ੀ ਭੁਗਤਾਉਣ ਪਿੱਛੋਂ ਸੁਲਫਾ ਫੜਾਉਣ ਵਾਲੇ ਮੋਗਾ ਜ਼ਿਲ੍ਹੇ ਦੇ ਇੱਕ ਏ ਐਸ ਆਈ ਰਾਜ ਸਿੰਘ ਨੂੰ ਪੁਲਸ ਨੇ



ਗ੍ਰਿਫ਼ਤਾਰ ਕਰ ਲਿਆ ਹੈ, ਜਦੋਂ ਕਿ ਇਸ ਕੇਸ ਵਿੱਚ ਏ ਐਸ ਆਈ ਸਮੇਤ ਤਿੰਨ ਜਣਿਆਂ ਉੱਤੇ ਕੇਸ ਦਰਜ ਕੀਤਾ ਗਿਆ ਹੈ।

ਮਿਲੀ ਜਾਣਕਾਰੀ ਅਨੁਸਾਰ ਸਹਾਇਕ ਸੁਪਰਡੈਂਟ ਜੇਲ੍ਹ ਭਵਮ ਤੇਜ ਸਿੰਗਲਾ ਨੇ ਥਾਣਾ ਸਿਟੀ ਪੁਲਸ ਨੂੰ ਦੱਸਿਆ ਸੀ ਕਿ ਥਾਣੇਦਾਰ ਸੁਖਦੇਵ ਸਿੰਘ ਦੀ ਅਗਵਾਈ ਹੇਠ ਪੁਲਸ ਪਾਰਟੀ ਜੇਲ੍ਹ ਦੇ ਹਵਾਲਾਤੀ ਵਿਕਰਮ ਸਿੰਘ ਉਰਫ਼ ਬੱਚੀ ਤੇ ਕੈਦੀ ਰਾਵਲ ਸਿੰਘ ਦੋਵੇਂ ਵਾਸੀ ਮੋਗਾ ਨੂੰ ਮੋਗਾ ਅਦਾਲਤ ਵਿੱਚ ਪੇਸ਼ੀ ਭੁਗਤਾ ਕੇ ਵਾਪਸ ਫ਼ਰੀਦਕੋਟ ਜੇਲ੍ਹ ਲਿਆਈ ਤਾਂ ਜੇਲ੍ਹ ਦੀ ਡਿਓੜੀ ਵਿੱਚ ਜਾਮਾ ਤਲਾਸ਼ੀ ਸਮੇਂ ਹਵਾਲਾਤੀ ਵਿਕਰਮ ਸਿੰਘ ਤੋਂ 50 ਗ੍ਰਾਮ ਸੁਲਫਾ ਮਿ-ਲਿਆ। ਹਵਾਲਾਤੀ ਕੋਲੋਂ ਪੁੱਛਣ ਉੱਤੇ ਉਸ ਨੇ ਦੱਸਿਆ ਕਿ ਪੇਸ਼ੀ ਤੋਂ ਵਾਪਸੀ ਸਮੇਂ ਇਹ ਪੈਕਟ ਬੱਸ ਵਿੱਚ ਕੈਦੀ ਰਾਵਲ ਸਿੰਘ ਨੇ ਉਸ ਨੂੰ ਦਿੱਤਾ ਸੀ। ਸਹਾਇਕ ਸੁਪਰਡੈਂਟ ਅਨੁਸਾਰ ਜਦੋਂ ਕੈਦੀ ਰਾਵਲ ਤੋਂ ਪੁੱਛਗਿੱਛ ਕੀਤੀ ਤਾਂ ਉਸ ਨੇ ਮੰਨਿ-ਆ ਕਿ ਇਹ ਨਸ਼ੇ ਵਾਲਾ ਪਾਊਡਰ ਉਸ ਦੇ ਜਾਣਕਾਰ ਤੋਂ ਫੜ ਕੇ ਥਾਣੇਦਾਰ ਰਾਜ ਸਿੰਘ ਨੇ ਉਸ ਨੂੰ ਫੜਾਇਆ ਸੀ। ਇਸ ਦੀ ਪੁਸ਼ਟੀ ਕਰਦਿਆਂ ਡੀ ਐਸ ਪੀ ਜਸਮੀਤ ਸਿੰਘ ਨੇ ਦੱਸਿਆ ਕਿ ਏ ਐਸ ਆਈ ਰਾਜ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ ਹੈ।

## ਕਾਂਗਰਸੀ ਆਗੂ ਦਾ ਦਾਣਾ-ਪਾਣੀ ਰੈਸਟੋਰੈਂਟ ਸੀਲ

*** ਅਦਾਲਤ ਵੱਲੋਂ ਗੈਰ ਜ਼ਮਾਨਤੀ ਵਾਰੰਟ, ਲੁੱਕ ਆਊਟ ਨੋਟਿਸ ਜਾਰੀ**

ਜਲੰਧਰ, 4 ਅਗਸਤ (ਪੋਸਟ ਬਿਊਰੋ)- ਇੱਥੋਂ ਦੇ ਕਾਂਗਰਸੀ ਆਗੂ ਅਤੇ ਖਾਦੀ ਬੋਰਡ ਦੇ ਸਾਬਕਾ ਡਾਇਰੈਕਟਰ ਮੇਜਰ ਸਿੰਘ ਮੁਸੀਬਤ ਵਿੱਚ ਫਸ ਗਏ ਹਨ। ਅਦਾਲਤ ਨੇ ਉਨ੍ਹਾ ਵਿਰੁੱਧ ਲੁੱਕ ਆਊਟ ਨੋਟਿਸ ਜਾਰੀ ਕੀਤਾ ਹੈ। ਇਸ ਦੇ ਨਾਲ ਹੀ ਵਾਰ-ਵਾਰ ਸੰਮਨ ਭੇਜਣ ਦੇ ਬਾਵਜੂਦ ਅਦਾਲਤ ਵਿੱਚ ਪੇਸ਼ ਨਾ ਹੋਣ ਉੱਤੇ ਗੈਰ ਜ਼ਮਾਨਤੀ ਵਾਰੰਟ ਜਾਰੀ ਕੀਤੇ ਗਏ ਹਨ। ਇਹ ਵਾਰੰਟ ਇੱਕ ਆਰ ਟੀ ਆਈ ਕਾਰਕੁੰਨ ਨਾਲ ਕੁੱਟਮਾਰ ਦੇ ਕੇਸ ਵਿੱਚ ਜਾਰੀ ਕੀਤਾ ਗਿਆ ਹੈ।

ਇਹ ਕੇਸ ਪਿਛਲੇ ਸਾਲ ਜਨਵਰੀ ਵਿੱਚ ਦਰਜ ਹੋਇਆ ਸੀ।



ਇਸ ਤੋਂ ਪਹਿਲਾਂ ਮੇਜਰ ਸਿੰਘ ਨੇ ਆਰ ਟੀ ਆਈ ਕਾਰਕੁੰਨ ਸਿਮਰਨਜੀਤ ਸਿੰਘ ਉੱਤੇ ਥਾਣਾ ਬਾਰਾਦਰੀ ਵਿੱਚ ਬਲੈਕਮੇਲ ਕਰਨ ਦਾ ਕੇਸ ਦਰਜ ਕਰਾਇਆ ਸੀ। ਅਦਾਲਤ ਵਿੱਚ ਸੁਣਵਾਈ ਸ਼ੁਰੂ ਹੋਣ ਉੱਤੇ ਮੇਜਰ ਸਿੰਘ ਇੱਕ ਵਾਰ ਵੀ ਪੇਸ਼ ਨਾ ਹੋਇਆ ਤਾਂ ਅਦਾਲਤ ਨੇ ਉਸ ਦੀ ਜ਼ਮਾਨਤ ਰੱਦ ਕਰ ਦਿੱਤੀ ਤੇ ਉਸ ਦੇ ਗੈਰ ਜ਼ਮਾਨਤੀ ਵਾਰੰਟ ਜਾਰੀ ਕਰ ਦਿੱਤੇ। ਇਹੀ ਨਹੀਂ ਸਿਮਰਨਜੀਤ ਸਿੰਘ ਦੀ ਸ਼ਿਕਾਇਤ ਉੱਤੇ ਅਦਾਲਤ ਨੇ ਮੇਜਰ ਸਿੰਘ ਦੇ ਖਿਲਾਫ ਲੁੱਕ ਆਊਟ ਨੋਟਿਸ ਵੀ ਜਾਰੀ ਕਰ ਦਿੱਤਾ ਹੈ। ਮੇਜਰ ਸਿੰਘ ਦੀਆਂ ਮੁਸੀਬਤਾਂ ਇੱਥੇ ਖਤਮ ਨਹੀਂ ਹੋਈਆਂ, ਉਸ ਦਾ ਦਾਣਾ-ਪਾਣੀ ਰੈਸਟੋਰੈਂਟ ਵੀ ਨਗਰ ਨਿਗਮ ਨੇ ਸੀਲ ਕਰ ਦਿੱਤਾ ਹੈ। ਨਗਰ ਨਿਗਮ ਨੇ ਕਾਂਗਰਸ ਦੀ ਸਰਕਾਰ ਵੇਲੇ ਵੀ ਦਾਣਾ-ਪਾਣੀ ਰੈਸਟੋਰੈਂਟ ਸੀਲ ਕੀਤਾ ਸੀ, ਪਰ ਮਗਰੋਂ ਖੋਲ੍ਹ ਦਿੱਤਾ ਗਿਆ ਸੀ।

## ਕਵਰੇਜ ਕਰਨ ਗਏ ਪੱਤਰਕਾਰ ਉੱਤੇ ਐਸ ਡੀ ਐਮ ਨੇ ਪਰਚਾ ਦਰਜ ਕਰਵਾ ਦਿੱਤਾ

ਸ਼ਾਹਕੋਟ, 4 ਅਗਸਤ (ਪੋਸਟ ਬਿਊਰੋ)- ਇੱਕ ਪ੍ਰੋਗਰਾਮ ਦੀ ਕਵਰੇਜ ਕਰਨ ਗਏ ਇੱਕ ਸੀਨੀਅਰ ਪੱਤਰਕਾਰ ਉੱਤੇ ਪੁਲਸ ਨੇ ਏਥੋਂ ਦੇ ਐਸ ਡੀ ਐਮ ਦੀ ਅਰਜ਼ੀ ਉੱਤੇ ਪਰਚਾ ਦਰਜ ਕਰ ਦਿੱਤਾ ਹੈ। ਇਸ ਦੀ ਨਿੰਦਾ ਕਰਦਿਆਂ ਪ੍ਰੈਸ ਕਲੱਬ ਸ਼ਾਹਕੋਟ ਦੇ ਸਾਰੇ ਮੈਂਬਰਾਂ ਨੇ ਉਕਤ ਕੇਸ ਵਿੱਚੋਂ ਪੱਤਰਕਾਰ ਦਾ ਨਾਂ ਕੱਢਣ ਦੀ ਮੰਗ ਕੀਤੀ ਹੈ। ਵਰਨਣ ਯੋਗ ਹੈ ਕਿ 1 ਅਗਸਤ ਨੂੰ ਕੁਝ ਸੰਗਠਨਾਂ ਨੇ ਤਹਿਸੀਲ ਦਫ਼ਤਰ ਵਿਖੇ ਐਸ ਡੀ ਐਮ ਸ਼ਾਹਕੋਟ ਨੂੰ ਮੰਗ-ਪੱਤਰ ਦੇਣ ਦਾ ਪ੍ਰੋਗਰਾਮ ਉਲੀਕਿਆ ਸੀ, ਜਿਸ ਦੀ ਕਵਰੇਜ ਲਈ ਪੱਤਰਕਾਰ ਗਿਆਨ ਸਿੰਘ ਸੈਦਪੁਰੀ ਓਥੇ ਗਏ ਸਨ। ਇਸੇ ਦੌਰਾਨ ਦਫ਼ਤਰ ਵਿੱਚ ਐਸ ਡੀ ਐਮ ਸਮੇਤ ਕੋਈ ਸੀਨੀਅਰ ਅਧਿਕਾਰੀ ਨਾ ਹੋਣ ਕਾਰਨ ਜਥੇਬੰਦੀਆਂ ਦੇ ਆਗੂਆਂ ਨੇ ਵਿਰੋਧ ਪ੍ਰਦਰਸ਼ਨ ਕੀਤਾ ਤਾਂ ਦਫ਼ਤਰ ਦੇ ਇੱਕ ਮੁਲਾਜ਼ਮ ਦਾ ਜਥੇਬੰਦੀਆਂ ਦੇ ਆਗੂਆਂ ਨਾਲ ਵਿਵਾਦ ਹੋ ਗਿਆ। ਫਿਰ ਐਸ ਡੀ ਐਮ ਸ਼ਾਹਕੋਟ ਲਾਲ ਵਿਸ਼ਵਾਸ ਬੈਂਸ ਨੇ ਦਫ਼ਤਰੀ ਕੰਮ ਵਿੱਚ ਦਖ਼ਲ ਦੇ ਨਾਂਅ ਉੱਤੇ ਸ਼ਾਹਕੋਟ ਦੀ ਪੁਲਸ ਨੂੰ ਕੇਸ ਦਰਜ ਕਰਨ ਲਈ ਕਹਿ ਦਿੱਤਾ। ਪ੍ਰੋਗਰਾਮ ਦੀ ਕਰਵੇਜ ਕਰ ਰਹੇ ਪੱਤਰਕਾਰ ਸੈਦਪੁਰੀ ਦਾ ਨਾਂ ਐਸ ਡੀ ਐਮ ਵੱਲੋਂ ਕੇਸ ਵਿੱਚ ਸ਼ਾਮਲ ਹੋਣ ਪਿੱਛੋਂ ਪ੍ਰੈਸ ਕਲੱਬ ਨੇ ਸ਼ਾਹਕੋਟ ਦੇ ਡੀ ਐਸ ਪੀ ਗੁਰਪ੍ਰੀਤ ਸਿੰਘ ਗਿੱਲ ਤੇ ਥਾਣਾ ਮੁੱਖੀ ਗੁਰਿੰਦਰਜੀਤ ਸਿੰਘ ਨਾਗਰਾ ਨਾਲ ਮੀਟਿੰਗ ਕਰਕੇ ਪੱਤਰਕਾਰ ਸੈਦਪੁਰੀ ਦਾ ਨਾਂ ਕੱਟਣ ਦੀ ਮੰਗ ਕੀਤੀ।

## ਪੌਦੇ ਲਗਾਕੇ ਮਨਾਈ ਭਗਤ ਪੂਰਨ ਸਿੰਘ ਦੀ 30ਵੀਂ ਬਰਸੀ

ਜੋਗਾ, 4 ਅਗਸਤ (ਪੋਸਟ ਬਿਊਰੋ): ਭਗਤ ਪੂਰਨ ਸਿੰਘ ਸੇਵਾ ਸੰਸਥਾ ਜੋਗਾ ਵੱਲੋਂ ਭਗਤ ਪੂਰਨ ਸਿੰਘ ਦੀ 30ਵੀਂ ਬਰਸੀ ਪੁਲਾੜਾ ਸਾਹਿਬ ਵਿਖੇ ਪੌਦੇ ਲਗਾ ਕੇ ਮਨਾਈ ਗਈ। ਸੰਸਥਾ ਦੇ ਸੇਵਾਦਾਰ ਰੂਪ ਸਿੰਘ ਨੇ ਦੱਸਿਆ ਕਿ ਭਗਤ ਪੂਰਨ ਸਿੰਘ ਦੀ ਬਰਸੀ ਮੌਕੇ ਸੰਸਥਾ ਦੇ ਸੇਵਾਦਾਰਾਂ ਵੱਲੋਂ ਸਾਂਝੀਆਂ ਥਾਂਵਾਂ 'ਤੇ ਫਲਦਾਰ, ਫੁੱਲਦਾਰ ਅਤੇ ਛਾਂਦਾਰ ਪੌਦੇ ਲਗਾਏ ਜਾਂਦੇ ਹਨ। ਇਸੇ ਮੁਹਿੰਮ ਤਹਿਤ ਇਸ ਵਾਰ ਵੀ ਸੇਵਾਦਾਰਾਂ ਵੱਲੋਂ ਪੁਲਾੜਾ ਸਾਹਿਬ ਵਿਖੇ ਪੌਦੇ ਲਗਾਏ ਗਏ ਹਨ। ਉਹਨਾਂ ਨੇ ਦੱਸਿਆ ਕਿ ਸੰਸਥਾ ਵੱਲੋਂ ਲਗਾਏ ਜਾਂਦੇ ਇਹਨਾਂ ਪੌਦਿਆਂ ਦੀ ਸਾਂਭਸੰਭਾਲ ਦੀ ਜ਼ਿੰਮੇਵਾਰੀ ਵੀ ਸੰਸਥਾ ਦੇ ਸੇਵਾਦਾਰਾਂ ਵੱਲੋਂ ਨਿਭਾਈ ਜਾਂਦੀ ਹੈ। ਸੰਸਥਾ ਦੇ ਸੇਵਾਦਾਰਾਂ ਨੇ ਕਿਹਾ ਕਿ ਭਗਤ ਪੂਰਨ



ਸਿੰਘ ਨੇ ਸਮਾਜ ਭਲਾਈ ਦੇ ਕਾਰਜਾਂ ਦੇ ਨਾਲਨਾਲ ਵਾਤਾਵਰਨ ਦੀ ਸ਼ੁੱਧਤਾ ਲਈ ਵੀ ਵੱਡਾ ਯੋਗਦਾਨ ਪਾਇਆ ਸੀ। ਉਹਨਾਂ ਨੇ ਕਿਹਾ ਕਿ ਭਗਤ ਪੂਰਨ ਸਿੰਘ ਨੂੰ ਸੱਚੀ ਸ਼ਰਧਾਂਜਲੀ ਇਹ ਹੀ ਹੋਵੇਗੀ ਕਿ ਭਗਤ ਜੀ ਵੱਲੋਂ ਦੱਸੇ ਰਸਤੇ 'ਤੇ ਚੱਲਦੇ ਹੋਏ ਵੱਧ ਤੋਂ ਵੱਧ ਪੌਦੇ ਲਗਾ ਕੇ ਵਾਤਾਵਰਨ ਦੀ ਸੰਭਾਲ ਕੀਤੀ ਜਾਵੇ ਅਤੇ ਲੋਕਾਂ ਨੂੰ ਵੀ ਵਾਤਾਵਰਨ ਦੀ ਸੰਭਾਲ ਕਰਨ ਲਈ ਪ੍ਰੇਰਿਤ ਕੀਤਾ ਜਾਵੇ। ਇਸ ਮੌਕੇ ਸੰਸਥਾ ਦੇ ਸਮੂਹ ਸੇਵਾਦਾਰ ਮੌਜੂਦ ਸਨ।

Steinmetz & Associates
PERSONAL INJURY LAWYERS



Harry Steinmetz
Certified as Specialist by the Law Society of Ontario in Civil Litigation
(with over 27yrs. of experience)

ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?

ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋ ਬਾਅਦ



BOBBY SIDHU
partner
(Serving the Community for Over 16 yrs.)

ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।

ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੌਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।

If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust

You only pay upon settlement

GURSHARAN BOBBY SIDHU
647.539.3020

1450 Meyerside Drive, Suite 308, Mississauga
2 OFFICES TO SERVE YOU
55 St. Clair Ave., West, Toronto

email: bsidhu@steinmetzlawyers.ca website: www.steinmetzlawyers.ca

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates



ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ

CANADIAN GLASS AND WINDOW

SINGH (TOCHI)
416-454-3031
647-784-8240
Email: tochisangha1@hotmail.com



# 5 ਜੀ ਸਪੈਕਟਰਮ ਵਿਕਰੀ ਤੋਂ ਰਿਕਾਰਡ ਡੇਢ ਲੱਖ ਕਰੋੜ ਰੁਪਏ ਤੋਂ ਵੀ ਵੱਧ ਦੀ ਕਮਾਈ

* 88,078 ਕਰੋੜ ਨਾਲ ਜੀਓ ਸਭ ਤੋਂ ਵੱਡਾ ਬੋਲੀਕਾਰ




ਨਵੀਂ ਦਿੱਲੀ, 4 ਅਗਸਤ (ਪੋਸਟ ਬਿਊਰੋ)- ਭਾਰਤ ਸਰਕਾਰ ਨੂੰ ਕੱਲ੍ਹ ਖਤਮ ਹੋਈ 5ਜੀ ਦੂਰਸੰਚਾਰ ਸਪੈਕਟਰਮ ਦੀ ਵਿਕਰੀ ਤੋਂ ਕਰੋੜ ਰੁਪਏ ਤੋਂ ਵੱਧ ਕਮਾਈ ਹੋਈ ਹੈ।

ਇਸ ਨੀਲਾਮੀ ਵਿੱਚ ਅਰਬਪਤੀ ਮੁਕੇਸ਼ ਅੰਬਾਨੀ ਦੀ ਰਿਲਾਇੰਸ ਜੀਓ ਨੇ 88,078 ਕਰੋੜ ਰੁਪਏ ਦੀ ਬੋਲੀ ਲਾ ਕੇ ਨੀਲਾਮੀ ਵਿੱਚ ਵੇਚੀਆਂ ਗਈਆਂ ਸਾਰੀਆਂ ਹਵਾ ਦੀਆਂ ਏਅਰਵੇਵਜ਼ ਦਾ ਅੱਧਾ ਹਿੱਸਾ ਜਿੱਤ ਲਿਆ ਹੈ। ਟੈਲੀਕਾਮ ਬਾਰੇ ਮੰਤਰੀ ਅਸ਼ਵਨੀ ਵੈਸ਼ਨਵ ਨੇ ਦੱਸਿਆ ਕਿ 5ਜੀ ਦੂਰਸੰਚਾਰ ਸਪੈਕਟਰਮ ਦੀ ਵਿਕਰੀ ਤੋਂ ਕੁੱਲ 1,50,173 ਕਰੋੜ ਰੁਪਏ ਇਕੱਠੇ ਹੋਏ। ਅੱਤ-ਤੇਜ਼ ਰਫ਼ਤਾਰ ਨਾਲ ਇੰਟਰਨੈਟ ਕੁਨੈਕਟੀਵਿਟੀ ਦੇਣ ਵਾਲੇ ਅਤੇ 4ਜੀ ਨਾਲੋਂ ਦੱਸ ਗੁਣਾ ਤੇਜ਼ 5ਜੀ ਸਪੈਕਟਰਮ ਦੀ ਵਿਕਰੀ 4ਜੀ ਸਪੈਕਟਰਮ ਨਾਲੋਂ ਦੁੱਗਣੀ ਕੀਮਤ ਉੱਤੇ ਹੋਈ। 4ਜੀ ਸਪੈਕਟਰਮ ਦੀ ਵਿਕਰੀ ਬੀਤੇ ਸਾਲ 77,815 ਕਰੋੜ ਰੁਪਏ ਵਿੱਚ ਹੋਈ ਸੀ, ਜਦਕਿ ਸਾਲ 2010 ਵਿੱਚ 3ਜੀ ਸਪੈਕਟਰਮ ਦੀ ਸੇਲ 50.968.37 ਕਰੋੜ ਵਿੱਚ ਹੋਈ ਸੀ। ਟੈਲੀਕਾਮ ਕਾਰੋਬਾਰੀ ਸੁਨੀਲ ਭਾਰਤੀ ਮਿੱਤਲ ਦੀ ਭਾਰਤੀ ਏਅਰਟੈਲ ਨੇ 43,084 ਕਰੋੜ ਰੁਪਏ ਵਿੱਚ ਵੱਖ-ਵੱਖ ਬੈਂਡਾਂ ਵਿੱਚ 19,867 ਮੈਗਾਹਾਰਟਜ਼ ਏਅਰਵੇਵ ਖ਼ਰੀਦ ਕੀਤੀਆਂ ਹਨ। ਵੋਡਾਫੋਨ ਆਈਡੀਆ ਲਿਮਟਿਡ ਨੇ 18,784 ਕਰੋੜ ਦਾ ਸਪੈਕਟਰਮ ਖ਼ਰੀਦਿਆ ਹੈ। ਅਡਾਨੀ ਗਰੁੱਪ ਨੇ 400 ਮੈਗਾਹਾਰਟਜ਼ ਜਾਂ ਕੁੱਲ ਵਿਕੇ ਸਪੈਕਟਰਮ ਦੇ ਇੱਕ ਫ਼ੀਸਦੀ ਤੋਂ ਘੱਟ ਨੂੰ 212 ਕਰੋੜ ਰੁਪਏਦਾ ਖ਼ਰੀਦ ਕਰ ਲਿਆ। ਅਡਾਨੀ ਗਰੁੱਪ ਨੇ 26 ਗੀਗਾਹਾਰਟਜ਼ ਬੈਂਡ ਵਿੱਚ ਸਪੈਕਟਰਮ ਖ਼ਰੀਦਿਆ, ਜੋ ਜਨਤਕ ਨੈਟਵਰਕਾਂ ਲਈ ਨਹੀਂ ਹੈ। ਜੀਓ ਨੇ 700 ਮੈਗਾਹਾਰਟਜ਼ ਬੈਂਡ ਸਮੇਤ ਕਈ ਬੈਂਡਾਂ ਵਿੱਚ ਸਪੈਕਟਰਮ ਹਾਸਲ ਕੀਤਾ ਜੋ ਦੇਸ਼ ਦੇ ਸਾਰੇ 22 ਸਰਕਲਾਂ ਵਿੱਚ 6 ਤੋਂ 10 ਕਿਲੋਮੀਟਰ ਦੀ ਸਿਗਨਲ ਰੇਂਜ ਦੇਣ ਦੇ ਸਮਰੱਥ ਹੈ ਅਤੇ ਪੰਜਵੀਂ ਪੀੜ੍ਹੀ (5ਜੀ) ਲਈ ਬਿਹਤਰ ਆਧਾਰ ਬਣੇਗਾ। ਖੇਤਰ 700 ਮੈਗਾਹਰਟਜ਼ ਦੀ ਵਰਤੋਂ ਕੀਤੀ ਜਾਂਦੀ ਹੈ ਤਾਂ ਇੱਕ ਇਕੱਲਾ ਟਾਵਰ ਕਾਫੀ ਸਾਰੇ ਇਲਾਕੇ ਨੂੰ ਕਵਰ ਕਰ ਸਕਦਾ ਹੈ।

# ਰਾਜਸੀ ਪਾਰਟੀਆਂ ਚੋਣਾਂ ਮੌਕੇ ਮੁਫ਼ਤਖੋਰੀ ਦਾ ਵਿਰੋਧ ਨਹੀਂ ਕਰਦੀਆਂ: ਸੁਪਰੀਮ ਕੋਰਟ

ਨਵੀਂ ਦਿੱਲੀ, 4 ਅਗਸਤ (ਪੋਸਟ ਬਿਊਰੋ)- ਭਾਰਤ ਦੀ ਸੁਪਰੀਮ ਕੋਰਟ ਨੇ ਕੇਂਦਰ ਸਰਕਾਰ, ਨੀਤੀ ਆਯੋਗ, ਵਿੱਤ ਕਮਿਸ਼ਨ ਅਤੇ ਆਰ ਬੀ ਆਈ (ਰਿਜ਼ਰਵ ਬੈਂਕ ਆਫ ਇੰਡੀਆ) ਆਦਿ ਨੂੰ ਚੋਣਾਂ ਦੌਰਾਨ ਸਿਆਸੀ ਪਾਰਟੀਆਂ ਵੱਲੋਂ ਮੁਫ਼ਤ ਸਹੂਲਤਾਂ ਦੇਣ ਦੇ ਐਲਾਨ ਅਤੇ ਵਾਅਦੇ ਕਰਨ ਵਰਗੇ ਗੰਭੀਰ ਮੁੱਦੇ ਉੱਤੇ ਵਿਚਾਰ ਕਰਨ ਤੇ ਇਸ ਨਾਲ ਨਜਿੱਠਣ ਲਈ ਉਸਾਰੂ ਸੁਝਾਣ ਦੇਣ ਲਈ ਕਿਹਾ ਹੈ। ਸੁਪਰੀਮ ਕੋਰਟ ਨੇ ਕਿਹਾ ਕਿ ਕੋਈ ਵੀ ਸਿਆਸੀ ਪਾਰਟੀ ਇਸ ਅਮਲ ਦਾ ਵਿਰੋਧ ਨਹੀਂ ਕਰੇਗੀ ਅਤੇ ਨਾ ਇਸ ਉੱਤੇ ਪਾਰਲੀਮੈਂਟ ਵਿੱਚ ਬਹਿਸ ਕਰਨਾ ਪਸੰਦ ਕਰੇਗੀ।

ਚੀਫ ਜਸਟਿਸ ਐਨ ਵੀ ਰਾਮੰਨਾ ਅਤੇ ਜਸਟਿਸ ਹਿਮਾ ਕੋਹਲੀ ਦੇ ਬੈਂਚ ਨੇ ਇਸ ਮੁੱਦੇ ਬਾਰੇ ਸਰਕਾਰ ਨੂੰ ਉਪਾਅ ਸੁਝਾਉਣ ਲਈ ਇੱਕ ਸਿਸਟਮ ਸਥਾਪਤ ਕਰਨ ਲਈ ਆਦੇਸ਼ ਦੇਣ ਦਾ ਸੰਕੇਤ ਦਿੱਤਾ। ਬੈਂਚ ਨੇ ਕਿਹਾ ਕਿ ਚੋਣ ਕਮਿਸ਼ਨ ਤੇ ਸਰਕਾਰ ਇਹ ਨਹੀਂ ਕਹਿ ਸਕਦੇ ਕਿ ਅਸੀਂ ਇਸ ਬਾਰੇ ਕੁਝ ਨਹੀਂ ਕਰ ਸਕਦੇ। ਉਨ੍ਹਾਂ ਨੂੰ ਇਸ ਬਾਰੇ ਵਿਚਾਰ ਕਰਨਾ ਹੋਵੇਗਾ ਅਤੇ ਸੁਝਾਅ ਦੇਣਾ ਹੋਵੇਗਾ।

ਇਸ ਸੁਣਵਾਈ ਮੌਕੇ ਸੀਨੀਅਰ ਵਕੀਲ ਕਪਿਲ ਸਿੱਬਲ ਵੱਲੋਂ ਇਹ ਕਹਿਣ ਉੱਤੇ ਕਿ ਵਿੱਤ ਕਮਿਸ਼ਨ ਇਸ ਨਾਲ ਨਜਿੱਠਣ ਲਈ ਸਭ ਤੋਂ ਬਿਹਤਰ ਢੰਗ ਨਾਲ ਤਿਆਰ ਹੈ, ਬੈਂਚ ਨੇ ਕਿਹਾ ਕਿ ਪਾਰਲੀਮੈਂਟ ਵਿੱਚ ਕੋਈ ਸਿਆਸੀ ਪਾਰਟੀ ਵੀ ਇਸ ਉੱਤੇ ਬਹਿਸ ਕਰਨਾ ਨਹੀਂ ਚਾਹੇਗੀ, ਕਿਉਂਕਿ ਹਰ ਕੋਈ ਚਾਹੁੰਦਾ ਹੈ ਕਿ ਇਹ ਅਮਲ ਏਸੇ ਤਰ੍ਹਾਂ ਜਾਰੀ ਰਹੇ। ਚੀਫ ਜਸਟਿਸ ਨੇ ਕਿਹਾ ਕਿ ਸ੍ਰੀਮਾਨ ਸਿੱਬਲ, ਕੀ ਤੁਹਾਨੂੰ ਲੱਗਦਾ ਹੈ ਕਿ ਪਾਰਲੀਮੈਂਟ ਵਿੱਚ ਬਹਿਸ ਹੋਵੇਗੀ? ਕਿਹੜੀ ਪਾਰਟੀ ਚਰਚਾ ਕਰੇਗੀ? ਕੋਈ ਵੀ ਸਿਆਸੀ ਪਾਰਟੀ ਮੁਫ਼ਤਖੋਰੀ ਦਾ ਵਿਰੋਧ ਨਹੀਂ ਕਰੇਗੀ। ਅੱਜਕੱਲ੍ਹ ਹਰ ਕੋਈ ਮੁਫ਼ਤ ਚੀਜ਼ਾਂ ਭਾਲਦਾ ਹੈ। ਪਟੀਸ਼ਨਰ ਅਸ਼ਵਨੀ ਉਪਾਧਿਆਏ ਵੱਲੋਂ ਪੇਸ਼ ਹੋਏ ਵਕੀਲ ਵਿਕਾਸ ਸਿੰਘ ਨੇ ਕਿਹਾ ਕਿ ਰਾਜਨੀਤਕ ਪਾਰਟੀਆਂ ਨੂੰ ਮੁਫ਼ਤ ਚੀਜ਼ਾਂ ਦੇਣ ਦਾ ਵਾਅਦਾ ਕਰਨ ਵੇਲੇ ਰਾਜ ਦੇ ਜਨਤਕ ਕਰਜ਼ੇ ਦਾ ਧਿਆਨ ਵਿੱਚ ਰੱਖਣਾ ਚਾਹੀਦਾ ਹੈ ਤੇ ਉਨ੍ਹਾਂ ਬੈਂਚ ਨੂੰ ਪਟੀਸ਼ਨ ਵਿੱਚ ਆਰ ਬੀ ਆਈ ਨੂੰ ਧਿਰ ਬਣਾਉਣ ਨੂੰ ਕਿਹਾ।

## ਪੰਜਾਬ ਯੂਨੀਵਰਸਿਟੀ ਦਾ ਕੇਂਦਰੀਕਰਨ ਨਹੀਂ ਕੀਤਾ ਜਾਵੇਗਾ

ਨਵੀਂ ਦਿੱਲੀ, 4 ਅਗਸਤ (ਪੋਸਟ ਬਿਊਰੋ)- ਪਾਰਲੀਮੈਂਟ ਦੇ ਮੌਨਸੂਨ ਸੈਸ਼ਨ ਦੌਰਾਨ ਰਾਜ ਸਭਾ ਵਿੱਚ ਆਮ ਆਦਮੀ ਪਾਰਟੀ ਦੇ ਰਾਜ ਸਭਾ ਮੈਂਬਰ ਵਿਕਰਮਜੀਤ ਸਿੰਘ ਸਾਹਨੀ ਨੇ ਕੱਲ੍ਹ ਪੰਜਾਬ ਯੂਨੀਵਰਸਿਟੀ ਨੂੰ ਕੇਂਦਰੀ ਯੂਨੀਵਰਸਿਟੀ ਵਿੱਚ ਬਦਲਣ ਦੀ ਤਜਵੀਜ਼ ਬਾਰੇ ਪੁੱਛਿਆ ਤਾਂ ਕੇਂਦਰੀ ਸਿੱਖਿਆ ਰਾਜ ਮੰਤਰੀ ਡਾ. ਸੁਭਾਸ਼ ਸਰਕਾਰ ਨੇ ਸਾਫ ਕਿਹਾ ਕਿ ਪੰਜਾਬ ਯੂਨੀਵਰਸਿਟੀ ਨੂੰ ਕੇਂਦਰੀ ਯੂਨੀਵਰਸਿਟੀ ਵਿੱਚ ਤਬਦੀਲ ਕਰਨ ਦੀ ਕੋਈ ਯੋਜਨਾ ਨਹੀਂ ਹੈ। ਸਾਹਨੀ ਨੇ ਕਿਹਾ ਕਿ ਇਹ ਯੂਨੀਵਰਸਿਟੀ ਪੰਜਾਬ ਯੂਨੀਵਰਸਿਟੀ ਐਕਟ 1947 ਹੇਠ ਬਣਾਈ ਗਈ ਸੀ ਤੇ ਪੰਜਾਬ ਰੀਆਰਗੇਨਾਈਜੇਸ਼ਨ ਐਕਟ 1966 ਦੀ 72 ਧਾਰਾ ਦੀ ਵਿਵਸਥਾ ਤਹਿਤ ਇਹ ਅੰਤਰ ਰਾਜੀ ਸੰਸਥਾ ਹੈ। ਵਰਨਣ ਯੋਗ ਹੈ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਪੰਜਾਬ ਯੂਨੀਵਰਸਿਟੀ ਦਾ ਕੇਂਦਰੀਕਰਨ ਨਾ ਕੀਤੇ ਜਾਣ ਬਾਰੇ ਕੇਂਦਰ ਸਰਕਾਰ ਨੂੰ ਚਿੱਠੀ ਲਿਖੀ ਸੀ ਅਤੇ ਕੇਂਦਰ ਅੱਗੇ ਮਜ਼ਬੂਤੀ ਨਾਲ ਪੰਜਾਬ ਦਾ ਪੱਖ ਰੱਖਿਆ ਸੀ। ਪੰਜਾਬ ਵਿਧਾਨ ਸਭਾ ਵਿੱਚ ਵੀ ਇਸ ਬਾਰੇ ਮਤਾ ਪਾਸ ਕੀਤਾ ਗਿਆ ਸੀ।

# ਅਲੀਗੜ੍ਹ ਮੁਸਲਿਮ ਯੂਨੀਵਰਸਿਟੀ ਵਿੱਚ ਸਨਾਤਨ ਧਰਮ ਪੜ੍ਹਾਇਆ ਜਾਵੇਗਾ

ਅਲੀਗੜ੍ਹ, 4 ਅਗਸਤ (ਪੋਸਟ ਬਿਊਰੋ)- ਉਤਰ ਪ੍ਰਦੇਸ਼ ਦੀ ਅਲੀਗੜ੍ਹ ਮੁਸਲਿਮ ਯਨੀਵਰਸਿਟੀ (ਏ ਐਸ ਯੂ) ਵਿੱਚ ਅੱਗੇ ਤੋਂ ਸਨਾਤਨ ਧਰਮ ਪੜ੍ਹਾਇਆ ਜਾਵੇਗਾ। ਇਹ ਤਜਵੀਜ਼ ਪਾਸ ਹੋ ਗਈ ਹੈ, ਜਿਸ ਨੂੰ ਮਨਜ਼ੂਰੀ ਮਿਲਣੀ ਬਾਕੀ ਹੈ। ਇਸ ਦੇ ਅਨੁਸਾਰ ਏ ਐਮ ਯੂ ਦੇ ਯੂ ਜੀ ਅਤੇ ਪੀ ਸੀ ਵਿੱਚ ਸਨਾਤਨ ਧਰਮ ਕੋਰਸ ਸ਼ੁਰੂ ਹੋਵੇਗਾ।

ਇਸ ਸੋਚ ਬਾਰੇ ਏ ਐਮ ਯੂ ਵਿੱਚ ਇਸਲਾਮ੍ਰਿਕ ਸਟੱਡੀਜ਼ ਵਿਭਾਗ ਦੇ ਚੇਅਰਮੈਨ ਪ੍ਰੋ. ਮੁੰਹਮਦ ਇਸਮਾਈਲ ਨੇ ਦੱਸਿਆ ਕਿ ਵਿਭਾਗ ਵਿੱਚ ਇੱਕ ਵਿਆਪਕ ਧਰਮ ਕੋਰਸ ਸ਼ੁਰੂ ਕੀਤਾ ਜਾ ਰਿਹਾ ਹੈ, ਜਿਸ ਰਾਹੀਂ ਗੈਜੂਏਸ਼ਨ ਅਤੇ ਪੋਸਟ ਗ੍ਰੈਜੂਏਸ਼ਨ ਵਿਦਿਆਰਥੀਆਂ ਨੂੰ ਸਨਾਤਨ ਧਰਮ ਵੀ ਪੜ੍ਹਾਇਆ ਜਾਵੇਗਾ। ਇਸ ਦੇ ਨਾਲ ਵੱਖ-ਵੱਖ ਧਰਮਾਂ ਦਾ ਗਿਆਨ ਵੀ ਦਿੱਤਾ ਜਾਵੇਗਾ। ਦੂਜੇ ਪਾਸੇ ਯੂਨੀਵਰਸਿਟੀ ਨੇ ਵੀਹਵੀਂ ਸਦੀ ਦੇ ਦੋ ਵੱਡੇ ਇਸਲਾਮੀ ਵਿਦਵਾਨਾਂ ਅਬੁਲ ਅਲ ਮੌਦੂਦੀ ਅਤੇ ਸਈਦ ਕੁਤਬ ਦੇ ਵਿਚਾਰਾਂ ਨੂੰ ਹਟਾਉਣ ਨਾਲ ਪੈਦਾ ਹੋਏ ਵਿਵਾਦ ਉੱਤੇ ਸਪੱਸ਼ਟੀਕਰਨ ਦਿੱਤਾ ਹੈ। ਇੱਕ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਏ ਐਮ ਯੂ ਵੱਲੋਂ ਇਹ ਕਦਮ ਕਿਸੇ ਬੇਲੋੜੇ ਵਿਵਾਦ ਤੋਂ ਬਚਣ ਲਈ ਚੁੱਕਿਆ ਗਿਆ ਹੈ। ਵਰਨਣ ਯੋਗ ਹੈ ਕਿ ਸੱਜੇ ਪੱਖੀ ਵਿਚਾਰਧਾਰਾ ਦੇ 20 ਤੋਂ ਵੱਧ ਵਿਦਵਾਨਾਂ ਨੇ ਇਸਲਾਮਿਕ ਵਿਦਵਾਨ ਅਬੁਲ ਅਲਾ ਮੌਦੂਦੀ ਅਤੇ ਸਈਅਦ ਕੁਤਬ ਦੇ ਵਿਚਾਰਾਂ ਨੂੰ ਇਤਰਾਜ਼ ਯੋਗ ਦੱਸ ਕੇ ਇਸ ਸਬੰਧ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਇੱਕ ਪੱਤਰ ਲਿਖਿਆ ਸੀ, ਜਿਸ ਦੇ ਬਾਅਦ ਕਾਰਵਾਈ ਕੀਤੀ ਗਈ ਹੈ।

# ਗੁਰਪਤਵੰਤ ਪੰਨੂ ਵੱਲੋਂ ਹਿਮਾਚਲ ਦੇ ਮੁੱਖ ਮੰਤਰੀ ਨੂੰ ਨਵੀਂ ਧਮਕੀ





* ਤਿਰੰਗਾ ਝੁਲਾਉਣ ਤੋਂ ਰੋਕਣ ਵਾਲੇ ਨੂੰ ਸਵਾ ਲੱਖ ਡਾਲਰ ਦੇਣ ਦਾ ਐਲਾਨ

ਸ਼ਿਮਲਾ, 4 ਅਗਸਤ (ਪੋਸਟ ਬਿਊਰੋ)- ਭਾਰਤ ਵਿਰੁੱਧ ਗਤੀਵਿਧੀਆਂ ਕਰਨ ਵਾਲੇ ਪਾਬੰਦੀ ਸ਼ੁਦਾ ਸੰਗਠਨ ਸਿੱਖਸ ਫਾਰ ਜਸਟਿਸ ਦੇ ਮੁਖੀ ਗੁਰਪਤਵੰਤ ਸਿੰਘ ਪੰਨੂ ਨੇ ਹਿਮਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਜੈਰਾਮ ਠਾਕੁਰ ਨੂੰ ਫਿਰ ਧਮਕੀ ਦਿੱਤੀ ਅਤੇ 15 ਅਗਸਤ ਨੂੰ ਸੁਤੰਤਰਤਾ ਦਿਵਸ ਮੌਕੇ ਮੁੱਖ ਮੰਤਰੀ ਜੈਰਾਮ ਠਾਕੁਰ ਨੂੰ ਤਿਰੰਗਾ ਝੁਲਾਉਣ ਤੋਂ ਰੋਕਣ ਵਾਲੇ ਲਈ ਇਨਾਮ ਦਾ ਐਲਾਨ ਕੀਤਾ ਹੈ। ਇਸ ਬਾਰੇ ਉਸ ਨੇ ਇੱਕ ਈ-ਮੇਲ ਜਾਰੀ ਕੀਤੀ ਹੈ।

ਗੁਰਪਤਵੰਤ ਪੰਨੂ ਨੇ ਇਸ ਐਲਾਨ ਉੱਤੇ ਅਮਲ ਕਰਨ ਵਾਲੇ ਨੂੰ ਸਵਾ ਲੱਖ ਡਾਲਰ ਦੇਣ ਦਾ ਐਲਾਨ ਅਤੇ ਇਸੇ ਦਿਨ ਸ਼ਿਮਲਾ ਵਿੱਚ ਇੱਕ ਵਿਵਾਦਿਤ ਝੰਡਾ ਝੁਲਾਉਣ ਦੀ ਗੱਲ ਕਹੀ ਹੈ। ਉਸ ਨੇ ਕਿਹਾ ਕਿ ਭਵਿੱਖ ਵਿੱਚ ਖਾਲਿਸਤਾਨ ਦੀ ਰਾਜਧਾਨੀ ਸ਼ਿਮਲਾ ਨੂੰ ਬਣਾਇਆ ਜਾਵੇਗਾ। ਇਸ ਤੋਂ ਪਹਿਲਾਂ ਵੀ ਵਿਦੇਸ਼ ਬੈਠਾ ਗੁਰਪਤਵੰਤ ਪੰਨੂ ਸੋਸ਼ਲ ਮੀਡੀਆ ਤੇ ਆਧੁਨਿਕ ਮੀਡੀਆ ਦੇ ਰਾਹੀਂ ਆਮ ਜਨਤਾ, ਪੱਤਰਕਾਰਾਂ ਅਤੇ ਜਨ ਪ੍ਰਤੀਨਿਧਾਂ ਦੇ ਮੁਬਾਈਲ ਨੰਬਰਾਂ ਤੇ ਉਨ੍ਹਾਂ ਦੇ ਸੋਸ਼ਲ ਮੀਡੀਆ ਖਾਤਿਆਂ ਵਿੱਚ ਧਮਕੀ ਭਰੇ ਸੰਦੇਸ਼ ਭੇਜਦਾ ਰਿਹਾ ਹੈ।

# ਸੰਤ ਸੀਚੇਵਾਲ ਨੇ ਦੋ ਜ਼ਿਲ੍ਹਿਆਂ ਵਿੱਚ ਪਾਣੀ ਭਰਨ ਦਾ ਮੁੱਦਾ ਚੁੱਕਿਆ



ਨਵੀਂ ਦਿੱਲੀ, 4 ਅਗਸਤ (ਪੋਸਟ ਬਿਊਰੋ)- ਵਾਤਾਵਰਣ ਪ੍ਰੇਮੀ ਅਤੇ ਪੰਜਾਬ ਤੋਂ ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਕੱਲ੍ਹ ਪਾਰਲੀਮੈਂਟ ਦੇ ਉਪਰਲੇ ਸਦਨ ਵਿੱਚ ਮਾਲਵੇ ਦੇ ਮੁਕਤਸਰ ਤੇ ਫਾਜ਼ਿਲਕਾ ਜ਼ਿਲ੍ਹਿਆਂ ਵਿੱਚ ਲਗਾਤਾਰ ਪਾਣੀ ਭਰਨ ਦਾ ਮੁੱਦਾ ਰੱਖਿਆ ਅਤੇ ਕਿਹਾ ਕਿ ਪਾਣੀ ਨੂੰ ਪਾਕਿਸਤਾਨ ਵਾਲੇ ਪਾਸੇ ਨਿਕਾਸੀ ਦਾ ਰਾਹ ਨਾ ਮਿਲ ਕਰ ਕੇ ਨਾ ਖੇਤੀ ਜਿਣਸਾਂ ਨੂੰ ਨੁਕਸਾਨ ਪਹੁੰਚਦਾ ਅਤੇ ਜਲ ਪ੍ਰਦੂਸ਼ਣ ਕਰ ਕੇ ਗੰਭੀਰ ਰੋਗਾਂ ਦੇ ਫੈਲਣ ਦਾ ਖਤਰਾ ਹੈ। ਸਿਫਰ ਕਾਲ ਦੌਰਾਨ ਕੀਤੀ ਤਕਰੀਰ ਮਗਰੋਂ ਰਾਜ ਸਭਾ ਦੇ ਚੇਅਰਮੈਨ ਐਮ ਵੈਂਕਈਆ ਨਾਇਡੂ ਨੇ ਪੰਜਾਬੀ ਵਿੱਚ ਬੋਲਦਿਆਂ ਕਿਹਾ, ''ਤੁਸੀਂ ਚੰਗਾ ਬੋਲਿਆ ਹੈ, ਆਪਕੋ ਅਭਿਨੰਦਨ।''

ਰਾਜ ਸਭਾ ਵਿੱਚ ਕੱਲ੍ਹ ਸਿਫਰ ਕਾਲ ਦੌਰਾਨ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਕਿਹਾ ਕਿ ਫਾਜ਼ਿਲਕਾ ਵਿੱਚ ਕੁੱਲ ਮਿਲਾ ਕੇ 22 ਡਰੇਨਾਂ ਇੱਕ ਦੂਜੇ ਨੂੰ ਮਿਲਦੀਆਂ ਹਨ, ਪਰ ਗੁਆਂਢੀ ਦੇਸ਼ ਪਾਕਿਸਤਾਨ ਵਿੱਚ ਰਾਹ ਬੰਦ ਹੋਣ ਕਰ ਕੇ ਪਾਣੀ ਓਧਰ ਨਹੀਂ ਜਾਂਦਾ। ਸੀਚੇਵਾਲ ਨੇ ਕਿਹਾ ਕਿ ਪਾਣੀ ਦੀ ਨਿਕਾਸੀ ਲਈ ਕੋਈ ਰਾਹ ਨਾ ਹੋਣ ਕਰ ਕੇ ਪੂਰਾ ਫਾਜ਼ਿਲਕਾ ਖੇਤਰ ਪਾਣੀ ਵਿੱਚ ਡੁੱਬ ਜਾਂਦਾ ਹੈ ਤੇ ਲੋਕਾਂ ਦੀ ਹਾਲਤ ਬਹੁਤ ਮਾੜੀ ਹੋ ਜਾਂਦੀ ਹੈ। ਪਾਣੀ ਭਰਨ ਕਰ ਕੇ ਇਸ ਖੇਤਰ ਨੂੰ ਗੰਭੀਰ ਰੋਗਾਂ ਦੀ ਅਤੇ ਪ੍ਰਦੂਸ਼ਣ ਦੀ ਵੱਡੀ ਮਾਰ ਪਈ ਤੇ ਕਈ ਪਿੰਡਾਂ ਵਿੱਚ ਵਿਸ਼ੇਸ਼ ਲੋੜਾਂ ਵਾਲੇ ਬੱਚੇ ਪੈਦਾ ਹੋ ਰਹੇ ਹਨ। ਉਨ੍ਹਾ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਕਿ ਉਹ ਦਖਲ ਦੇ ਕੇ ਪਾਕਿਸਤਾਨ ਨਾਲ ਇਸ ਬਾਰੇ ਗੱਲ ਕਰੇ ਤਾਂ ਕਿ ਪਾਣੀ ਨੂੰ ਗੁਆਂਢੀ ਮੁਲਕ ਵਾਲੇ ਪਾਸੇ ਨਿਕਲਣ ਦਾ ਰਾਹ ਮਿਲ ਸਕੇ।''

# ਲੋਕ ਸਭਾ ਵਿੱਚ ਕਿਸਾਨੀ ਕਰਜ਼ਾ ਮੁਆਫੀ ਕਰਨ ਦੇ ਮੁੱਦੇ ਉੱਤੇ ਹੋਈ ਤਿੱਖੀ ਬਹਿਸ



ਨਵੀਂ ਦਿੱਲੀ, 4 ਅਗਸਤ (ਪੋਸਟ ਬਿਊਰੋ)- ਕਿਸਾਨਾਂ ਦੇ ਕਰਜ਼ੇ ਮੁਆਫ ਕਰਨ ਦੇ ਮੁੱਦੇ ਉੱਤੇ ਕੱਲ੍ਹ ਲੋਕ ਸਭਾ ਵਿੱਚ ਸੱਤਾਧਾਰੀ ਅਤੇ ਵਿਰੋਧੀ ਧਿਰਾਂ ਦੇ ਮੈਂਬਰਾਂ ਵਿਚਾਲੇ ਤਿੱਖੀ ਬਹਿਸ ਹੋਈ। ਸਪੀਕਰ ਓਮ ਬਿਰਲਾ ਨੇ ਇਸ ਵਾਦ-ਵਿਵਾਦ ਦੌਰਾਨ ਮੈਂਬਰਾਂ ਨੂੰ ਦੱਸਿਆ ਕਿ ਕਿਸਾਨ ਕਰੈਡਿਟ ਕਾਰਡ ਸਕੀਮ ਦਾ ਬਾਕੀ ਕਰਜ਼ਾ ਮੁਆਫ ਨਹੀਂ ਹੁੰਦਾ।

ਐੱਨ ਸੀ ਪੀ ਪਾਰਟੀ ਦੀ ਮੈਂਬਰ ਸੁਪ੍ਰੀਆ ਸੂਲੇ ਨੇ ਕੱਲ੍ਹ ਲੋਕ ਸਭਾ ਵਿੱਚ ਪ੍ਰਸ਼ਨ ਕਾਲ ਮੌਕੇ ਸਪਲੀਮੈਂਟਰੀ ਸਵਾਲ ਪੁੱਛਿਆ ਸੀ ਕਿ ਕੀ ਸਰਕਾਰ ਦੀ ਕਿਸਾਨਾਂ ਨੂੰ ਕਿਸਾਨ ਕਰੈਡਿਟ ਕਾਰਡ (ਕੇ ਸੀ ਸੀ) ਸਕੀਮ ਹੇਠ ਦਿੱਤੇ ਕਰਜ਼ੇ ਮੁਆਫ ਕਰਨ ਦੀ ਕੋਈ ਯੋਜਨਾ ਹੈ ਜਾਂ ਨਹੀਂ। ਮੱਛੀ ਪਾਲਣ, ਪਸ਼ੂ ਪਾਲਣ ਤੇ ਡੇਅਰੀ ਵਿਭਾਗ ਬਾਰੇ ਕੇਂਦਰੀ ਮੰਤਰੀ ਪੁਰਸ਼ੋਤਮ ਰੁਪਾਲਾ ਨੇ ਸਵਾਲ ਦੇ ਜਵਾਬ ਵਿੱਚ ਕਿਹਾ ਕਿ ਇੰਨੇ ਦਹਾਕਿਆਂ ਵਿਚ ਪਹਿਲੀ ਵਾਰ ਕੇ ਸੀ ਸੀ ਸਕੀਮ ਦਾ ਘੇਰਾ ਵਧਾ ਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਮਛੇਰਿਆਂ ਤੇ ਡੇਅਰੀ ਪਾਲਕਾਂ ਨੂੰ ਇਸ ਵਿੱਚ ਲਿਆਉਣ ਦਾ ਉੱਦਮ ਕੀਤਾ ਸੀ, ਜਦ ਕਿ ਪਹਿਲਾਂ ਇਹ ਸਕੀਮ ਸਿਰਫ ਖੇਤੀ ਕਰਦੇ ਕਿਸਾਨਾਂ ਤੱਕ ਸੀਮਿਤ ਸੀ। ਉਨ੍ਹਾਂ ਕਿਹਾ ਕਿ ਸਕੀਮ ਦਾ ਮੁੱਖ ਮੰਤਵ ਛੋਟੇ ਕਿਸਾਨਾਂ ਨੂੰ ਬਿਨਾਂ ਕਿਸੇ ਜ਼ਾਮਨੀ ਦੇ 1.6 ਲੱਖ ਦਾ ਸੰਸਥਾਗਤ ਕਰਜ਼ਾ ਦਿਵਾਉਣਾ ਸੀ। ਰੁਪਾਲਾ ਨੇ ਕਿਹਾ ਕਿ ਜੇ ਕਿਸਾਨ ਸਹੀ ਤਰੀਕੇ ਨਾਲ ਆਪਣੇ ਕਰਜ਼ੇ ਦੀ ਅਦਾਇਗੀ ਕਰਨ ਤਾਂ ਕੇਂਦਰ ਸਰਕਾਰ ਉਸ ਨੂੰ ਵਿਆਜ ਵਿੱਚ ਤਿੰਨ ਫੀਸਦੀ ਤੱਕ ਅਤੇ ਕੁਝ ਰਾਜ ਸਰਕਾਰਾਂ ਚਾਰ ਫੀਸਦੀ ਤੱਕ ਛੋਟ ਦੇ ਰਹੀਆਂ ਹਨ। ਉਨ੍ਹਾਂ ਕਿਹਾ ਕਿ ਕਿਸਾਨ ਜੇ ਸਮੇਂ ਸਿਰ ਕਰਜ਼ੇ ਦੀ ਅਦਾਇਗੀ ਕਰਦਾ ਹੈ ਤਾਂ ਉਸ ਨੂੰ ਕਰਜ਼ੇ ਉੱਤੇ ਕੋਈ ਵਿਆਜ ਨਹੀਂ ਦੇਣਾ ਪੈਂਦਾ। ਇਸ ਉੱਤੇ ਸੂਲੇ ਅਤੇ ਹੋਰਨਾਂ ਵਿਰੋਧੀ ਧਿਰਾਂ ਦੇ ਮੈਂਬਰਾਂ ਨੇ ਕਿਹਾ ਕਿ ਮੰਤਰੀ ਨੇ ਪੁੱਛੇ ਸਵਾਲ ਦਾ ਜਵਾਬ ਨਹੀਂ ਦਿੱਤਾ ਕਿ ਸਰਕਾਰ ਦੀ ਕੇ ਸੀ ਸੀ ਕਰਜ਼ਿਆਂ ਉੱਤੇ ਲੀਕ ਮਾਰਨ ਦੀ ਕੋਈ ਯੋਜਨਾ ਹੈ ਜਾਂ ਨਹੀਂ। ਵਿਰੋਧੀ ਧਿਰ ਦਾ ਇੰਨਾ ਕਹਿਣਾ ਸੀ ਕਿ ਰੁਪਾਲਾ ਭੜਕ ਗਏ। ਉਨ੍ਹਾਂ ਕਿਹਾ ਕਿ ਵਿਰੋਧੀ ਧਿਰਾਂ ਨੂੰ ਸਿਰਫ ਮੂੰਹ ਹਿਲਾਉਣਾ ਆਉਂਦਾ ਹੈ, ਕਿਸਾਨਾਂ ਦੀ ਭਲਾਈ ਲਈ ਅਸਲ ਕੰਮ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕੀਤੇ ਹਨ। ਇਸ ਮੌਕੇ ਵਿਰੋਧੀ ਮੈਂਬਰ ਜਦੋਂ ਇਸ ਬਾਰੇ ਉਠ ਖੜ੍ਹੇ ਤਾਂ ਸਪੀਕਰ ਓਮ ਬਿਰਲਾ ਨੇ ਇਹ ਕਹਿੰਦਿਆਂ ਨੂੰ ਉਨ੍ਹਾਂ ਨੂੰ ਸ਼ਾਂਤ ਕਰਨ ਦੀ ਕੋਸ਼ਿਸ਼ ਕੀਤੀ ਕਿ ਜਿੱਥੋਂ ਤੱਕ ਉਨ੍ਹਾਂ ਦੀ ਜਾਣਕਾਰੀ ਹੈ, ਇਸ ਸਕੀਮ ਹੇਠ ਦਿੱਤਾ ਗਿਆ ਕਰਜ਼ਾ ਮੁਆਫ ਨਹੀਂ ਹੁੰਦਾ। ਇਸ ਤੋਂ ਪਹਿਲਾਂ ਡੀ ਐੱਮ ਕੇ ਮੈਂਬਰਾਂ ਨੇ ਮੱਛੀ ਅਤੇ ਪਸ਼ੂ ਪਾਲਣ ਮਾਮਲਿਆਂ ਬਾਰੇ ਰਾਜ ਮੰਤਰੀ ਐੱਲ ਮੁਰੂਗਨ ਦੇ ਇਸ ਬਿਆਨ ਦਾ ਸਖਤ ਵਿਰੋਧ ਕੀਤਾ ਕਿ ਮੋਦੀ ਸਰਕਾਰ ਭਾਜਪਾ ਦੇ ਚੋਣ ਮੈਨੀਫੈਸਟੋ ਮੁਤਾਬਕ ਭਲਾਈ ਸਕੀਮਾਂ ਨੂੰ ਅਮਲ ਵਿੱਚ ਲਿਆ ਰਹੀ ਹੈ ਕਿਉਂਕਿ ਕੁਝ ਸਿਆਸੀ ਪਾਰਟੀਆਂ ਅਤੇ ਰਾਜ ਸਰਕਾਰਾਂ ਅਜਿਹਾ ਨਹੀਂ ਕਰ ਰਹੀਆਂ। ਡੀ ਐੱਮ ਕੇ ਮੈਂਬਰਾਂ ਨੇ ਆਪਣੇ ਆਗੂ ਟੀ ਆਰ ਬਾਲੂ ਦੀ ਅਗਵਾਈ ਵਿੱਚ ਮੁਰੂਗਨ, ਜੋ ਤਾਮਿਲ ਨਾਡੂ ਨਾਲ ਸਬੰਧਤ ਹਨ, ਦੀਆਂ ਉਪਰੋਕਤ ਟਿੱਪਣੀਆਂ ਦਾ ਵਿਰੋਧ ਕੀਤਾ।

## ਭਾਰਤ ਤੇ ਮਾਲਦੀਵ ਵਿਚਾਲੇ ਛੇ ਸਮਝੌਤੇ ਸਹੀ-ਬੱਧ

ਨਵੀਂ ਦਿੱਲੀ, 4 ਅਗਸਤ (ਪੋਸਟ ਬਿਊਰੋ)- ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਮਾਲਦੀਵ ਦੇ ਰਾਸ਼ਟਰਪਤੀ ਇਬਰਾਹਿਮ ਸਾਲੇਹ ਨੇ ਕੱਲ੍ਹ ਸਿਖਰ ਗੱਲਬਾਤ ਪਿੱਛੋਂ ਭਾਰਤ ਅਤੇ ਮਾਲਦੀਵ ਨੇ ਛੇ ਸਮਝੌਤਿਆਂ ਉੱਤੇ ਦਸਤਖ਼ਤ ਕੀਤੇ। ਦੋਵਾਂ ਦੇਸ਼ਾਂ ਵਿਚਕਾਰ ਸਮਰੱਥਾ ਨਿਰਮਾਣ, ਸਾਈਬਰ ਸੁਰੱਖਿਆ, ਆਵਾਸ, ਆਫਤ ਪ੍ਰਬੰਧਨ ਅਤੇ ਬੁਨਿਆਦੀ ਢਾਂਚੇ ਵਿੱਚ ਸਹਿਯੋਗ ਵਧਾਉਣ ਨੂੰ ਲੈ ਕੇ ਸਮਝੌਤੇ ਹੋਏ ਹਨ, ਜਿਨ੍ਹਾਂ ਨਾਲ ਦੁਵੱਲੇ ਸੰਬੰਧ ਅੱਗੇ ਵਧਣ ਦੀ ਆਸ ਹੈ। ਇਸ ਤੋਂ ਬਾਅਦ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਮਾਲਦੀਵ ਨੂੰ 10 ਕਰੋੜ ਅਮਰੀਕ ਡਾਲਰ ਵਾਧੂ ਕਰਜ਼ ਸਹੂਲਤ ਦੇਣ ਦਾ ਫੈਸਲਾ ਲਿਆ ਗਿਆ ਹੈ ਤਾਂ ਕਿ ਸਾਰੀਆਂ ਯੋਜਨਾਵਾਂ ਨੂੰ ਸਮੇਂ ਸਿਰ ਪੂਰਾ ਕੀਤਾ ਜਾ ਸਕੇ। ਉਨ੍ਹਾਂ ਕਿਹਾ ਕਿ ਮਾਲਦੀਵ ਸੁਰੱਖਿਆ ਫੋਰਸਾਂ ਨੂੰ 24 ਵਾਹਨ ਅਤੇ ਇੱਕ ਸਮੁੰਦਰੀ ਲੜਾਕੂ ਜਹਾਜ਼ ਭਾਰਤ ਦੇਵੇਗਾ ਅਤੇ ਦੇਸ਼ ਦੇ 61 ਟਾਪੂਆਂ ਉੱਤੇ ਪੁਲਸ ਬੁਨਿਆਦੀ ਢਾਂਚੇ ਨੂੰ ਵਿਕਸਿਤ ਕਰਨ ਲਈ ਮਦਦ ਕਰੇਗਾ। ਉਨ੍ਹਾਂ ਕਿਹਾ ਕਿ ਹਿੰਦ ਮਹਾਂਸਾਗਰ ਵਿੱਚ ਅੰਤਰਰਾਸ਼ਟਰੀ ਅਪਰਾਧ, ਅੱਤਵਾਦ ਅਤੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਦਾ ਖਤਰਾ ਗੰਭੀਰ ਹੈ।

# ਈ ਡੀ ਦੀ ਹਿਰਾਸਤ ਵਿੱਚ ਪਾਰਥਾ ਉੱਤੇ ਮਹਿਲਾ ਨੇ ਸੈਂਡਲ ਸੁੱਟਿਆ







ਕੋਲਕਾਤਾ, 4 ਅਗਸਤ (ਪੋਸਟ ਬਿਊਰੋ)- ਪੱਛਮੀ ਬੰਗਾਲ ਵਿੱਚ ਹਾਕਮ ਤ੍ਰਿਣਮੂਲ ਕਾਂਗਰਸ ਦੇ ਬਰਖ਼ਾਸਤ ਆਗੂ ਅਤੇ ਟੀਚਰ ਭਰਤੀ ਘੁਟਾਲੇ ਨਾਲ ਜੁੜੇ ਹੋਏ ਮਨੀ ਲਾਂਡਰਿੰਗ ਕੇਸ ਵਿੱਚ ਗ੍ਰਿਫ਼ਤਾਰ ਪਾਰਥਾ ਚੈਟਰਜੀ ਉੱਤੇ ਕੱਲ੍ਹ ਕੋਲਕਾਤਾ ਦੇ ਆਮਤਾਲਾ ਇਲਾਕੇ ਵਿੱਚ ਇੱਕ ਮਹਿਲਾ ਨੇ ਸੈਂਡਲ ਸੁਟਿਆ। ਇਹ ਘਟਨਾ ਓਦੋਂ ਵਾਪਰੀ ਜਦੋਂ ਈ ਡੀ ਦੇ ਅਧਿਕਾਰੀ ਪਾਰਥਾ ਚੈਟਰਜੀ ਨੂੰ ਆਪਣਾ ਸੁਰੱਖਿਆ ਵਿੱਚ ਹਸਪਤਾਲ ਤੋਂ ਬਾਹਰ ਲੈ ਕੇ ਜਾ ਰਹੇ ਸਨ।

ਸੈਂਡਲ ਸੁੱਟਣ ਵਾਲੀ ਅੱਧਖੜ ਉਮਰ ਦੀ ਮਹਿਲਾ ਸ਼ੁਭਾ ਘੋਰੂਈ ਨੇ ਦੱਸਿਆ ਕਿ ਉਹ ਈ ਡੀ ਦੇ ਛਾਪੇ ਦੌਰਾਨ ਚੈਟਰਜੀ ਦੇ ਨਜ਼ਦੀਕੀ ਸਹਿਯੋਗੀ ਅਰਪਿਤਾ ਮੁਖਰਜੀ ਦੇ ਦੋ ਫ਼ਲੈਟਾਂ ਵਿੱਚੋਂ ਲੱਗਭਗ 50 ਕਰੋੜ ਦੀ ਨਕਦੀ ਅਤੇ ਗਹਿਣੇ ਮਿਲਣ ਤੋਂ ਨਾਰਾਜ਼ ਸੀ। ਉਸ ਨੇ ਕਿਹਾ ਕਿ ਮੈਂ ਪਾਰਥਾ ਚੈਟਰਜੀ ਨੂੰ ਜੂਤੀ ਮਾਰਨ ਆਈ ਸੀ। ਮੈਂ ਸੋਚ ਨਹੀਂ ਸਕਦੀ ਕਿ ਉਸ ਨੇ ਇੱਕ ਤੋਂ ਬਾਅਦ ਇੱਕ ਅਪਾਰਟਮੈਂਟ ਬਣਾਏ ਅਤੇ ਇੰਨਾ ਪੈਸਾ ਜਮ੍ਹਾਂ ਕਰ ਕੇ ਰੱਖਿਆ ਹੈ ਜਦ ਕਿ ਲੋਕ ਸੜਕਾਂ ਉੱਤੇ ਬੇਰੁਜ਼ਗਾਰ ਘੁੰਮਦੇ ਹਨ। ਉਸ ਨੂੰ ਰੱਸੀ ਨਾਲ ਬੰਨ੍ਹ ਕੇ ਘਸੀਟਣਾ ਚਾਹੀਦਾ ਹੈ। ਮਹਿਲਾ ਨੇ ਕਿਹਾ ਕਿ ਜੇਕਰ ਸੈਂਡਲ ਉਸ ਨੂੰ ਵੱਜ ਜਾਂਦਾ, ਮੈਨੂੰ ਖ਼ੁਸ਼ੀ ਹੁੰਦੀ, ਮੈਂ ਸੈਂਡਲ ਵਾਪਸ ਲੈ ਕੇ ਨਹੀਂ ਜਾਵਾਂਗੀ, ਮੈਂ ਨੰਗੇ ਪੈਰ ਘਰ ਜਾਵਾਂਗੀ। ਉਨ੍ਹਾਂ ਨੇ ਪੱਤਰਕਾਰਾਂ ਨੂੰ ਕਿਹਾ ਕਿ ਇਹ ਸਿਰਫ਼ ਮੇਰਾ ਗੁੱਸਾ ਨਹੀਂ, ਪੱਛਮੀ ਬੰਗਾਲ ਦੇ ਲੱਖਾਂ ਲੋਕਾਂ ਦਾ ਗੁੱਸਾ ਹੈ।

## ਮੇਰੇ ਫ਼ਲੈਟਾਂ ਵਿੱਚ ਪੈਸਾ ਅਤੇ ਸੋਨਾ ਮੇਰੀ ਜਾਣਕਾਰੀ ਦੇ ਬਿਨਾਂ ਰੱਖਿਆ ਗਿਆ: ਅਰਪਿਤਾ ਮੁਖਰਜੀ



ਕੋਲਕਾਤਾ, 4 ਅਗਸਤ (ਪੋਸਟ ਬਿਊਰੋ)- ਤ੍ਰਿਣਮੂਲ ਕਾਂਗਰਸ ਦੇ ਸਾਬਕਾ ਨੇਤਾ ਪਾਰਥ ਚੈਟਰਜੀ ਦੀ ਕਰੀਬੀ ਸਹਿਯੋਗੀ ਅਰਪਿਤਾ ਮੁਖਰਜੀ ਨੇ ਕੱਲ੍ਹ ਕਿਹਾ ਕਿ ਇਨਫ਼ੋਰਸਮੈਂਟ ਡਾਇਰੈਕਟੋਰੇਟ (ਈ ਡੀ) ਨੇ ਉਨ੍ਹਾਂ ਦੇ ਫ਼ਲੈਟਾਂ ਵਿੱਚੋਂ ਜੋ ਰਕਮ ਬਰਾਮਦ ਕੀਤੀ ਹੈ, ਉਹ ਉਸ ਦੀ ਜਾਣਕਾਰੀ ਦੇ ਬਿਨਾਂ ਉਸ ਦੀ ਰਿਹਾਇਸ਼ ਵਿੱਚ ਰੱਖੀ ਗਈ ਸੀ।

ਅਰਪਿਤਾ ਮੁਕਰਜੀ ਨੇ ਕਿਹਾ ਪੈਸਾ ਮੇਰਾ ਨਹੀਂ, ਮੇਰੀ ਗ਼ੈਰ-ਮੌਜੂਦਗੀ ਵਿੱਚ ਰੱਖਿਆ ਗਿਆ ਸੀ। ਟੀਚਰ ਭਰਤੀ ਘਪਲੇ ਦੀ ਜਾਂਚ ਦੇ ਸਿਲਸਿਲੇ ਵਿੱਚ ਈ ਡੀ ਨੇ ਅਰਪਿਤਾ ਨੂੰ ਵੀ ਗ੍ਰਿਫ਼ਤਾਰ ਕੀਤਾ ਹੋਇਆ ਹੈ। ਈ ਡੀ ਅਧਿਕਾਰੀਆਂ ਨੇ ਦੱਖਣੀ-ਪੱਛਮੀ ਕੋਲਕਾਤਾ ਅਤੇ ਬੇਲਘੋਰੀਆ ਵਿੱਚ ਅਰਪਿਤਾਂ ਦੇ ਦੋ ਫ਼ਲੈਟਾਂ ਤੋਂ ਸੋਨੇ ਦੇ ਗਹਿਣਿਆਂ ਦੇ ਨਾਲ 50 ਕਰੋੜ ਰੁਪਏ ਨਕਦੀ ਫੜੇ ਹਨ। ਸਾਬਕਾ ਮੰਤਰੀ ਪਾਰਥ ਚੈਟਰਜੀ ਅਤੇ ਅਰਪਿਤਾ ਮੁਕਰਜੀ ਦੋਹਾਂ ਨੂੰ ਦਿਨ ਵਿੱਚ ਮੈਡੀਕਲ ਜਾਂਚ ਲਈ ਸ਼ਹਿਰ ਦੇ ਦੱਖਣੀ ਬਾਹਰੀ ਖੇਤਰ ਵਿੱਚ ਈ ਐਸ ਆਈ ਹਸਪਤਾਲ ਲਿਜਾਇਆ ਗਿਆ ਤਾਂ ਅਰਪਿਤਾ ਨੇ ਇੱਕ ਗੱਡੀ ਵਿੱਚੋਂ ਉਤਰਨ ਵੇਲੇ ਪੱਤਰਕਾਰਾਂ ਨੂੰ ਕਿਹਾ ਕਿ ਮੇਰੀ ਜਾਣਕਾਰੀ ਦੇ ਬਿਨਾਂ ਮੇਰੇ ਘਰ ਵਿੱਚ ਪੈਸਾ ਰੱਖਿਆ ਗਿਆ।

ਇਸ ਤੋਂ ਪਹਿਲਾਂ ਪਾਰਥ ਚੈਟਰਜੀ ਨੇ ਕਿਹਾ ਸੀ ਕਿ ਉਹ ਸਾਜ਼ਿਸ਼ ਦਾ ਸ਼ਿਕਾਰ ਹੋਏ ਹਨ। ਮੰਤਰੀ ਅਹੁਦੇ ਤੋਂ ਹਟਾ ਕੇ ਤ੍ਰਿਣਮੂਲ ਕਾਂਗਰਸ ਤੋਂ ਸਸਪੈਂਡ ਕੀਤੇ ਜਾਣ ਦੇ ਫ਼ੈਸਲੇ ਉੱਤੇ ਵੀ ਪਾਰਥ ਚੈਟਰਜੀ ਨੇ ਨਾਰਾਜ਼ਗੀ ਜ਼ਾਹਰ ਕੀਤੀ ਅਤੇ ਕਿਹਾ ਸੀ ਕਿ ਉਨ੍ਹਾਂ ਵਿਰੁੱਧ ਇਹ ਕਾਰਵਾਈ ਉਚਿਤ ਸੀ ਜਾਂ ਨਹੀਂ, ਸਮਾਂ ਦੱਸੇਗਾ। ਚੈਟਰਜੀ ਅਤੇ ਅਰਪਿਤਾ ਮੁਖਰਜੀ, ਦੋਹਾਂ ਨੇ ਕਿਹਾ ਹੈ ਕਿ ਬਰਾਮਦ ਹੋਇਆ ਪੈਸਾ ਉਨ੍ਹਾਂ ਦਾ ਨਹੀਂ।

# ਪਾਕਿਸਤਾਨ ਵੱਲੋਂ ਬਿਟਕੁਆਇਨ ਰਾਹੀਂ ਅੱਤਵਾਦ ਨੂੰ ਆਕਸੀਜਨ ਦੇਣ ਦੀ ਸਾਜ਼ਿਸ਼ ਫੜੀ ਗਈ

ਸ੍ਰੀਨਗਰ, 4 ਅਗਸਤ (ਪੋਸਟ ਬਿਊਰੋ)- ਜੰਮੂ ਕਸ਼ਮੀਰ ਵਿੱਚ ਸੁਰੱਖਿਆ ਫੋਰਸਾਂ ਤੇ ਹੋਰਨਾਂ ਏਜੰਸੀਆਂ ਨੇ ਅੱਤਵਾਦੀ ਤੇ ਵੱਖਵਾਦੀ ਨੈਟਵਰਕ ਉੱਤੇ ਸ਼ਿਕੰਜਾ ਕੱਸ ਦਿੱਤਾ ਤਾਂ ਪਾਕਿਸਤਾਨ ਬਿਟਕੁਆਇਨ (ਡਿਜੀਟਲ ਕਰੰਸੀ) ਰਾਹੀਂ ਅੱਤਵਾਦ ਨੂੰ ਵਿੱਤੀ ਆਕਸੀਜਨ ਦੇਣ ਦੀ ਸਾਜ਼ਿਸ਼ ਵਿੱਚ ਲੱਗ ਗਿਆ ਹੈ। ਉਸ ਦੀ ਖੁਫੀਆ ਏਜੰਸੀ ਆਈ ਐਸ ਆਈ ਤੇ ਪਾਕਿਸਤਾਨ ਬੈਠੇ ਅੱਤਵਾਦੀਆਂ ਦੇ ਹੈਂਡਲਰ ਇਸ ਸਾਜ਼ਿਸ਼ ਵਿੱਚ ਲੱਗੇ ਹੋਏ ਹਨ।

ਇਸ ਸਾਜ਼ਿਸ਼ ਦੀ ਸੂਹ ਮਿਲਦੇ ਸਾਰ ਜੰਮੂ ਕਸ਼ਮੀਰ ਦੀ ਸੂਬਾਈ ਜਾਂਚ ਏਜੰਸੀ (ਐਸ ਆਈ ਏ) ਨੇ ਕੱਲ੍ਹ ਪੁਣਛ ਤੋਂ ਕੁਪਵਾੜਾ ਤਕ ਸੱਤ ਟਿਕਾਣਿਆਂ ਉੱਤੇ ਛਾਪੇ ਮਾਰੇ ਤੇ ਕਈ ਅਹਿਮ ਡਿਜੀਟਲ ਸਬੂਤ ਇਕੱਠੇ ਕੀਤੇ ਹਨ। ਪੁਲਸ ਦੇ ਬੁਲਾਰੇ ਨੇ ਦੱਸਿਆ ਕਿ ਐਸ ਆਈ ਏ ਨੇ ਮੇਂਢਰ, ਪੁਣਛ, ਬਾਰਾਮੂਲਾ, ਕੁਪਵਾੜਾ ਤੇ ਹੰਦਵਾੜਾ ਵਿੱਚ ਛਾਪੇਮਾਰੀ ਕੀਤੀ ਹੈ ਅਤੇ ਇਸ ਦੀ ਜਾਂਚ ਹਾਲੇ ਮੁੱਢਲੇ ਦੌਰ ਵਿੱਚ ਹੈ। ਇਸ ਨਵੀਂ ਸਾਜ਼ਿਸ਼ ਦਾ ਮੋਢੀ ਪਾਕਿਸਤਾਨ ਵਿੱਚ ਹੈ ਤੇ ਉਹ ਆਈ ਐਸ ਆਈ ਅਤੇ ਕੁਝ ਅੱਤਵਾਦੀ ਕਮਾਂਡਰਾਂ ਨਾਲ ਮਿਲ ਕੇ ਜੰਮੂ ਕਸ਼ਮੀਰ ਵਿੱਚ ਸਰਗਰਮ ਅੱਤਵਾਦੀ ਅਤੇ ਵੱਖਵਾਦੀ ਅਨਸਰਾਂ ਦੇ ਏਜੰਟਾਂ ਨੂੰ ਬਿਟਕੁਆਇਨ ਰਾਹੀਂ ਪੈਸੇ ਭੇਜਦਾ ਹੈ। ਇਹ ਲੋਕ ਬਿਟਕੁਆਇਨ ਵਜੋਂ ਪੈਸਾ ਮਿਲਣ ਤੋਂ ਬਾਅਦ ਉਸ ਨੂੰ ਭਾਰਤੀ ਕਰੰਸੀ ਵਿੱਚ ਬਦਲ ਕੇ ਅੱਤਵਾਦੀਆਂ ਤੇ ਵੱਖਵਾਦੀਆਂ ਨੂੰ ਦੇਂਦੇ ਹਨ। ਬੁਲਾਰੇ ਨੇ ਪਾਕਿਸਤਾਨੀ ਸੂਤਰ ਦੀ ਨਿਸ਼ਾਨਦੇਹੀ ਕਰ ਲੈਣ ਦਾ ਦਾਅਵਾ ਕੀਤਾ ਅਤੇ ਦੱਸਿਆ ਕਿ ਜਾਂਚ ਵਿੱਚ ਪਤਾ ਲੱਗਾ ਹੈ ਕਿ ਇਨ੍ਹਾਂ ਨੂੰ ਬਿਟਕੁਆਇਨ ਰਾਹੀਂ ਪੈਸਾ ਪਾਕਿਸਤਾਨ ਤੋਂ ਆ ਰਿਹਾ ਹੈ। ਪੈਸੇ ਦਾ ਸਰੋਤ ਪਤਾ ਨਾ ਲੱਗੇ, ਇਸੇ ਲਈ ਬਿਟਕੁਆਇਨ ਨੂੰ ਕਈ ਖਾਤਿਆਂ ਵਿੱਚ ਟਰਾਂਸਫਰ ਕੀਤਾ ਜਾਂਦਾ ਸੀ। ਬਿਟਕੁਆਇਨ ਦੇ ਕੌਮਾਂਤਰੀ ਲੈਣ-ਦੇਣ ਦੀ ਪ੍ਰਕਿਰਿਆ ਵਿੱਚ ਪਾਈਆਂ ਜਾਂਦੀਆਂ ਖ਼ਾਮੀਆਂ ਦਾ ਪੂਰਾ ਫਾਇਦਾ ਇਹ ਲੋਕ ਚੁੱਕਦੇ ਹਨ। ਬਿਟਕੁਆਇਨ ਕ੍ਰਿਪਟੋ ਇੱਕ ਅਜਿਹੀ ਕਰੰਸੀ ਹੈ ਜੋ ਕਿਸੇ ਕੇਂਦਰੀ ਬੈਂਕ ਤੋਂ ਸੰਚਾਲਤ ਨਹੀਂ ਹੁੰਦੀ। ਇਸ ਦਾ ਡਿਜੀਟਲ ਨੈੱਟਵਰਕ ਰਾਹੀਂ ਭੁਗਤਾਨ ਕੀਤਾ ਜਾਂਦਾ ਹੈ।

## ਗੋਲਡਨ ਬਲੱਡ ਗਰੁੱਪ ਬੇਹੱਦ ਘੱਟ ਤੇ ਸਭ ਤੋਂ ਮਹਿੰਗਾ ਹੁੰਦੈ

ਲੰਡਨ, 4 ਅਗਸਤ (ਪੋਸਟ ਬਿਊਰੋ)- ਆਮ ਤੌਰ ਉੱਤੇ ਅਸੀਂ ਜਾਣਦੇ ਹਾਂ ਕਿ ਇਨਸਾਨ ਦੇ ਸਰੀਰ ਵਿੱਚ ਏ, ਬੀ, ਏ-ਬੀ ਅਤੇ ਓ ਪਾਜ਼ੇਟਿਵ ਅਤੇ ਨੈਗੇਟਿਵ ਵਰਗੇ ਬਲੱਡ ਗਰੁੱਪਸ ਹਨ, ਪਰ ਇਨ੍ਹਾਂ ਸਾਰਿਆਂ ਤੋਂ ਵੱਖ ਇੱਕ ਅਜਿਹਾ ਬਲੱਡ ਗਰੁੱਪ ਹੈ, ਜਿਸ ਬਾਰੇ ਬਹੁਤ ਘੱਟ ਲੋਕ ਜਾਣਦੇ ਹਨ ਤੇ ਇਹ ਬਹੁਤ ਘੱਟ ਮਿਲਦਾ ਹੈ, ਇਸੇ ਕਾਰਨ ਇਸ ਨੂੰ 'ਗੋਲਡਨ ਬਲੱਡ' ਕਿਹਾ ਜਾਂਦਾ ਹੈ। ਇਸ ਬਲੱਡ ਗਰੁੱਪ ਦਾ ਨਾਂ ਹੈ, ਆਰ ਐਚ ਨਿਲ। ਖਾਸ ਗੱਲ ਇਹ ਹੈ ਕਿ ਇਸ ਗਰੁੱਪ ਵਾਲੇ ਖ਼ੂਨ ਨੂੰ ਦੂਸਰੇ ਕਿਸੇ ਵੀ ਗਰੁੱਪ ਨਾਲ ਮੈਚ ਕੀਤਾ ਜਾ ਸਕਦਾ ਹੈ। ਇਹ ਬਲੱਡ ਗਰੁੱਪ ਸਿਰਫ਼ ਉਸ ਇਨਸਾਨ ਦੇ ਸਰੀਰ ਵਿੱਚ ਮਿਲਦਾ ਹੈ, ਜਿਸ ਦਾ ਆਰ ਐਚ ਫੈਕਟਰ ਨਿਲ ਹੁੰਦਾ ਹੈ। ਗੋਲਡਨ ਬਲੱਡ ਗਰੁੱਪ ਵਿੱਚ ਰੈਡ ਬਲੱਡ ਸੈਲਜ਼ ਉੱਤੇ ਕੋਈ ਆਰ ਐਚ ਐਂਟੀਜਨ (ਪ੍ਰੋਟੀਨ) ਨਹੀਂ ਮਿਲਦਾ। ਜੇ ਇਹ ਪ੍ਰੋਟੀਨ ਆਰ ਬੀ ਸੀ ਵਿੱਚ ਮੌਜੂਦ ਹੈ ਤਾਂ ਬਲੱਡ ਆਰ ਐਚ ਪ੍ਰਾਜ਼ੇਟਿਵ ਕਹਾਉਂਦਾ ਹੈ। ਇਸ ਬਲੱਡ ਗਰੁੱਪ ਦੇ ਲੋਕਾਂ ਵਿੱਚ ਆਰ ਐਚ ਫੈਕਟਰ ਨਿਲ ਹੁੰਦਾ ਹੈ। ਅਮਰੀਕਾ, ਕੋਲੰਬੀਆ, ਬ੍ਰਾਜ਼ੀਲ ਤੇ ਜਾਪਾਨ ਵਿੱਚ ਇਸ ਬਲੱਡ ਗਰੁੱਪ ਦੇ ਲੋਕ ਹਨ। ਕਿਹਾ ਜਾਂਦਾ ਹੈ ਕਿ ਦੁਨੀਆ ਵਿੱਚ ਇਹ ਬਲੱਡ ਗਰੁੱਪ ਸਿਰਫ਼ 43 ਲੋਕਾਂ ਵਿੱਚ ਮਿਲਿਆ ਹੈ।

## ਅਲ ਜਵਾਹਿਰੀ ਦੀ ਸੂਹ ਫੰਡਿੰਗ ਲਈ ਪਾਕਿਸਤਾਨ ਨੇ ਦਿੱਤੀ!

ਕਾਬੁਲ, 4 ਅਗਸਤ (ਪੋਸਟ ਬਿਊਰੋ)- ਅਫਗਾਨਿਸਤਾਨ ਦੀ ਰਾਜਧਾਨੀ ਕਾਬੁਲ ਵਿੱਚ ਅਲ ਕਾਇਦਾ ਦੇ ਸਰਗਣਾ ਅਲ ਜਵਾਹਿਰੀ ਦੀ ਮੌਤ ਪਿੱਛੋਂ ਇਹ ਚਰਚਾ ਜ਼ੋਰਾਂ ਉੱਤੇ ਹੈ ਕਿ ਉਸ ਦੇ ਸੇਫ ਹਾਊਸ ਦੀ ਸੂਹ ਅਮਰੀਕੀ ਖੁਫੀਆ ਏਜੰਸੀ ਨੂੰ ਕਿਵੇਂ ਮਿਲੀ। ਇੱਕ ਅੰਦਾਜ਼ਾ ਹੈ ਕਿ ਜਵਾਹਿਰੀ ਦੀ ਮੌਤ ਵਿੱਚ ਪਾਕਿਸਤਾਨ ਦੀ ਵੱਡੀ ਭੂਮਿਕਾ ਹੈ।

ਪਿਛਲੇ ਹਫਤੇ ਪਾਕਿਸਤਾਨ ਦੀ ਫੌਜ ਦੇ ਮੁਖੀ ਜਨਰਲ ਕਮਰ ਜਾਵੇਦ ਬਾਜਵਾ ਨੇ ਅੰਤਰਰਾਸ਼ਟਰੀ ਕਰੰਸੀ ਫੰਡ (ਆਈ ਐਮ ਐਫ) ਤੋਂ ਕਰਜ਼ਾ ਲੈਣ ਵਿੱਚ ਅਮਰੀਕਾ ਤੋਂ ਮੱਦਦ ਮੰਗੀ ਸੀ। ਸੂਤਰਾਂ ਮੁਤਾਬਕ ਓਦੋਂ ਬਾਜਵਾ ਨੇ ਅਮਰੀਕਾ ਦੇ ਉਪ ਵਿਦੇਸ਼ ਮੰਤਰੀ ਵੈਂਡੀ ਸ਼ਰਮਨ ਨਾਲ ਫੋਨ ਉੱਤੇ ਗੱਲ ਕੀਤੀ, ਜਿਸ ਨੂੰ ਗੁਪਤ ਮੰਨਿਆ ਜਾ ਰਿਹਾ ਹੈ। ਪਾਕਿਸਤਾਨ ਇਸ ਸਮੇਂ ਆਰਥਿਕ ਸੰਕਟ ਵਿੱਚ ਹੈ। ਇਸ ਲਈ ਆਈ ਐਮ ਐਫ ਤੋਂ ਕਰਜ਼ਾ ਉਸ ਨੂੰ ਰਾਹਤ ਦੇ ਸਕਦਾ ਹੈ। ਟਾਈਮਜ਼ ਆਫ ਇਸਰਾਈਲ ਨੇ ਆਪਣੇ ਲੇਖ ਵਿੱਚ ਕਿਹਾ ਹੈ ਕਿ ਸ਼ਾਇਦ ਅਜਿਹੇ ਹਾਲਾਤ 'ਚ ਕਿਸੇ ਸੌਦੇ ਦੇ ਤਹਿਤ ਅਮਰੀਕਾ ਨੇ ਪਾਕਿਸਤਾਨ ਤੋਂ ਅਲ ਕਾਇਦਾ ਦੇ ਸਰਗਣਾ ਦਾ ਪਤਾ ਲਿਆ ਹੋਵੇ।

ਟਾਈਮਜ਼ ਆਫ ਇਸਰਾਈਲ ਵਿੱਚ ਅਮਰੀਕਨ ਇੰਟਰਪ੍ਰਾਈਜ਼ਿਜ਼ ਇੰਸਟੀਚਿਊਟ (ਏ ਈ ਆਈ) ਦੇ ਸੀਨੀਅਰ ਫੈਲੋ ਮਾਈਕਲ ਰੂਬਿਨ ਦੇ ਲੇਖ ਅਨੁਸਾਰ, 'ਇਹ ਅਜੇ ਤਕ ਸਪੱਸ਼ਟ ਨਹੀਂ ਕਿ ਜਿਸ ਡਰੋਨ ਦੀ ਮਦਦ ਨਾਲ ਜਵਾਹਿਰੀ ਨੂੰ ਨਿਸ਼ਾਨਾ ਬਣਾਇਆ ਗਿਆ, ਉਸ ਨੇ ਕਿੱਥੋਂ ਉਡਾਣ ਭਰੀ ਸੀ।' ਉਂਜ ਅਲ ਜਵਾਹਿਰੀ ਦੀ ਮੌਤ ਮਗਰੋਂ ਅਮਰੀਕਾ ਨੇ ਪੂਰੇ ਵਿਸ਼ਵ ਨੂੰ ਸਾਵਧਾਨ ਰਹਿਣ ਨੂੰ ਕਿਹਾ ਹੈ। ਅਮਰੀਕੀ ਵਿਦੇਸ਼ ਮੰਤਰਾਲੇ ਨੇ ਇਸ ਬਾਰੇ ਅਲਰਟ ਜਾਰੀ ਕੀਤਾ ਅਤੇ ਕਿਹਾ ਹੈ ਕਿ "ਅਮਰੀਕੀ ਹਵਾਈ ਹਮਲੇ ਵਿੱਚ ਜਵਾਹਿਰੀ ਦੀ ਮੌਤ ਪਿੱਛੋਂ ਅਲ ਕਾਇਦਾ ਦੇ ਅੱਤਵਾਦੀ ਜਾਂ ਉਸ ਨਾਲ ਜੁੜੇ ਹੋਰ ਅੱਤਵਾਦੀ ਸੰਗਠਨ ਅਮਰੀਕੀ ਦਫਤਰਾਂ, ਸਟਾਫ ਜਾਂ ਨਾਗਰਿਕਾਂ ਨੂੰ ਨਿਸ਼ਾਨਾ ਬਣਾਉਣ ਦੀ ਕੋਸ਼ਿਸ਼ ਕਰ ਸਕਦੇ ਹਨ।" ਇਸ ਦੌਰਾਨ ਜਵਾਹਿਰੀ ਦੀ ਮੌਤ ਪਿੱਛੋਂ ਯੂ ਐਨ ਓ ਦੇ ਜਨਰਲ ਸੈਕਟਰੀ ਐਂਟੋਨੀਓ ਗੁਟੇਰਸ ਦੇ ਬੁਲਾਰੇ ਸਟੀਫਨ ਡੁਜਰਿਕ ਨੇ ਕਿਹਾ ਕਿ ਯੂ ਐਨ ਨੂੰ ਜਵਾਹਿਰੀ ਦੇ ਟਿਕਾਣੇ ਬਾਰੇ ਪਹਿਲਾਂ ਤੋਂ ਕੋਈ ਸੂਚਨਾ ਨਹੀਂ ਸੀ। ਉਨ੍ਹਾਂ ਨੇ ਕਿਹਾ ਕਿ ਯੂ ਐੱਨ ਓ ਅੱਤਵਾਦ ਦੇ ਵਿਰੁੱਧ ਜੰਗ ਲਈ ਵਚਨਬੱਧ ਹੈ ਤੇ ਇਸ ਖਤਰੇ ਨਾਲ ਨਜਿੱਠਣ ਲਈ ਅੰਤਰਰਾਸ਼ਟਰੀ ਗੱਠਜੋੜ ਦੀ ਪੈਰਵੀ ਕਰਦਾ ਹੈ। ਇਸ ਵਿੱਚ ਤਾਲਿਬਾਨ ਦੀ ਭੂਮਿਕਾ ਬਾਰੇ ਉਨ੍ਹਾਂ ਨੇ ਕੁਝ ਨਹੀਂ ਕਿਹਾ।

# ਘੰਟਿਆਂ ਬੱਧੀ ਬਾਲਕੋਨੀ ਵਿੱਚ ਬਿਤਾਉਣ ਦੀ ਆਦਤ ਕਾਰਨ ਜਵਾਹਿਰੀ ਸੀ ਆਈ ਏ ਦਾ ਨਿਸ਼ਾਨਾ ਬਣਿਆ

ਨਿਊ ਯਾਰਕ, 4 ਅਗਸਤ (ਪੋਸਟ ਬਿਊਰੋ)- ਅੱਤਵਾਦੀ ਸੰਗਠਨ ਅਲ ਕਾਇਦਾ ਦੇ ਸਰਗਣਾ ਅਲ ਜਵਾਹਿਰੀ ਨੂੰ ਬੀਤੇ ਐਤਵਾਰ ਮਿਜ਼ਾਈਲੀ ਹਮਲੇ ਵਿੱਚ ਮਾਰ ਦਿੱਤਾ ਗਿਆ। ਓਸਾਮਾ ਬਿਨ ਲਾਦੇਨ ਦੇ ਮਾਰੇ ਜਾਣ ਪਿੱਛੋਂ ਉਹ ਇਸ ਸੰਗਠਨ ਦਾ ਮੁਖੀ ਬਣਿਆ ਸੀ। ਬਾਲਕੋਨੀ ਵਿੱਚ ਘੰਟਿਆਂ ਬੱਧੀ ਬੈਠ ਕੇ ਪੜ੍ਹਨ ਦੀ ਉਸ ਦੀ ਆਦਤ ਕਾਰਨ ਅਮਰੀਕੀ ਏਜੰਸੀ ਸੀ ਆਈ ਏ ਨੂੰ ਇਹ ਹਮਲਾ ਕਰਨ ਦਾ ਮੌਕਾ ਮਿਲਿਆ ਦੱਸਿਆ ਜਾਂਦਾ ਹੈ।

1998 ਵਿੱਚ ਕੀਨੀਆ ਤੇ ਤਨਜ਼ਾਨੀਆ ਵਿੱਚ ਅਮਰੀਕੀ ਦੂਤਘਰ ਉੱਤੇ ਧਮਾਕਾ ਕਰਨ ਵਾਲੇ ਅਲ ਜਵਾਹਿਰੀ ਦੀ ਅਮਰੀਕੀ ਖੁਫੀਆ ਏਜੰਸੀ ਸੀ ਆਈ ਏ ਨੂੰ ਲੰਬੇ ਸਮੇਂ ਤੋਂ ਤਲਾਸ਼ ਸੀ। 2001 ਵਿੱਚ ਅਫਗਾਨਿਸਤਾਨ ਉੱਤੇ ਅਮਰੀਕੀ ਹਮਲੇ ਪਿੱਛੋਂ ਉਹ ਪਾਕਿਸਤਾਨ ਦੇ ਬਾਰਡਰ ਏਰੀਏ ਵਿੱਚ ਕਿਸੇ ਸੇਫ ਹਾਊਸ ਵਿੱਚ ਲੁਕਿਆ ਦੱਸਿਆ ਜਾਂਦਾ ਸੀ, ਪਰ ਜਦੋਂ ਅਫਗਾਨਿਸਤਾਨ ਉੱਤੇ ਤਾਲਿਬਾਨ ਨੇ ਦੋਬਾਰਾ ਕਬਜ਼ਾ ਕਰ ਲਿਆ ਤਾਂ ਇੱਥੇ ਵਾਪਸ ਆ ਗਿਆ। ਹੱਕਾਨੀ ਨੈਟਵਰਕ ਨਾਲ ਅਲ ਕਾਇਦਾ ਦਾ ਸਬੰਧ ਮੁਜ਼ਾਹਦੀਨ ਦੇ ਵੇਲੇ ਦਾ ਹੈ। ਉਸ ਨੂੰ ਟਰੈਕ ਕਰਦੇ ਹੋਏ ਸੀ ਆਈ ਏ ਅਲ ਜਵਾਹਿਰੀ ਤਕ ਪਹੁੰਚੀ ਅਤੇ



ਫਿਰ ਸੀ ਆਈ ਏ ਨੇ ਉਸ ਪਲੇਬੁੱਕ ਅਨੁਸਾਰ ਕੰਮ ਕਰਨ ਸ਼ੁਰੂ ਕੀਤਾ, ਜੋ ਲਾਦੇਨ ਦੀ ਤਲਾਸ਼ ਦੌਰਾਨ ਲਿਖੀ ਗਈ ਸੀ। ਅਫਗਾਨਿਸਤਾਨ ਦੇ ਖੋਸਤ ਇਲਾਕੇ, ਜਿੱਥੋਂ ਅਮਰੀਕੀ ਬੇਸ ਨੇ ਲਾਦੇਨ ਨੂੰ ਲੱਭਣ ਵਿੱਚ ਅਹਿਮ ਭੂਮਿਕਾ ਨਿਭਾਈ ਸੀ, ਨੇ ਹੀ ਅਲ ਜਵਾਹਿਰੀ ਦਾ ਪਤਾ ਲਾ ਕੇ ਪਛਾਣ ਕੀਤੀ। ਸੀ ਆਈ ਏ ਨੇ ਪੂਰੀ ਯੋਜਨਾ ਬਣਾਈ ਅਤੇ ਫਿਰ 25 ਜੁਲਾਈ ਨੂੰ ਅਮਰੀਕਾ ਦੇ ਰਾਸ਼ਟਰਪਤੀ ਬਾਇਡੇਨ ਵੱਲੋਂ ਹਰੀ ਝੰਡੀ ਮਿਲਣ ਪਿੱਛੋਂ ਡਰੋਨ ਨਾਲ ਰੇਕੀ ਕੀਤੀ ਤੇ ਇੱਕ ਵਿਅਕਤੀ ਨੂੰ ਮਾਰਨ ਲਈ ਬਣੀਆਂ ਦੋ ਹੈਲਫਾਇਰ ਮਿਜ਼ਾਈਲਾਂ ਦਾਗ ਦਿੱਤੀਆਂ। ਅਲ ਜਵਾਹਿਰੀ ਨੂੰ ਫੜਨ ਲਈ ਸੀ ਆਈ ਏ ਨੇ ਇੱਕ ਡਾਕਟਰ ਹੁਮਾਮ ਖਲੀਲ ਅਬੂ ਮੁਲਾਲ ਅਲ ਬਲਵੀ ਨੂੰ ਏਜੰਟ ਬਣਾਇਆ, ਪਰੰਤੂ ਇਹ ਡਬਲ ਏਜੰਟ ਨਿਕਲਿਆ। ਉਸ ਦੀ ਗਲਤ ਸੂਚਨਾ ਉਤੇ 30 ਦਸੰਬਰ 2009 ਨੂੰ ਹੋਏ ਆਤਮਘਾਤੀ ਹਮਲੇ ਵਿੱਚ ਸੀ ਆਈ ਏ ਦੇ ਸੱਤ ਏਜੰਟਾਂ ਦੀ ਮੌਤ ਹੋ ਗਈ ਅਤੇ ਅਲ ਜਵਾਹਿਰੀ ਬਚ ਗਿਆ ਸੀ।

## ਵਿੰਡਸਰ ਕੈਸਲ ਵਿੱਚ ਗੈਰ ਕਾਨੂੰਨੀ ਦਾਖਲ ਹੋਏ ਬ੍ਰਿਟਿਸ਼ ਸਿੱਖ ਉੱਤੇ ਰਾਜ-ਧ੍ਰੋਹ ਦੇ ਦੋਸ਼

ਲੰਡਨ, 4 ਅਗਸਤ (ਪੋਸਟ ਬਿਊਰੋ)- ਬ੍ਰਿਟੇਨ ਦੀ ਮਹਾਰਾਣੀ ਐਲਿਜ਼ਾਬੈਥ ਦੀ ਸ਼ਾਹੀ ਰਿਹਾਇਸ਼ ਵਿੰਡਸਰ ਕੈਸਲ ਵਾਲੇ ਮੈਦਾਨ ਵਿੱਚ ਪਿਛਲੇ ਸਾਲ ਕ੍ਰਿਸਮਸ ਵਿੱਚ ਗੈਰ ਕਾਨੂੰਨੀ ਦਾਖ਼ਲ ਹੋਣ ਵਾਲੇ 20 ਸਾਲਾ ਇੱਕ ਬ੍ਰਿਟਿਸ਼ ਸਿੱਖ ਉੱਤੇ ਬੀਤੇ ਦਿਨੀਂ ਰਾਜ-ਧ੍ਰੋਹ ਦੇ ਦੋਸ਼ ਲਾਏ ਗਏ ਹਨ। ਸਾਊਥੈਂਪਟਨ ਦੇ ਵਾਸੀ ਜਸਵੰਤ ਸਿੰਘ ਚੈਲ ਨੂੰ ਹੱਤਿਆ ਦੀ ਧਮਕੀ ਦੇਣ ਵਾਲੇ ਖਤਰਨਾਕ ਹਥਿਆਰ ਰੱਖਣ ਦੇ ਮਾਮਲੇ ਵਿੱਚ ਵੀ ਦੋਸ਼ੀ ਬਣਾਇਆ ਗਿਆ ਹੈ।



ਚੈਲ ਖੁਦ ਨੂੰ ਇੱਕ 'ਭਾਰਤੀ ਸਿੱਖ' ਦੱਸਦਾ ਹੈ ਤੇ ਉਸ ਦਾ ਕਹਿਣਾ ਹੈ ਕਿ ਉਹ 1919 ਵਿੱਚ ਹੋਏ ਜੱਲ੍ਹਿਆਂਵਾਲਾ ਬਾਗ ਕਤਲੇਆਮ ਦਾ ਬਦਲਾ ਲੈਣ ਲਈ ਮਹਾਰਾਣੀ ਦਾ ਕਤਲ ਕਰਨਾ ਚਾਹੁੰਦਾ ਸੀ। ਉਹ ਇਸ ਸਮੇਂ ਪੁਲਸ ਹਿਰਾਸਤ ਵਿੱਚ ਹੈ ਅਤੇ ਉਸ ਨੂੰ ਲੰਡਨ ਦੀ ਵੈਸਟਮਿੰਸਟਰ ਮੈਜਿਸਟਰੇਟ ਕੋਰਟ ਵਿੱਚ 17 ਅਗਸਤ ਨੂੰ ਪੇਸ਼ ਕੀਤਾ ਜਾਏਗਾ। ਪੁਲਸ ਨੇ ਦੱਸਿਆ ਮੈਟਰੋਪਾਲੀਟਨ ਪੁਲਸ ਦੀ ਅੱਤਵਾਦ ਵਿਰੋਧੀ ਕਮਾਨ ਦੀ ਜਾਂਚ ਦੇ ਬਾਅਦ ਜਸਵੰਤ ਉੱਤੇ ਇਹ ਦੋਸ਼ ਲਾਏ ਗਏ ਹਨ। ਉਸ ਉੱਤੇ 1842 ਦੇ ਰਾਜ ਧ੍ਰੋਹ ਕਾਨੂੰਨ ਦੀ ਧਾਰਾ ਦੋ (ਮਹਾਰਾਣੀ ਨੂੰ ਨੁਕਸਾਨ ਪਹੁੰਚਾਉਣ ਦੇ ਇਰਾਦੇ ਨਾਲ ਹਥਿਆਰ ਜਾਂ ਕੋਈ ਖਤਰਨਾਕ ਵਸਤੂ ਰੱਖਣ ਜਾਂ ਉਸ ਤੋਂ ਨਿਸ਼ਾਨਾ ਲਾਉਣ) ਦੇ ਦੋਸ਼ ਵੀ ਲਾਏ ਗਏ ਹਨ।

## ਮਨੁੱਖੀ ਅਧਿਕਾਰਾਂ ਦੇ ਘਾਣ ਵਿਰੁੱਧ ਲੰਡਨ ਵਿੱਚ ਬਲੋਚਾਂ ਵੱਲੋਂ ਪਾਕਿ ਵਿਰੁੱਧ ਮੁਜ਼ਾਹਰਾ

ਲੰਡਨ, 4 ਅਗਸਤ (ਪੋਸਟ ਬਿਊਰੋ)- ਬਲੋਚਾਂ ਉੱਤੇ ਵੱਧਦੇ ਜ਼ੁਲਮਾਂ ਦੇ ਵਿਰੁੱਧ ਪਾਕਿਸਤਾਨ ਖਿਲਾਫ ਲੰਡਨ ਵਿੱਚ ਰੋਸ ਪ੍ਰਦਰਸ਼ਨ ਕੀਤਾ ਗਿਆ। ਬਲੋਚ ਕਾਰਕੁੰਨਾਂ ਨੇ ਲੰਡਨ ਦੇ ਪਾਕਿਸਤਾਨੀ ਦੂਤਘਰ ਅੱਗ ਪ੍ਰਦਰਸ਼ਨ ਕੀਤਾ ਅਤੇ ਕਿਹਾ ਕਿ ਪਾਕਿਸਤਾਨ ਦੇ ਬਲੋਚਿਸਤਾਨ ਵਿੱਚ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੇ ਮਾਮਲੇ ਲਗਾਤਾਰ ਵੱਧ ਰਹੇ ਹਨ ਅਤੇ ਫਰਜ਼ੀ ਮੁਕਾਬਲੇ ਵਿੱਚ ਬਲੋਚਾਂ ਨੂੰ ਲਗਾਤਾਰ ਮਾਰਿਆ ਜਾ ਰਿਹਾ ਹੈ।

ਪਾਕਿਸਤਾਨੀ ਦੂਤਘਰ ਦੇ ਬਾਹਰ ਬਲੋਚ ਨੈਸ਼ਨਲ ਮੂਵਮੈਂਟ ਦੇ ਕਾਰਕੁੰਨਾਂ ਨੇ ਪੋਸਟਰ ਤੇ ਬੈਨਰ ਲੈ ਕੇ ਮੁਜ਼ਾਹਰਾ ਕੀਤਾ। ਇਨ੍ਹਾਂ ਪੋਸਟਰਾਂ-ਬੈਨਰਾਂ ਉੱਤੇ 'ਬਲੋਚਿਸਤਾਨ ਵਿੱਚ ਮਨੁੱਖੀ ਅਧਿਕਾਰ ਬਹਾਲ ਕਰੋ' ਅਤੇ 'ਬਲੋਚਿਸਤਾਨ ਵਿੱਚ ਕਤਲੇਆਮ ਬੰਦ ਕਰੋ' ਵਰਗੇ ਨਾਅਰੇ ਲਿਖੇ ਸਨ। ਕਾਰਕੁੰਨਾਂ ਨੇ ਕਿਹਾ ਕਿ ਬਲੋਚ ਨਾਗਰਿਕਾਂ ਨੂੰ ਜਬਰੀ ਗਾਇਬ ਕਰ ਕੇ ਉਨ੍ਹਾਂ ਦੇ ਕਤਲ ਕੀਤੇ ਜਾਂਦੇ ਹਨ। ਤਾਜ਼ਾ ਘਟਨਾ ਬਲੋਚਿਸਤਾਨ ਦੇ ਜ਼ਿਆਰਤ ਜ਼ਿਲ੍ਹੇ ਦੀ ਹੈ। ਇੱਥੇ ਨੌਂ ਲੋਕਾਂ ਨੂੰ ਗਾਇਬ ਕੀਤਾ ਗਿਆ ਤੇ ਫਿਰ ਉਨ੍ਹਾਂ ਨੂੰ ਫਰਜ਼ੀ ਮੁਕਾਬਲੇ ਵਿੱਚ ਮਾਰ ਦਿੱਤਾ ਗਿਆ।

## ਚਾਰ ਸਾਲ ਬਾਇਡੇਨ ਨੇ ਸਾਊਦੀ ਅਰਬ ਦੇ ਕਰਾਊਨ ਪ੍ਰਿੰਸ ਨੂੰ ਨਜ਼ਰ ਅੰਦਾਜ਼ ਰੱਖਿਆ, ਫਿਰ ਜ਼ਿਦ ਛੱਡੀ

ਸਾਊਦੀ ਅਰਬ, 4 ਅਗਸਤ (ਪੋਸਟ ਬਿਊਰੋ)- ਕਰਾਊਨ ਪ੍ਰਿੰਸ ਮੁਹੰਮਦ ਬਿਨ ਸਲਮਾਨ ਨੇ ਆਪਣੇ ਹੱਥ ਸਾਊਦੀ ਅਰਬ ਦੀ ਕਮਾਨ ਲੈ ਕੇ ਦੇਸ਼ ਵਿੱਚ ਇਤਿਹਾਸਕ ਬਦਲਾਅ ਕਰ ਦਿੱਤੇ ਹਨ, ਪ੍ਰੰਤੂ ਬਚਪਨ ਤੋਂ ਉਹ ਜ਼ਿੱਦੀ ਤੇ ਜ਼ਾਲਮ ਰਿਹਾ ਹੈ। ਸੱਤਾ ਪ੍ਰਾਪਤੀ ਲਈ ਰਸਤੇ ਵਿੱਚ ਭਰਾ-ਭੈਣਾਂ ਜੋ ਵੀ ਆਇਆ, ਉਸ ਨੂੰ ਕਰਾਊਨ ਪ੍ਰਿੰਸ ਹਟਾਉਂਦੇ ਗਏ।



ਕਰਾਊਨ ਪ੍ਰਿੰਸ ਦੀ ਮਾਂ ਉਸ ਦੇ ਪਿਤਾ ਦੀ ਤੀਸਰੀ ਪਤਨੀ ਹੈ, ਜੋ ਇੱਕ ਆਦਿਵਾਸੀ ਫਿਰਕੇ ਤੋਂ ਆਈ ਹੈ। ਉਸ ਦੇ ਮਤਰੇਏ ਭਰਾ-ਭੈਣ ਉਸ ਨੂੰ 'ਕੰਜਰ ਦੀ ਔਲਾਦ' ਕਹਿ ਕੇ ਮਜ਼ਾਕ ਉਡਾਉਂਦੇ ਸਨ। ਬਾਕੀ-ਭੈਣ-ਭਰਾ ਪੜ੍ਹਾਈ ਲਈ ਜਿੱਥੇ ਅਮਰੀਕਾ, ਬ੍ਰਿਟੇਨ, ਸਮੇਤ ਦੂਸਰੇ ਦੇਸ਼ਾਂ ਵਿੱਚ ਗਏ, ਉਥੇ ਸਲਮਾਨ ਦੀ ਪੜ੍ਹਾਈ ਦੇਸ਼ ਵਿੱਚ ਹੀ ਹੋਈ। ਸਲਮਾਨ ਦੀ ਫਿਤਰਤ ਹਮੇਸ਼ਾ ਤੋਂ ਹੋਰਨਾਂ ਨੂੰ ਝੁਕਾਉਣ ਦੀ ਰਹੀ ਹੈ। ਇਸ ਦੀ ਵੱਡਾ ਮਿਸਾਲ ਅਮਰੀਕੀ ਰਾਸ਼ਟਰਪਤੀ ਜੋਅ ਬਾਇਡੇਨ ਹਨ। ਚਾਰ ਸਾਲ ਪਹਿਲਾਂ ਵਾਸ਼ਿੰਗਟਨ ਪੋਸਟ ਦੇ ਪੱਤਰਕਾਰ ਜਮਾਲ ਖਸ਼ੋਗੀ ਦੇ ਕਤਲ ਦੇ ਬਾਅਦ ਪ੍ਰਿੰਸ ਸੰਸਾਰਕ ਪੱਧਰ ਉੱਤੇ ਨਿਸ਼ਾਨੇ ਉੱਤੇ ਸੀ। ਜਦ ਉਹ ਅਮਰੀਕਾ ਗਏ ਤਾਂ ਉਹ ਰਾਸ਼ਟਰਪਤੀ ਡੋਨਾਲਡ ਟਰੰਪ ਗਰਮਜੋਸ਼ੀ ਨਾਲ ਮਿਲੇ ਸਨ, ਪਰ ਡੈਮੋਕ੍ਰੇਟਿਕ ਨੇਤਾ ਬਾਇਡੇਨ ਉਨ੍ਹਾਂ ਨੂੰ ਨਜ਼ਰ ਅੰਦਾਜ਼ ਕਰਨ ਲੱਗੇ ਤੇ ਫਿਰ ਵੀ ਪ੍ਰਿੰਸ ਖਾਮੋਸ਼ ਰਹੇ। ਇਸ ਸਾਲ ਜਦ ਯੂਕਰੇਨ ਉੱਤੇ ਹਮਲੇ ਪਿੱਛੋਂ ਰੂਸ ਨੇ ਕਈ ਦੇਸ਼ਾਂ ਦੀ ਗੈਸ ਸਪਲਾਈ ਘਟਾ ਦਿੱਤੀ ਅਤੇ ਤੇਲ ਦੀਆਂ ਕੀਮਤਾਂ ਅਸਮਾਨ ਛੂਹਣ ਲੱਗੀਆਂ ਤਾਂ ਅਮਰੀਕਾ, ਬ੍ਰਿਟੇਨ ਅਤੇ ਤੁਰਕੀ ਨੂੰ ਸਾਊਦੀ ਅਰਬ ਦੀ ਯਾਦ ਆਈ। ਇਹ ਦੇਸ਼ ਮਤਭੇਦ ਭੁਲਾ ਕੇ ਫਿਰ ਦੋਸਤੀ ਦਾ ਹੱਥ ਵਧਾਉਣ ਲਈ ਅੱਗੇ ਆਏ। ਰਾਸ਼ਟਰਪਤੀ ਜੋਅ ਬਾਇਡੇਨ ਨੂੰ ਕਰਾਊਨ ਪ੍ਰਿੰਸ ਦੀ ਜ਼ਰੂਰਤ ਪਈ। ਪ੍ਰਿੰਸ ਵੀ ਪੁਰਾਣਾ ਬਦਲਾ ਚੁਕਾਉਣ ਲਈ ਬਾਇਡੇਨ ਨੂੰ ਜੇਦਾਹ ਵਿੱਚ ਸ਼ਰਤਾਂ ਨਾਲ ਮਿਲਣਾ ਮੰਨ ਗਏ। ਕਰਾਊਨ ਪ੍ਰਿੰਸ ਇੰਨ੍ਹਾ ਅੜੀਅਲ ਅਤੇ ਜ਼ਾਲਮ ਹੈ ਕਿ ਇੱਕ ਵਾਰ ਮਾਂ ਨਾਲ ਅਣਬਣ ਦੌਰਾਨ ਪ੍ਰਿੰਸ ਨੂੰ ਇੰਨਾ ਗੁੱਸਾ ਆਇਆ ਕਿ ਉਨ੍ਹਾਂ ਦੇ ਸਾਹਮਣੇ ਹੀ ਗੰਨ ਦੀਆਂ ਸਾਰੀਆਂ ਗੋਲੀਆਂ ਨਾਲ ਮਹਿਲ ਦੀ ਛੱਤ ਛਲਣੀ ਕਰ ਦਿੱਤੀ ਸੀ। ਉਨ੍ਹਾਂ ਨੇ ਇੰਟੈਲੀਜੈਂਸ ਚੀਫ ਭਰਾ ਮੁਹੰਮਦ ਬਿਨ ਨਾਏਫ ਨੂੰ ਵੀ 2017 ਤੋਂ ਅਹੁਦੇ ਤੋਂ ਹਟਵਾ ਦਿੱਤਾ ਸੀ।

## ਇਮਰਾਨ ਖਾਨ ਨੂੰ 34 ਵਿਦੇਸ਼ੀ ਨਾਗਰਿਕਾਂ ਤੇ 351 ਕੰਪਨੀਆਂ ਤੋਂ ਧਨ ਮਿਲਿਆ

ਇਸਲਾਮਾਬਾਦ, 4 ਅਗਸਤ (ਪੋਸਟ ਬਿਊਰੋ)- ਪਾਕਿਸਤਾਨ ਦੇ ਚੋਣ ਕਮਿਸ਼ਨ (ਈ ਸੀ ਪੀ) ਨੇ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਨੂੰ ਝਟਕਾ ਦਿੰਦੇ ਹੋਏ ਉਨ੍ਹਾਂ ਦੀ ਪਾਰਟੀ ਪਾਕਿਸਤਾਨ ਤਹਿਰੀਕ-ਏ-ਇਨਸਾਫ (ਪੀ ਟੀ ਆਈ) ਨੂੰ 34 ਵਿਦੇਸ਼ੀ ਨਾਗਰਿਕਾਂ ਅਤੇ 351 ਵਿਦੇਸ਼ੀ ਕੰਪਨੀਆਂ ਤੋਂ ਪਾਬੰਦੀਸ਼ੁਦਾ ਧਨ ਪ੍ਰਾਪਤ ਕਰਨ ਲਈ 'ਕਾਰਨ ਦੱਸੋ' ਨੋਟਿਸ ਜਾਰੀ ਕੀਤਾ। ਈ ਸੀ ਪੀ ਦੀ ਤਿੰਨ ਮੈਂਬਰੀ ਬੈਂਚ ਨੇ ਪੀ ਟੀ ਆਈ ਦੇ ਮੋਢੀ ਮੈਂਬਰ ਅਕਬਰ ਐਸ ਬਾਬਰ ਵੱਲੋਂ ਦਾਇਰ ਇੱਕ ਮਾਮਲੇ ਵਿੱਚ ਸਰਬ ਸੰਮਤ ਫੈਸਲੇ ਦਾ ਐਲਾਨ ਕੀਤਾ, ਜੋ ਨਵੰਬਰ 2014 ਤੋਂ ਪੈਂਡਿੰਗ ਸੀ।



ਇਹ ਫੈਸਲਾ ਕਰਨ ਵਾਲੇ ਬੈਂਚ ਵਿੱਚ ਮੁੱਖ ਚੋਣ ਕਮਿਸ਼ਨਰ ਸਿਕੰਦਰ ਸੁਲਤਾਨ ਰਾਜਾ, ਨਿਸਾਰ ਅਹਿਮਦ ਦੁਰਾਨੀ ਅਤੇ ਸ਼ਾਹ ਮੁਹੰਮਦ ਜਟੋਈ ਸ਼ਾਮਲ ਸਨ। ਚੋਣ ਕਮਿਸ਼ਨ ਨੇ ਕਿਹਾ ਕਿ ਪੀ ਟੀ ਆਈ ਨੂੰ 34 ਵਿਦੇਸ਼ੀ ਨਾਗਰਿਕਾਂ ਅਤੇ ਕਾਰੋਬਾਰੀ ਦਿੱਗਜ ਆਰਿਫ ਨਕਵੀ ਤੋਂ ਧਨ ਮਿਲਿਆ ਸੀ। ਚੋਣ ਕਮਿਸ਼ਨ ਨੇ ਇਹ ਵੀ ਕਿਹਾ ਕਿ ਪੀ ਟੀ ਆਈ ਨੂੰ ਭਾਰਤੀ ਮੂਲ ਦੀ ਇੱਕ ਅਮਰੀਕੀ ਕਾਰੋਬਾਰੀ ਔਰਤ ਰੋਮਿਤਾ ਸ਼ੈਟੀ ਤੋਂ ਵੀ ਚੰਦਾ ਮਿਲਿਆ, ਜੋ ਨਿਯਮਾਂ ਦੇ ਖਿਲਾਫ ਸੀ।

## ਬੰਦ ਪਈ ਪਾਕਿ ਸਟੀਲ ਮਿਲ ਤੋਂ 10 ਬਿਲੀਅਨ ਤੋਂ ਵੱਧ ਕੀਮਤ ਦੀ ਜਾਇਦਾਦ ਚੋਰੀ

ਇਸਲਾਮਾਬਾਦ, 4 ਅਗਸਤ (ਪੋਸਟ ਬਿਊਰੋ)- ਕੁਝ ਪ੍ਰਬੰਧਕੀ ਅਧਿਕਾਰੀਆਂ ਦੀ ਮਿਲੀਭਗਤ ਨਾਲ ਪਾਕਿਸਤਾਨ ਸਟੀਲ ਮਿਲਸ (ਪੀ ਐਸ ਐਮ) ਤੋਂ 10 ਬਿਲੀਅਨ ਤੋਂ ਵੱਧ ਪਾਕਿਸਤਾਨੀ ਰੁਪਏ ਦੀ ਜਾਇਦਾਦ ਚੋਰੀ ਹੋ ਗਈ ਹੈ।

ਹੈਰਾਨੀ ਵਾਲਾ ਖੁਲਾਸਾ ਉਦੋ ਹੋਇਆ ਜਦੋਂ ਉਦਯੋਗ ਅਤੇ ਉਤਪਾਦਨ ਮੰਤਰਾਲਾ ਨੇ ਕੇਂਦਰੀ ਜਾਂਚ ਕਰਤਿਆਂ ਨਾਲ ਸੰਪਰਕ ਕੀਤਾ ਅਤੇ ਉਨ੍ਹਾਂ ਨੂੰ ਚੋਰੀ ਦੀਆਂ ਵੱਖ-ਵੱਖ ਘਟਨਾਵਾਂ ਦੀ ਜਾਣਕਾਰੀ ਦਿੱਤੀ, ਜੋ ਸਰਕਾਰੀ ਮਾਲਕੀ ਵਾਲੇ ਅਦਾਰੇ ਦੇ ਲੱਗਭਗ ਸਾਰੇ ਵਿਭਾਗਾਂ ਵਿੱਚ ਹੋਈ ਸੀ। ਪੀ ਐਸ ਐਮ ਨੇ 2015 ਵਿੱਚ ਕੰਮ ਬੰਦ ਕਰ ਦਿੱਤਾ ਸੀ।



ਮੰਤਰਾਲਾ ਵੱਲੋਂ ਕੇਂਦਰੀ ਜਾਂਚ ਕਰਤਿਆਂ ਨੂੰ ਲਿਖੇ ਪੱਤਰ ਅਨੁਸਾਰ ਚੋਰੀ ਦੀ ਘਟਨਾਵਾਂ ਵਿੱਚ ਸੁਰੱਖਿਆ ਵਿਭਾਗ ਦੇ ਸ਼ਾਮਲ ਹੋਣ ਦੀ ਸੰਭਾਵਨਾ ਹੈ। ਪੱਤਰ ਮੁਤਾਬਕ ਪੀ ਐਸ ਐਮ ਵੱਲੋਂ ਅੰਦਰੂਨੀ ਜਾਂਚ ਸ਼ੁਰੂ ਕੀਤੀ ਗਈ ਸੀ ਅਤੇ ਇਹ ਅਜੇ ਵੀ ਜਾਰੀ ਹੈ, ਪਰ ਕੁਝ ਸਪੱਸ਼ਟ ਨਹੀਂ ਹੋਇਆ। ਪੱਤਰ ਵਿੱਚ ਜ਼ਿਕਰ ਹੈ ਕਿ 27 ਜੁਲਾਈ ਨੂੰ ਕਰੀਬ 50 ਲੋਕਾਂ ਨੇ ਪਾਕਿਸਤਾਨ ਸਟੀਲ ਮਿਲਸ ਦੇ ਪਲਾਂਟ ਏਰੀਆ ਵਿੱਚ ਵੜ ਕੇ ਅਰਬਾਂ ਰੁਪਏ ਦਾ ਤਾਂਬਾ ਤੇ ਤਾਰ ਚੋਰੀ ਕਰ ਲਈ। ਇਸ ਨੂੰ ਦੇਸ਼ ਦੇ ਇਤਿਹਾਸ ਦੀ ਸਭ ਤੋਂ ਵੱਡੀ ਚੋਰੀ ਦੱਸਿਆ ਗਿਆ ਹੈ। ਮੌਜੂਦਾ ਸਰਕਾਰ ਜਾ ਜਾਂਚ ਏਜੈਂਸੀ ਨੇ ਅਜੇ ਤੱਕ ਇਸ ਮਾਮਲੇ ਉੱਤੇ ਕੋਈ ਟਿੱਪਣੀ ਨਹੀਂ ਕੀਤੀ। ਪੀ ਐਸ ਐਮ 2008 ਤੋਂ ਘਾਟੇ ਵਿੱਚ ਚੱਲਦੀ ਸੀ ਤੇ ਅੰਤ 2015 ਵਿੱਚ ਬੰਦ ਕਰ ਦਿੱਤਾ ਸੀ। ਇਸ ਨਾਲ ਸਰਕਾਰੀ ਖ਼ਜ਼ਾਨੇ ਨੂੰ 229 ਅਰਬ ਰੁਪਏ ਦਾ ਨੁਕਸਾਨ ਹੋਇਆ ਸੀ।




# ਕੋਵਿਡ-19 ਦਿਮਾਗ ਨੂੰ ਸਥਾਈ ਨੁਕਸਾਨ ਪਹੁੰਚਾ ਸਕਦੈ

ਹਿਊਸਟਨ, 4 ਅਗਸਤ (ਪੋਸਟ ਬਿਊਰੋ)- ਕੋਵਿਡ ਨਾਲ ਜੁੜੀ ਇੱਕ ਹੋਰ ਖੋਜ ਵਿੱਚ ਕਿਹਾ ਗਿਆ ਹੈ ਕਿ ਕੋਰੋਨਾ ਦੀ ਇਨਫੈਕਸ਼ਨ ਕਿਸੇ ਵਿਸ਼ੇਸ਼ ਮਰੀਜ਼ ਦੇ ਦਿਮਾਗ ਨੂੰ ਸਥਾਈ ਤੌਰ ਉੱਤੇ ਨੁਕਸਾਨ ਪੁਚਾ ਸਕਦੀ ਹੈ।



ਏਜਿੰਗ ਰਿਸਰਚ ਰਿਵਿਊਜ਼ ਵਿੱਚ ਛਪੀ ਖੋਜ ਵਿਚ ਇਹ ਵੀ ਕਿਹਾ ਗਿਆ ਹੈ ਕਿ ਕੋਵਿਡ-19 ਨੁਕਸਾਨ ਦੇ ਡਰ ਨੂੰ ਵਧਾ ਸਕਦਾ ਹੈ ਅਤੇ ਇਸ ਕਾਰਨ ਦਿਮਾਗ ਵਿੱਚ ਲਗਾਤਾਰ ਜ਼ਖਮ ਹੋ ਸਕਦੇ ਹਨ ਜਿਨ੍ਹਾਂ ਦੇ ਕਾਰਨ ਖ਼ੂਨ ਦੇ ਰਿਸਾਅ ਦਾ ਖਤਰਾ ਵਧ ਜਾਂਦਾ ਹੈ। ਅਮਰੀਕਾ ਦੇ ਹਿਊਸਟਨ ਮੈਥੋਡਿਸਟ ਰਿਸਰਚ ਦੇ ਜੁਆਏ ਮਿਤਰਾ ਅਤੇ ਮੁਰਲੀਧਰ ਐੱਲ ਹੇਗੜੇ ਦੀ ਅਗਵਾਈ ਵਿੱਚ ਇਸ ਖੋਜ ਕਰਨ ਵਾਲੀ ਟੀਮ ਦਾ ਕਹਿਣਾ ਹੈ ਕਿ ਉਨ੍ਹਾਂ ਦੇ ਇਲਾਵਾ ਵੀ ਹੋਰ ਰਿਸਰਚ ਵਿੱਚ ਸਾਹਮਣੇ ਆਇਆ ਹੈ ਕਿ ਕੋਰੋਨਾ ਵਾਇਰਸ ਇਨਫੈਕਸ਼ਨ ਇਨਫੈਕਸ਼ਨ ਦੌਰਾਨ ਹੀ ਨਹੀਂ, ਉਸ ਦੇ ਬਾਅਦ ਵੀ ਮਰੀਜ਼ ਨੂੰ ਪ੍ਰਭਾਵਤ ਕਰਦੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਇਹ ਪਤਾ ਲੱਗਾ ਹੈ ਕਿ ਕੋਰੋਨਾ ਵਾਇਰਸ ਸਰੀਰ ਦੇ ਹੋਰਨਾਂ ਪ੍ਰਮੁੱਖ ਅੰਗਾਂ ਦੇ ਨਾਲ-ਨਾਲ ਦਿਮਾਗ ਨੂੰ ਵੀ ਪ੍ਰਭਾਵਤ ਕਰਦਾ ਹੈ।

ਖੋਜਕਾਰਾਂ ਦਾ ਕਹਿਣਾ ਹੈ ਕਿ ਕੋਰੋਨਾ ਵਾਇਰਸ ਇਨਫੈਕਸ਼ਨ ਮਰੀਜ਼ਾਂ ਵਿੱਚ, ਖਾਸ ਤੌਰ ਉੱਤੇ ਬਜ਼ੁਰਗ ਅਤੇ ਹੋਰ ਸੰਵੇਦਨਸ਼ੀਲ ਮਰੀਜ਼ਾਂ ਵਿੱਚ ਨਾੜੀਆਂ ਨਾਲ ਸੰਬੰਧਤ ਅਜਿਹੀਆਂ ਨਿਊਰੋਡੀਜੈਨਰੇਟਿਵ ਬਿਮਾਰੀਆਂ ਪੈਦਾ ਕਰ ਸਕਦਾ ਹੈ ਜਿਨ੍ਹਾਂ ਦਾ ਪ੍ਰਭਾਵ ਖਤਮ ਨਹੀਂ ਕੀਤਾ ਜਾ ਸਕਦਾ। ਨਿਊਰੋਡੀਜੈਨਰੇਟਿਵ ਬਿਮਾਰੀਆਂ ਵਿੱਚ ਵਿਅਕਤੀ ਦਾ ਦਿਮਾਗ ਹੌਲੀ-ਹੌਲੀ ਕੰਮ ਕਰਨਾ ਬੰਦ ਕਰ ਦਿੰਦਾ ਹੈ, ਜਿਸ ਕਾਰਨ ਉਸ ਦੇ ਵੱਖ-ਵੱਖ ਅੰਗ ਪ੍ਰਭਾਵਤ ਹੁੰਦੇ ਤੇ ਉਹ ਕੰਮ ਕਰਨਾ ਬੰਦ ਕਰ ਦਿੰਦੇ ਹਨ। ਕੋਵਿਡ ਨਾਲ ਮਰਨ ਵਾਲੇ ਤੇ ਇਸ ਬਿਮਾਰੀ ਤੋਂ ਉਭਰਨ ਵਾਲੇ ਸਾਰੇ ਲੋਕਾਂ ਦੇ ਦਿਮਾਗ ਦੀ ਇਮੇਜਿੰਗ ਦੇ ਵਿਸ਼ਲੇਸ਼ਣ, ਖੋਜ ਤੋਂ ਪਤਾ ਲੱਗਾ ਹੈ ਕਿ ਦਿਮਾਗ ਦੇ ਅੰਦਰੂਨੀ ਹਿੱਸਿਆਂ ਵਿੱਚ ਬੇਹੱਦ ਛੋਟੇ ਜ਼ਖਮਾਂ ਵਿੱਚ ਹੋਣ ਵਾਲਾ ਖ਼ੂਨੀ ਰਿਸਾਅ ਸਾਡੇ ਸਰੀਰ ਦੇ ਅੰਗਾਂ ਦੇ ਕੰਮ-ਕਾਜ ਅਤੇ ਯਾਦਾਸ਼ਤ ਨੂੰ ਪ੍ਰਭਾਵਤ ਕਰਦਾ ਹੈ।

## ਸਾਬਕਾ ਪਾਕਿ ਪ੍ਰਧਾਨ ਮੰਤਰੀ ਸ਼ਾਹਿਦ ਅੱਬਾਸੀ ਉਤੇ ਭਾਰਤੀ ਕੰਪਨੀ ਤੋਂ ਰਿਸ਼ਵਤ ਲੈਣ ਦਾ ਦੋਸ਼

ਇਸਲਾਮਾਬਾਦ, 4 ਅਗਸਤ (ਪੋਸਟ ਬਿਊਰੋ)- ਪਾਕਿਸਤਾਨ ਤਹਿਰੀਕੇ ਇਨਸਾਫ (ਪੀ ਟੀ ਆਈ) ਪਾਰਟੀ ਦੇ ਮੁਖੀ ਇਮਰਾਨ ਖਾਨ ਦੇ ਚੀਫ ਆਫ ਸਟਾਫ ਸ਼ਾਹਬਾਜ਼ ਗਿੱਲ ਨੇ ਕੱਲ੍ਹ ਸਾਬਕਾ ਪ੍ਰਧਾਨ ਮੰਤਰੀ ਸ਼ਾਹਿਦ ਖਾਕਾਨ ਅੱਬਾਸੀ ਉੱਤੇ ਪਾਕਿਸਤਾਨ ਮੁਸਲਿਮ ਲੀਗ (ਪੀ ਐਮ ਐਲ-ਐਨ) ਦੇ ਮੁਖੀ ਨਵਾਜ਼ ਸ਼ਰੀਫ ਦੇ ਕੈਬਨਿਟ ਵਿੱਚ ਪੈਟਰੋਲੀਅਮ ਮੰਤਰੀ ਹੁੰਦਿਆਂ ਇੱਕ ਭਾਰਤੀ ਕੰਪਨੀ ਤੋਂ ਰਿਸ਼ਵਤ ਲੈਣ ਦਾ ਦੋਸ਼ ਲਾਇਆ ਹੈ।



ਸ਼ਾਹਬਾਜ਼ ਗਿੱਲ ਨੇ ਦੋਸ਼ ਲਾਇਆ ਕਿ ਅੱਬਾਸੀ ਨੇ ਕੰਸਲਟੈਂਸੀ ਫੀਸ ਵਜੋਂ ਭਾਰਤੀ ਫਰਮ ਤੋਂ 14 ਕਰੋੜ ਪੀ ਕੇ ਆਰ ਰਿਸ਼ਵਤ ਲਈ ਤੇ ਤਿੰਨ ਲੈਣ-ਦੇਣ ਵਿੱਚ ਇੱਕ ਦਸੰਬਰ 2016 ਅਤੇ ਦੋ ਜਨਵਰੀ 2017 ਨੂੰ ਪੈਸੇ ਉਨ੍ਹਾਂ ਦੇ ਬੈਂਕ ਖਾਤੇ ਵਿੱਚ ਟਰਾਂਸਫਰ ਕੀਤੇ ਗਏ। ਗਿੱਲ ਨੇ ਕਿਹਾ ਕਿ ਉਨ੍ਹਾਂ ਦੇ ਅਤੇ ਅੱਬਾਸੀ ਦੇ ਇੱਕੋ ਬੈਂਕ ਵਿੱਚ ਖਾਤੇ ਹਨ ਅਤੇ ਮੰਗ ਕੀਤੀ ਕਿ ਦੋਵਾਂ ਖਾਤਿਆਂ ਦਾ ਵੇਰਵਾ ਜਨਤਾ ਸਾਹਮਣੇ ਰੱਖਿਆ ਜਾਏ। ਉਨ੍ਹਾਂ ਦਾਅਵਾ ਕੀਤਾ ਕਿ ਸਾਬਕਾ ਪ੍ਰਧਾਨ ਮੰਤਰੀ ਨੇ ਇਸ ਅਹੁਦੇ ਉੱਤੇ ਹੁੰਦਿਆਂ ਇੱਕ ਇਮਾਨਦਾਰ ਵਿਅਕਤੀ ਹੋਣ ਦਾ ਪ੍ਰਭਾਵ ਦੇਣ ਦੀ ਕੋਸ਼ਿਸ਼ ਕੀਤੀ ਸੀ, ਪਰੰਤੂ ਇਹ ਅਸਲੀਅਤ ਤੋਂ ਬਹੁਤ ਦੂਰ ਸੀ। ਸ਼ਾਹਬਾਜ਼ ਗਿੱਲ ਦੇ ਦੋਸ਼ਾਂ ਦਾ ਜਵਾਬ ਦਿੰਦੇ ਹੋਏ ਅੱਬਾਸੀ ਨੇ ਪੀ ਟੀ ਆਈ ਦੇ ਨੇਤਾ ਨੂੰ ਚੁਣੌਤੀ ਦਿੱਤੀ ਕਿ ਜੇ ਉਨ੍ਹਾਂ ਕੋਲ ਸਬੂਤ ਹਨ ਤਾਂ ਮਾਮਲਾ ਕੋਰਟ ਵਿੱਚ ਲੈ ਜਾਣ। ਇਸਲਾਮਾਬਾਦ ਤੋਂ ਇੱਕ ਬਿਆਨ ਵਿੱਚ ਸਾਬਕਾ ਪ੍ਰਧਾਨ ਮੰਤਰੀ ਅੱਬਾਸੀ ਨੇ ਕਿਹਾ ਕਿ ਪੀ ਟੀ ਆਈ ਅਤੇ ਉਸ ਦੀ 'ਕਚਰਾ ਬ੍ਰਿਗੇਡ' ਚਾਰ ਸਾਲਾਂ ਤੋਂ ਦੇਸ਼ ਉੱਤੇ ਸ਼ਾਸਨ ਕਰ ਰਹੀ ਹੈ ਅਤੇ ਉਸ ਦੇ ਖਿਲਾਫ ਦੋ ਕੇਸ ਬਣਾਏ ਹਨ। ਅੱਬਾਸੀ ਨੇ ਆਪਣੇ ਰਾਜਨੀਤਕ ਮੁਕਾਬਲੇਬਾਜ਼ ਨੂੰ ਆਪਣੇ ਖਿਲਾਫ ਇੱਕ ਹੋਰ ਕੇਸ ਕਰਨ ਅਤੇ ਸਬੂਤ ਪੇਸ਼ ਕਰਨ ਲਈ ਚੁਣੌਤੀ ਦਿੱਤੀ ਹੈ।

# ਸਾਊਥਾਲ 'ਚ ਤੀਆਂ ਮੌਕੇ ਜੁੜ ਰਹੇ ਹਨ ਪੰਜਾਬਣਾਂ ਦੇ ਵੱਡੇ ਇਕੱਠ

ਲੰਡਨ/ਗਲਾਸਗੋ (ਮਨਦੀਪ ਖੁਰਮੀ ਹਿੰਮਤਪੁਰਾ) ਬਰਤਾਨੀਆ ਦਾ ਸ਼ਹਿਰ ਸਾਊਥਾਲ ਹੁਣ 'ਪੰਜਾਬੀ ਪਿੰਡ' ਬਣਿਆ ਹੋਇਆ ਹੈ। ਆਏ ਦਿਨ ਕੋਈ ਨਾ ਕੋਈ ਮੇਲਾ, ਤਿੱਥ ਤਿਉਹਾਰ ਪੰਜਾਬ ਰੰਗਤ 'ਚ ਮਨਾਇਆ ਜਾਂਦਾ ਨਜ਼ਰੀਂ ਪੈਂਦਾ ਹੈ। ਹੁਣ ਪੰਜਾਬ 'ਚ ਤੀਆਂ ਬੇਸ਼ੱਕ ਟਾਂਵੀਆਂ ਟਾਂਵੀਆਂ ਥਾਂਵਾਂ 'ਤੇ ਲਗਦੀਆਂ ਹੋਣ, ਪਰ ਬਰਤਾਨੀਆ ਦੇ ਲਗਭਗ ਹਰ ਸ਼ਹਿਰ ਵਿੱਚ ਤੀਆਂ ਮਨਾਈਆਂ ਜਾਂਦੀਆਂ ਹਨ। ਸਾਊਥਾਲ ਦੀਆਂ ਤੀਆਂ ਦਾ ਆਪਣਾ ਵੱਖਰਾ ਮੁਕਾਮ ਹੈ। ਵੋਇਸ ਆਫ ਵੂਮੈਨ ਸੰਸਥਾ ਅਤੇ ਸ਼ਿਵਚਰਨ ਸਿੰਘ ਗਿੱਲ ਮੈਮੋਰੀਅਲ ਟਰੱਸਟ ਵੱਲੋਂ ਸਾਂਝੇ ਤੌਰ 'ਤੇ ਮਨਾਈਆਂ ਜਾਂਦੀਆਂ ਤੀਆਂ ਵਿੱਚ ਲਗਾਤਾਰ ਚਾਰ ਐਤਵਾਰ ਪੰਜਾਬਣਾਂ ਗਿੱਧੇ ਵਿੱਚ ਧੂੜ੍ਹਾਂ ਪੁੱਟਣ ਆਉਂਦੀਆਂ ਹਨ। ਪਿਛਲੇ ਹਫਤੇ ਤੋਂ ਸ਼ੁਰੂ ਹੋਈਆਂ ਤੀਆਂ 14 ਅਗਸਤ ਨੂੰ ਵਿੱਛੜ ਜਾਣਗੀਆਂ। ਨੌਰਵੁੱਡ ਹਾਲ ਸਾਊਥਾਲ ਵਿਖੇ ਹੋਈਆਂ ਤੀਆਂ ਦੇ ਉਦਘਾਟਨ ਦੀ ਰਸਮ ਕੌਂਸਲਰ ਜਸਬੀਰ ਕੌਰ ਆਨੰਦ ਨੇ ਅਦਾ ਕੀਤੀ। ਵੋਇਸ ਆਫ ਵੂਮੈਨ ਦੀ ਚੇਅਰਪਰਸਨ ਸੁਰਿੰਦਰ ਕੌਰ, ਸ਼ਿਵਚਰਨ ਸਿੰਘ ਗਿੱਲ ਮੈਮੋਰੀਅਲ ਟਰੱਸਟ ਵੱਲੋਂ ਸ਼ਿਵਦੀਪ ਕੌਰ ਢੇਸੀ ਤੇ ਅਵਤਾਰ ਕੌਰ ਵੱਲੋਂ ਤੀਆਂ ਵਿੱਚ ਪਹੁੰਚੀਆਂ ਪੰਜਾਬਣਾਂ ਨੂੰ ਹਾਰਦਿਕ ਜੀ ਆਇਆਂ ਕਿਹਾ ਗਿਆ। ਇਸ ਪ੍ਰਤੀਨਿਧ ਨਾਲ ਗੱਲਬਾਤ ਕਰਦਿਆਂ ਸੁਰਿੰਦਰ ਕੌਰ ਤੇ ਸ਼ਿਵਦੀਪ ਕੌਰ ਢੇਸੀ ਨੇ ਕਿਹਾ ਕਿ ਤੀਆਂ ਵਿਦੇਸ਼ਾਂ 'ਚ ਜੰਮੀਆਂ ਧੀਆਂ ਨੂੰ ਆਪਣੇ ਅਮੀਰ ਵਿਰਸੇ ਤੇ ਲੋਕ ਨਾਚ ਗਿੱਧੇ ਬਾਰੇ ਜਾਣਕਾਰੀ ਦੇਣ ਦਾ ਅਹਿਮ ਜਰੀਆ ਬਣਦੀਆਂ ਹਨ। ਉਹਨਾਂ ਕਿਹਾ ਕਿ ਭਾਈਚਾਰੇ ਦੇ ਸਹਿਯੋਗ ਨਾਲ ਹੁੰਦੀਆਂ ਇਹਨਾਂ ਤੀਆਂ ਵਿੱਚ ਹਰ ਵਰ੍ਹੇ ਹੋਰ ਵਧੇਰੇ ਹੋਰ ਨਿਖਾਰ ਆਉਂਦਾ ਜਾ ਰਿਹਾ ਹੈ।








# ਇਕਾਂਤ ਤੇ ਇਕਲਾਪਾ

**-ਜਗਦੀਸ਼ ਕੌਰ ਮਾਨ-**

ਉਸ ਸਮੇਂ ਬੀ ਏ ਭਾਗ ਦੂਜਾ ਦੀ ਵਿਦਿਆਰਥਣ ਸਾਂ। ਅੰਗਰੇਜ਼ੀ ਦਾ ਪੀਰੀਅਡ ਸੀ। ਪ੍ਰੋਫੈਸਰ ਬਹੁਤ ਪਿਆਰੀ ਕਵਿਤਾ Solitude ਪੜ੍ਹਾ ਰਹੇ ਸਨ। ਇਸ ਕਵਿਤਾ ਦੀ ਰਚੇਤਾ Ella Wheeler Wilcox ਹੈ। ਅਸੀਂ ਬੜੀ ਦਿਲਚਸਪੀ ਨਾਲ ਸਾਰੇਕਵਿਤਾ ਦਾ ਆਨੰਦ ਮਾਣ ਰਹੇ ਸਾਂ ਕਿ ਇੱਕ ਮੁੰਡੇ ਨੇ ਖੜ੍ਹੇ ਹੋ ਕੇ ਅਚਾਨਕ ਹੀ ਪ੍ਰੋਫੈਸਰ ਨੂੰ ਸਵਾਲ ਕਰ ਦਿੱਤਾ, "ਸਰ! Solitude ਅਤੇ Loneliness ਵਿੱਚ ਕੀ ਫਰਕ ਹੁੰਦੈ?" ਪ੍ਰੋਫੈਸਰ ਨੇ ਇਸ ਸਵਾਲ ਦਾ ਜਵਾਬ ਇੰਨੇ ਵਿਸਥਾਰ ਅਤੇ ਦਿਲਚਸਪ ਢੰਗ ਨਾਲ ਦਿੱਤਾ ਕਿ ਸਾਨੂੰ ਕਵਿਤਾ ਦੀਆਂ ਸਤਰਾਂ ਭੁੱਲ ਗਈਆਂ ਕਿ ਕਿੰਨੀਆਂ ਕੁ ਪੜ੍ਹ ਲਈਆਂ ਹਨ ਤੇ ਕਿੰਨੀਆਂ ਕੁ ਬਾਕੀ ਰਹਿੰਦੀਆਂ ਹਨ ਤੇ ਇਸ ਕਵਿਤਾ ਦਾ ਕੇਂਦਰੀ ਭਾਵ ਕੀ ਹੈ? ਉਂਝ ਪ੍ਰੋਫੈਸਰ ਦੀ ਵਿਆਖਿਆ ਦਾ ਅੱਖਰ ਅੱਖਰ ਅਜੇ ਤੱਕ ਯਾਦ ਹੈ। ਉਨ੍ਹਾਂ ਦੱਸਿਆ ਕਿ ਜਦੋਂ ਕੋਈ ਬੰਦਾ ਇਕੱਲਾ ਹੋਵੇ, ਇਕੱਲਤਾ ਉਸ ਨੂੰ ਤੜਫਾ ਰਹੀ ਹੋਵੇ, ਉਚਾਟ ਹੋਇਆ ਮਨ ਕਿਸੇ ਵੀ ਕੰਮ ਵਿੱਚ ਨਾ ਲੱਗ ਰਿਹਾ ਹੋਵੇ, ਜਦੋਂ ਕਰਨ ਲਈ ਕੋਈ ਕੰਮ ਹੀ ਨਾ ਅਹੁੜਦਾ ਹੋਵੇ, ਪਰ ਅਕਾਊ ਥਕਾਊ ਵਿਹਲ ਤੋਂ ਉਹ ਬੇਹੱਦ ਬੇਚੈਨੀ ਮਹਿਸੂਸ ਕਰ ਰਿਹਾ ਹੋਵੇ, ਇਕੱਲਤਾ ਉਸ ਨੂੰ ਨਾ ਸਿਰਫ ਵੱਢ ਵੱਢ ਖਾਂਦੀ ਹੋਵੇ ਸਗੋਂ ਉਸ ਵਾਸਤੇ ਸਰਾਪ ਬਣ ਰਹੀ ਹੋਵੇ, ਕਿਸੇ ਅਣਸੁਖਾਵੀਂ ਘਟਨਾ ਵਾਪਰਨ ਦੀ ਫਜ਼ੂਲ ਜਿਹੀ ਚਿੰਤਾ ਮਨ ਵਿੱਚ ਆਲ੍ਹਣਾ ਪਾ ਬੈਠੀ ਹੋਵੇ, ਜੀਅ ਨਾ ਲੱਗਣ ਕਾਰਨ ਦਿਲ ਕਿਸੇ ਮਿੱਤਰ ਪਿਆਰੇ ਨੂੰ ਮਿਲਣ ਦੀ ਤਾਂਘ ਨਾਲ ਵਿਲਕਦਾ ਹੋਵੇ, ਮਨ ਦੀ ਉਸ ਅਵਸਥਾ ਨੂੰ Loneliness (ਇਕਲਾਪਾ) ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਇਹ ਮਨ ਦੀ ਬੇਚੈਨੀ ਭਰੀ ਅਸ਼ਾਂਤ ਅਵਸਥਾ ਹੁੰਦੀ ਹੈ, ਉਦਾਸੀ ਰੋਗ ਦਿਲ ਦਿਮਾਗ ਉੱਤੇ ਹਾਵੀ ਹੋ ਰਿਹਾ ਹੁੰਦਾ ਹੈ। ਇਹੋ ਜਿਹੀ ਅਵਸਥਾ ਮਨੁੱਖ ਦੀ ਮਾਨਸਿਕ ਸਿਹਤ ਵਾਸਤੇ ਬਹੁਤ ਦੁਖਦਾਈ ਹੁੰਦੀ ਹੈ।

ਇਹ ਕਹਿੰਦਿਆਂ ਪ੍ਰੋਫੈਸਰ ਨੇ ਸਾਡੇ ਸਭ ਦੇ ਚਿਹਰਿਆਂ ਉੱਤੇ ਘੋਖਵੀਂ ਜਿਹੀ ਨਜ਼ਰ ਮਾਰੀ, ਸ਼ਾਇਦ ਇਹ ਤਸੱਲੀ ਕਰਨ ਵਾਸਤੇ ਕਿ ਜੋ ਕੁਝ ਉਹ ਬੋਲ ਰਹੇ ਹਨ, ਅਸੀਂ ਸਮਝ ਵੀ ਰਹੇ ਹਾਂ ਕਿ ਨਹੀਂ। ਥੋੜ੍ਹਾ ਰੁਕ ਕੇ ਦੁਬਾਰਾ ਬੋਲੇ, "ਇਸ ਤੋਂ ਉਲਟ ਜਦੋਂ ਅਸੀਂ ਇਕੱਲੇ ਹੋਈਏ, ਪਰ ਮਨ ਹੁਲਾਸ ਨਾਲਪੈਲ ਪਾਉਂਦੇ ਮੋਰ ਵਾਂਗ ਝੂਮ ਰਿਹਾ ਹੋਵੇ, ਪੂਰੀ ਤਰ੍ਹਾਂ ਸ਼ਾਂਤ ਚਿੱਤ ਤੇ ਅਡੋਲ ਹੋਈਏ, ਮਨ ਸੱਜਰੇ ਖਿੜੇ ਗੁਲਾਬ ਦੇ ਫੁੱਲ ਵਾਂਗ ਆਪ ਮੁਹਾਰੇ ਮੁਸਕਰਾ ਰਿਹਾ ਹੋਵੇ, ਕਿਸੇ ਵੀ ਕਿਸਮ ਦਾ ਫਿਕਰ ਫਾਕਾ ਸਾਡੇ ਨੇੜੇ ਤੇੜੇ ਨਾ ਹੋਵੇ, ਇਹ ਅਹਿਸ-ਾਸ ਹੀ ਨਾ ਹੁੰਦਾ ਹੋਵੇ ਕਿ ਅਸੀਂ ਇਕੱਲੇ ਹਾਂ, ਸਾਡੇ ਕੋਲ ਕੋਈ ਜੀਅ ਲਵਾਉਣ ਵਾਲਾ ਹੋਣਾ ਚਾਹੀਦਾ ਹੈ। ਜਿਹੜਾ ਕੰਮ ਅਸੀਂ ਕਰਦੇ ਹੋਈਏ, ਉਸ ਦਾ ਭਰਪੂਰ ਆਨੰਦ ਮਾਣ ਰਹੇ ਹੋਈਏ ਭਾਵੇਂ ਸਿਉਂਤੇ ਹੋਏ ਕੱਪੜੇ ਉਧੇੜ ਕੇ ਫਿਰ ਕਿਉਂ ਨਾ ਸਿਉਂ ਰਹੇ ਹੋਈਏ, ਉਦਰੇਵਾਂ ਸਾਥੋਂ ਕੋਹਾਂ ਦੂਰ ਹੋਵੇ। ਇਕਾਂਤਵਾਸ ਦਾ ਲੁਤਫ ਮਾਣਦੇ ਹੋਏ ਅਸੀਂ ਖੁਸ਼ੀ ਨਾਲ ਖੀਵੇ ਹੋ ਹੋ ਜਾਈਏ, ਉਸ ਨੂੰ Solitude (ਇਕਾਂਤਵਾਸ) ਕਿਹਾ ਜਾਂਦਾ ਹੈ।

ਵਿਦਿਆਰਥੀ ਦੇ ਸਵਾਲ ਦਾ ਜਵਾਬ ਦੇ ਕੇ ਪ੍ਰੋਫੈਸਰ ਸਾਹਿਬ ਫਿਰ ਕਵਿਤਾ ਪੜ੍ਹਾਉਣ ਰੁੱਝ ਗਏ। ਇਸ ਵਿਖਿਆਨ ਦਾ ਵਾਹਵਾ ਅਸਰ ਹੋਇਆ। ਉਦੋਂ ਨਿਆਣਮੱਤ ਵੀ ਸੀ। ਇਹੋ ਜਿਹੀਆਂ ਬਰੀਕੀਆਂ ਦੀ ਬਹੁਤੀ ਸੋਝੀ ਨਹੀਂ ਸੀ।



ਅੱਜਕੱਲ੍ਹ ਸੋਚੀਦਾ, ਬਈ ਇਹ ਚੰਚਲ ਮਨ ਤਾਂ ਸਮੁੰਦਰ ਤੋਂ ਵੀ ਡੂੰਘਾ ਹੈ, ਇਸ ਦੀਆਂ ਕਲਾਬਾਜ਼ੀਆਂ ਦੀ ਥਾਹ ਕੋਈ ਅੱਜ ਤੱਕ ਨਹੀਂ ਪਾ ਸਕਿਆ। ਇਹ ਕਦੇ ਤੋਲਾ ਕਦੇ ਮਾਸਾ, ਇਕੱਲਤਾ ਤੇ ਇਕਾਂਤਵਾਸ ਇਸ ਕਲਪਨਾ ਦੇ ਸੌਦਾਗਰ ਮਨ ਦੀਆਂ ਕਾਢਾਂ ਹਨ। ਕਦੇ ਜੀਅ ਕਰਦਾ ਹੈ ਕਿ ਕੰਮ ਕਰੀ ਜਾਈਏ, ਕਰੀ ਜਾਈਏ, ਥਕਾਵਟ ਮਹਿਸੂਸ ਨਹੀਂ ਹੁੰਦੀ, ਕਦੇ ਡੱਕਾ ਭੰਨ ਕੇ ਦੂਹਰਾ ਕਰਨ ਨੂੰ ਜੀਅ ਨਹੀਂ ਕਰਦਾ। ਕਈ ਵਾਰੀ ਬਗੈਰ ਕੋਈ ਕੰਮ ਕੀਤਿਆਂ ਹੀ ਥੱਕੇ ਟੁੱਟੇ ਮਹਿਸੂਸ ਕਰਦੇ ਹਾਂ। ਇਨ੍ਹਾਂ ਸਾਰੀਆਂ ਅਵਸਥਾਵਾਂ ਨੂੰ ਅਸੀਂ ਪੜ੍ਹਿਆਂ ਲਿਖਿਆਂ ਨੇ ਮੂਡ ਦਾ ਨਾਂਅ ਦਿੱਤਾ ਹੋਇਆ ਹੈ। ਜਦੋਂ ਮੂਡ ਵਿਗੜਿਆ ਹੋਵੇ, ਉਦੋਂ ਅਸੀਂ ਸੋਚਦੇ ਰਹਿ ਜਾਂਦੇ ਹਾਂ ਕਿ ਅੱਜ ਪਤਾ ਨਹੀਂ ਕੀ ਕਾਰਨ ਹੈ, ਕਿਤੇ ਜੀਅ ਜਿਹਾ ਹੀ ਨਹੀਂ ਲੱਗਦਾ।

ਗੰਭੀਰ ਸੋਚ ਵਾਲੇ ਬੰਦਿਆਂ ਨੂੰ ਸਦਾ ਰੁੱਝੇ ਰਹਿਣ ਦੀ ਆਦਤ ਹੁੰਦੀ ਹੈ। ਉਹ ਪਸ਼ੇਮਾਨ ਹੋਏ ਮਨ ਨੂੰ ਆਹਰੇ ਲਾਉਣ ਦੀ ਕੋਈ ਨਾ ਕੋਈ ਜੁਗਤ ਕੱਢ ਲੈਂਦੇ ਹਨ। ਜਦੋਂ ਉਦਾਸ ਮਨ ਨਿੱਕੇ ਨਿੱਕੇ ਆਹਰਾਂ ਵਿੱਚ ਲੱਗ ਜਾਵੇ ਤਾਂ ਇਸ ਨੂੰ ਉਹ ਸਮੱਸਿਆ ਭੁੱਲ ਜਾਂਦੀ ਹੈ ਜਿਸ ਕਰ ਕੇ ਪਰੇਸ਼ਾਨ ਸੀ। ਸਕਾਰਾਤਮਕ ਸੋਚ ਤੇ ਨਿੱਗਰ ਇੱਛਾ ਸ਼ਕਤੀ ਇਕਲਾਪਾ ਪਾਰ ਕਰਨ ਵਿੱਚ ਵੱਡੀ ਭੂਮਿਕਾ ਨਿਭਾਉਂਦੀਆਂ ਹਨ। ਲਗਾਤਾਰ ਦੁਸ਼ਵਾਰੀਆਂ ਨਾਲ ਜੂਝਦੇ ਰਹਿਣ ਕਾਰਨ ਕੋਈ ਵੇਲਾ ਸੀ ਜਦੋਂ ਮੈਂ ਵੀ ਢੇਰੀ ਢਾਹ ਬੈਠੀ ਸਾਂ, ਕੁਝ ਕਰਨ ਨੂੰ ਦਿਲ ਨਹੀਂ ਸੀ ਕਰਦਾ। ਮਨ ਹਰ ਵਕਤ ਉਦਾਸ ਤੇ ਬੁਝਿਆਂ ਰਹਿੰਦਾ। ਖਿਝੇ ਰਹਿਣਾ ਮੇਰਾ ਸੁਭਾਅ ਬਣ ਗਿਆ ਸੀ। ਫਿਰ ਲਿਖਣ ਪੜ੍ਹਨ ਦਾ ਪੁਰਾਣਾ ਸ਼ੌਕ ਮਨ ਵਿੱਚ ਜਾਗ ਪਿਆ ਤੇ ਮੈਂ ਦੁਬਾਰਾ ਕਲਮ ਚੁੱਕ ਲਈ। ਬਹੁਤ ਸਾਧਾਰਨ ਸ਼ਬਦਾਂ ਵਿੱਚ ਆਪਣੇ ਮਨ ਦੇ ਵਲਵਲੇ ਲਿਖ ਕੇ ਦੱਸਦੀ ਰਹਿੰਦੀ ਹਾਂ। ਆਪਣੇ ਪਸੰਦੀਦਾ ਕੰਮ ਵਿੱਚ ਲੱਗੀ ਹੋਈ ਇਕਾਂਤਵਾਸ ਦਾ ਆਨੰਦ ਮਾਣਦੀ ਹਾਂ ਤੇ 'ਵਿਹਲਾ ਮਨ ਟਕਸਾਲ ਦੀ ਜੜ੍ਹ' ਵਰਗੀ ਅਲਾਮਤ ਤੋਂ ਬਚ ਜਾਂਦੀ ਹਾਂ।




## ਸੋਨੇ ਦੇ ਪਿੰਜਰੇ ਵਿੱਚ ਇੱਕ ਹੋਰ ਦਿਨ



ਅਭੀਰਾਜ ਸਿੰਘ ਗੋਦਾਰਾ
ਜਮਾਤ ਸੱਤਵੀਂ
ਕਾਂਨਵੈਂਟ ਸਕੂਲ, ਬਠਿੰਡਾ

ਹਰ ਰੋਜ਼ ਸਵੇਰੇ ਉਠ ਕਿ ਸੋਨੇ ਦਾ ਪਿੰਜਰਾ, ਜਿਸ ਵਿੱਚ ਮੈ ਕੈਦਾ ਹਾਂ, ਦੇਖਣ ਨੂੰ ਮਿਲਦਾ ਹੈ। ਮੇਰਾ ਮਾਲਕ ਬੜੇ ਸੋਹਣੇ ਜਿਹੇ ਭਾਂਡੇ ਵਿੱਚ ਮੈਨੂੰ ਸਵਾਦਿਸ਼ਟ ਖਾਣਾ ਖਾਣ ਨੂੰ ਦਿੰਦਾ। ਹਰ ਕੋਈ ਇਹੋ ਜਹੀ ਜ਼ਿੰਦਗੀ ਨੂੰ ਲੋਚਦਾ ਹੈ, ਪਰ ਮੇਰਾ ਮਨ ਉਦਾਸ ਹੁੰਦਾ ਜਦੋਂ ਮੈਂ ਬਰਾਂਡੇ ਵਿੱਚ ਬੈਠਾ ਆਪਣੇ ਸਾਥੀਆਂ ਦੀਆਂ ਅਵਾਜ਼ਾਂ ਸੁਣਦਾ ਅਤੇ ਦੂਜੇ ਜਾਨਵਰਾਂ ਦੀਆਂ ਡਾਰਾਂ ਨੂੰ ਉਪਰੋਂ ਲੰਘਦਾ ਵੇਖਦਾ। ਮੇਰਾ ਮਨ ਕਰਦਾ ਕਿ
ਕਾਸ਼ ਮੈਂ ਵੀ ਆਜ਼ਾਦ ਹੋਵਾਂ ਇਹਨਾਂ ਵਾਂਗ ਖੁੱਲ੍ਹੀਆਂ ਫਿਜਾਵਾਂ ਵਿੱਚ ਉਡਾਂ ਪਰ ਮੇਰਾ ਦਰਦੇ ਹਾਲ ਨਾ ਹੀ ਮੇਰਾ ਮਾਲਕ ਸੁਣਦਾ ਹੈ ਨਾ ਕੋਈ ਹੋਰ ਆਉਣ ਜਾਣ ਵਾਲਾ ਇਨਸਾਨ, ਇੰਜ ਲੱਗਦਾ ਕਿ ਜਿਵੇਂ ਮਨੁੱਖ ਖੁੱਦ ਗਰਜ਼ ਹੋ ਗਿਆ ਹੈ। ਪਰ ਮੇਰੀ ਆਜ਼ਾਦੀ ਦੀ
ਉਮੀਦ ਉਦੋਂ ਟੁੱਟੀ ਜਦੋਂ ਮੈਂ ਆਪਣੇ ਮਾਲਕ ਦੀ ਜ਼ਿੰਦਗੀ ਸਮਝਣੀ ਸ਼ੁਰੂ ਕੀਤੀ, ਉਦੋਂ ਪਤਾ ਲੱਗਾ ਕਿ ਇਹ ਤਾਂ ਆਪ ਹੀ ਮੋਹ ਮਾਇਆ ਦੀਆਂ ਜੰਜੀਰਾਂ ਵਿੱਚ ਜਕੜਿਆ ਹੋਇਆ ਹੈ। ਹਰ ਕਿਸੇ ਦਾ ਕੋਈ ਨਾ ਕੋਈ ਮਨੁੱਖੀ ਰੂਪ ਵਿੱਚ ਆਕਾ ਹੈ, ਜਦਕਿ ਉਸ ਸਿਰਜਣ ਹਾਰ ਨੂੰ ਸਭ ਭੁੱਲੇ ਬੈਠੇ ਹਨ ਜੋ ਸਾਰੀ ਕਾਈਨਾਤ ਦਾ ਹੁਕਮਰਾਨ ਹੈ। ਜੇ ਕੋਈ ਆਜ਼ਾਦ ਹੋਣ ਦੀ ਸੋਚਦਾ ਹੈ ਤਾਂ ਉਸਦੀ ਸੋਚ ਨੂੰ ਕੁਚਲ ਦਿੱਤਾ ਜਾਂਦਾ ਹੈ। ਉਸ ਦਿਨ
ਤੋਂ ਮੇਰੀ ਰਿਹਾਈ ਦੀ ਉਮੀਦ ਟੁੱਟੀ ਤੇ ਇਹ ਸਮਝ ਆਈ ਜਿੰਨ੍ਹਾਂ ਨੇ ਮੈਨੂੰ ਪਿੰਜਰੇ ਵਿੱਚ ਪਾਇਆ ਹੈ ਉਹ ਮੇਰੇ ਤੋਂ ਵੀ ਵੱਡੇ ਪਿੰਜਰੇ ਵਿੱਚ ਕੈਦ ਹਨ। ਰੱਬ ਨੂੰ ਅਰਦਾਸ ਕਰਦਾ ਹਾਂ ਕਿ ਦੁਨੀਆਂ ਨੂੰ ਸੁਮੱਤ ਬਖਸ਼ੇ ਤਾਂ ਜੋ ਇਹ ਆਜ਼ਾਦ ਸੋਚ ਦੇ ਮਲਾਕ ਬਣਨ ਤਾਂ ਹੀ ਸ੍ਰਿਸਟੀ ਦਾ ਉਧਾਰ ਹੋ ਸਕੇਗਾ ।

## ਹਲਕਾ ਫੁਲਕਾ

ਵਿਆਹ ਵਿੱਚ ਪੱਪੂ ਬੜੀ ਦੇਰ ਤੋਂ ਖਾਣਾ ਖਾ ਰਿਹਾ ਸੀ...
ਕਿਸੇ ਨੇ ਪੁੱਛਿਆ, "ਓਏ! ਹੋਰ ਕਿੰਨਾ ਖਾਵੇਂਗਾ?"
ਪੱਪੂ, "ਜੀ, ਮੈਂ ਖਾਂਦੇ-ਪੀਂਦੇ ਪ੍ਰੇਸ਼ਾਨ ਹੋ ਗਿਆ ਹਾਂ, ਪਰ ਕੀ ਕਰਾਂ ਵਿਆਹ ਦੇ ਕਾਰਡ ਵਿੱਚ ਲਿਖਿਆ ਹੈ ਕਿ ਖਾਣਾ ਖਾਣ ਦਾ ਸਮਾਂ ਸੱਤ ਤੋਂ 10 ਵਜੇ ਤੱਕ।"


********

ਪਤੀ, "ਇਸ ਮਹੀਨੇ ਮੈਂ ਤੈਨੂੰ ਇੱਕ ਪੈਸਾ ਵੀ ਨਹੀਂ ਦੇਵਾਂਗਾ।"
ਪਤਨੀ, "ਤੁਸੀਂ ਬਸ ਮੈਨੂੰ ਪੰਜ ਸੌ ਰੁਪਏ ਉਧਾਰ ਦੇ ਦਿਓ, ਤੁਹਾਡੀ ਸੈਲਰੀ ਮਿਲਣ ਉਤੇ ਤੁਹਾਨੂੰ ਵਾਪਸ ਕਰ ਦੇਵਾਂਗਾ।"

********

ਨੌਕਰਾਣੀ, "ਮਾਲਕਣ, ਮੈਨੂੰ 10 ਦਿਨ ਦੀ ਛੁੱਟੀ ਚਾਹੀਦੀ ਹੈ।"
ਮਾਲਕਣ, "ਜੇ ਤੂੰ ਛੁੱਟੀ ਚਲੀ ਜਾਵੇਂਗੀ ਤਾਂ ਸਾਹਿਬ ਦਾ ਨਾਸ਼ਤਾ ਕੌਣ ਬਣਾਏਗਾ, ਟਿਫਨ ਕੌਣ ਪੈਕ ਕਰੇਗਾ, ਕੱਪੜੇ ਕੌਣ ਧੋਵੇਂਗਾ, ਉਨ੍ਹਾਂ ਨੂੰ ਟਾਈਮ ਉਤੇ ਦਵਾਈ ਕੌਣ ਦੇਵੇਗਾ?"
ਨੌਕਰਾਣੀ, "ਠੀਕ ਹੈ ਤਾਂ ਫਿਰ ਮੈਂ ਮਾਲਕ ਨੂੰ ਵੀ ਆਪਣੇ ਨਾਲ ਲੈ ਜਾਂਦੀ ਹਾਂ।"

# ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਨੇ ਬਾਬਾ ਨਜਮੀ ਨਾਲ ਰਚਾਇਆ ਭਾਵਪੂਰਤ ਰੂ-ਬ-ਰੂ







ਬਰੈਂਪਟਨ, (ਡਾ. ਝੰਡ) -ਪਿਛਲੇ ਹਫ਼ਤੇ 24 ਜੁਲਾਈ ਨੂੰ ਕੈਨੇਡੀਅਨ ਪੰਜਾਬੀ ਸਾਹਿਤ ਸਭਾ ਵੱਲੋਂ ਪਾਕਿਸਤਾਨੀ ਸ਼ਾਇਰ ਬਾਬਾ ਨਜਮੀ ਨਾਲ ਸ਼ੇਰਗਿੱਲ ਲਾਅ ਆਫ਼ਿਸ ਦੇ ਮੀਟਿੰਗ-ਹਾਲ ਵਿਚ ਭਾਵਪੂਰਤ ਰੂ-ਬ-ਰੂ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਪ੍ਰਧਾਨਗੀ-ਮੰਡਲ ਵਿਚ ਉਨ੍ਹਾਂ ਦੇ ਨਾਲ ਸਭਾ ਦੇ ਸਰਪ੍ਰਸਤ ਬਲਰਾਜ ਚੀਮਾ, ਪੰਜਾਬੀ ਕਮਿਊਨਿਟੀ ਦੀ ਉੱਘੀ ਸ਼ਖ਼ਸੀਅਤ ਡਾ. ਪਰਗਟ ਸਿੰਘ ਬੱਗਾ ਅਤੇ ਸਭਾ ਦੇ ਇਸਤਰੀ-ਵਿੰਗ ਦੀ ਕੋਆਰਡੀਨੇਟਰ ਹਰਜਸਪ੍ਰੀਤ ਗਿੱਲ ਸ਼ਾਮਲ ਸਨ।

ਸਭ ਤੋਂ ਪਹਿਲਾਂ ਪਾਕਿਸਤਾਨ ਦੇ ਨਾਮਵਰ ਸ਼ਾਇਰ ਬਾਬਾ ਨਜਮੀ ਜੀ ਬਾਰੇ ਸੰਖੇਪ ਸਭਾ ਦੇ ਕੋਆਰਡੀਨੇਟਰ ਮਲੂਕ ਸਿੰਘ ਕਾਹਲੋਂ ਵੱਲੋਂ ਜਾਣਕਾਰੀ ਸਰੋਤਿਆਂ ਨਾਲ ਸਾਂਝੀ ਕੀਤੀ ਗਈ। ਉਪਰੰਤ, ਬਾਬਾ ਨਜਮੀ ਜੀ ਨੇ ਆਪਣੇ

## ਬਾਬਾ ਨਜਮੀ ਨੇ ਕਵਿਤਾਵਾਂ ਨਾਲ ਸਰੋਤਿਆਂ ਨੂੰ ਕੀਤਾ ਸਰਸ਼ਾਰ

ਬਾਰੇ ਅਤੇ ਆਪਣੀ ਸ਼ਾਇਰੀ ਅਤੇ ਪਾਕਿਸਤਾਨ ਵਿਚ ਪੰਜਾਬੀ ਬਾਰੇ ਰੌਸ਼ਨੀ ਪਾਉਂਦਿਆਂ ਹੋਇਆਂ ਆਪਣੀਆਂ ਕੁਝ ਚੋਣਵੀਆਂ ਕਵਿਤਾਵਾਂ ਪੇਸ਼ ਕੀਤੀਆਂ ਜਿਨ੍ਹਾਂ ਨੂੰ ਸਰੋਤਿਆਂ ਵੱਲੋਂ ਭਰਪੂਰ ਦਾਦ ਦਿੱਤੀ ਗਈ। ਇਸ ਦੌਰਾਨ ਕਈ ਸਰੋਤਿਆਂ ਵੱਲੋਂ ਕੀਤੇ ਗਏ ਸੁਆਲਾਂ ਦੇ ਜੁਆਬ ਬਾਬਾ ਨਜਮੀ ਵੱਲੋਂ ਬਾਖ਼ੂਬੀ ਕੀਤੇ ਗਏ। ਸਮਾਗ਼ਮ ਵਿਚ ਟੋਰਾਂਟੋ ਏਰੀਏ ਦੇ ਜਾਣੇ-ਪਛਾਣੇ ਗਾਇਕ ਇਕਬਾਲ ਬਰਾੜ ਅਤੇ ਰਿੰਟੂ ਭਾਟੀਆ ਨੇ ਆਪਣੀਆਂ ਸੁਰੀਲੀਆਂ ਆਵਾਜ਼ਾਂ ਵਿਚ ਗੀਤਾਂ ਰਾਹੀਂ ਬਾਬਾ ਨਜਮੀ ਨੂੰ ਜੀ-ਆਇਆਂ ਕਿਹਾ।

ਪ੍ਰਧਾਨਗੀ-ਮੰਡਲ ਵਿਚ ਸ਼ਾਮਲ ਡਾ.ਪਰਗਟ ਸਿੰਘ ਬੱਗਾ ਵੱਲੋਂ ਆਪਣੇ ਨਿਵੇਕਲੇ ਅੰਦਾਜ਼ ਵਿਚ ਦੋਹਾਂ ਪੰਜਾਬਾਂ ਦੀ ਸਾਂਝੀ ਕੜੀ ਪੰਜਾਬੀ-ਬੋਲੀ ਬਾਰੇ ਵਿਚਾਰ ਸਾਂਝੇ ਕੀਤੇ ਗਏ। ਸਮਾਗ਼ਮ ਦੇ ਅਖ਼ੀਰ ਵੱਲ ਵੱਧਦਿਆਂ ਬਲਰਾਜ ਚੀਮਾ ਵੱਲੋਂ ਬੜੇ ਖ਼ੂਬਸੂਰਤ ਸ਼ਬਦਾਂ ਵਿਚ ਬਾਬਾ ਨਜਮੀ ਅਤੇ ਸਮੂਹ ਸਰੋਤਿਆਂ ਦਾ ਧੰਨਵਾਦ ਕੀਤਾ ਗਿਆ। ਗਿਆਨ ਸਿੰਘ ਦਰਦੀ ਵੱਲੋਂ ਆਪਣਾ ਨਵ-ਪ੍ਰਕਾਸ਼ਿਤ ਗ਼ਜ਼ਲ-ਸੰਗ੍ਰਹਿ 'ਅਕਾਸ਼ ਗੰਗਾ' ਬਾਬਾ ਨਜਮੀ ਜੀ ਨੂੰ ਸਤਿਕਾਰ ਸਹਿਤ ਭੇਂਟ ਕੀਤਾ ਗਿਆ। ਸਮਾਗ਼ਮ ਦੇ ਅਖ਼ੀਰ ਵਿਚ ਕੈਨੇਡੀਅਨ ਪੰਜਾਬੀ ਸਾਹਿਤ ਸਭਾ ਦੇ ਸਰਗ਼ਰਮ ਮੈਂਬਰ ਮਕਸੂਦ ਚੌਧਰੀ ਨੇ ਸਭਾ ਵੱਲੋਂ ਬਾਬਾ ਨਜਮੀ ਦਾ ਮਾਣ-ਸਨਮਾਨ ਤੁੱਛ ਜਿਹੀ ਰਾਸ਼ੀ ਨਾਲ ਕੀਤਾ ਗਿਆ।


ਇਸ ਦੌਰਾਨ ਮੰਚ ਸੰਚਾਲਨ ਦੀ ਜ਼ਿੰਮੇਵਾਰੀ ਤਲਵਿੰਦਰ ਮੰਡ ਵੱਲੋਂ ਬਾਖ਼ੂਬੀ ਨਿਭਾਈ ਗਈ ਅਤੇ ਵੱਡੀ ਗਿਣਤੀ ਵਿਚ ਲਈਆਂ ਗਈਆਂ ਸਮਾਗ਼ਮ ਦੀਆਂ ਤਸਵੀਰਾਂ ਤੇ ਵੀਡੀਓ ਦੀ ਸੇਵਾ ਕਰਾਉਣ ਇੰਮੀਗਰੇਸ਼ਨ ਦੇ ਕਰਤਾ-ਧਰਤਾ ਰਾਜਪਾਲ ਸਿੰਘ ਹੋਠੀ ਵੱਲੋਂ ਕੀਤੀ ਗਈ। ਸਮਾਗ਼ਮ ਵਿਚ ਪਿਆਰਾ ਸਿੰਘ ਕੁੱਦੋਵਾਲ, 'ਪੰਜਾਬੀ ਦੁਨੀਆਂ ਟੀ.ਵੀ.' ਦੇ ਸੰਚਾਲਕ ਹਰਜੀਤ ਗਿੱਲ, ਬਲਦੇਵ ਸਿੰਘ ਰਹਿਪਾ, ਚਰਨਜੀਤ ਸਿੰਘ ਪੱਡਾ, ਸਰਬਜੀਤ ਸਿੰਘ ਭੱਟੀ, ਅਨਿਲ ਸ਼ਰਮਾ, ਸੁਖਦੇਵ ਸਿੰਘ ਬੇਦੀ, ਡਾ. ਜਗਮੋਹਨ ਸਿੰਘ ਸੰਘਾ, ਹਰਪਾਲ ਸਿੰਘ ਭਾਟੀਆ, ਜਰਨੈਲ ਸਿੰਘ ਮੱਲ੍ਹੀ, ਮਨਦੀਪ ਔਜਲਾ, ਮਦਨ ਬੰਗਾ ਸੁਰਜੀਤ ਕੌਰ, ਪੁਸ਼ਪਿੰਦਰ ਕੌਰ, ਪ੍ਰਭਮੂਨ ਕੌਰ, ਹਰਜਿੰਦਰ ਕੌਰ ਸਮੇਤ ਕਈ ਹੋਰ ਸ਼ਾਮਲ ਸਨ।

# ਕੈਨੇਡੀਅਨ ਪੰਜਾਬੀ ਪੋਸਟ CLASSIFIEDS

Award winning news paper | Canadian Punjabi Post

Starting at just $10

ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ ਕਾਲ ਕਰੋ: 905-793-2202



# Matrimonial

ਰਿਸ਼ਤੇ ਹੀ ਰਿਸ਼ਤੇ

Starting at just $10

ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ ਕਾਲ ਕਰੋ: 905-793-2202

## ਪਲਾਟ ਵਿਕਾਊ

ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਨਜ਼ਦੀਕ ਪਲਾਟ ਵਿਕਾਊ ਹੈ। GT Road ਤੋਂ ਸਿਰਫ 400 ਮੀਟਰ ਦੂਰੀ 'ਤੇ। ਸ੍ਰੀ ਗੁਰੂ ਤੇਗ ਬਹਾਦਰ ਨਗਰ ਵਿਚ 10 ਮਰਲੇ ਦਾ ਪਲਾਟ ਵਿਕਾਊ ਹੈ।। ਖੁੱਲ੍ਹੀਆਂ ਸੜਕਾਂ ਪਾਰਕ ਆਦਿ ਦੀ ਸਹੂਲਤ।

ਫੋਨ ਨੰਬਰ 917837596119
647-760-2769







## ਫੋਨਾਂ ਦੇ ਸਸਤੇ ਪਲਾਨ ਗਾਰੰਟਿਡ

ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
20 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

## ਲੜਕੀ ਦੀ ਲੋੜ

"ਨਾਈ ਸਿੱਖ ਲੜਕਾ ਉਮਰ 23 ਸਾਲ , ਕੱਦ 5'10" ਵਰਕ ਪਰਮਿਟ 'ਤੇ ਲੜਕੇ ਲਈ ਪੀ.ਆਰ./ ਸਿਟੀਜਨ ਲੜਕੀ ਦੀ ਲੋੜ ਹੈ।ਲੜਕੇ ਦੀ ਭੈਣ ਕੈਨੇਡਾ ਵਿੱਚ ਆਪਣੇ ਪਰਿਵਾਰ ਨਾਲ ਰਹਿੰਦੀ ਹੈ। ਸੰਪਰਕ: +1(647) 274-3207 : +91 97794 39200"

ਸਿੱਖ ਰਾਜਪੂਤ (ਜੰਜੂਆ), ਜਨਮ ਦਸੰਬਰ, 1991, ਕੱਦ 5'11", ਕੈਨੇਡੀਅਨ ਸਿਟੀਜਨ, ਵੈੱਲ ਸੈਟਲਡ ਲੜਕੇ ਲਈ ਕੈਨੇਡੀਅਨ ਪੀਆਰ/ਸਿਟੀਜਨ, ਉਮਰ 25-27 ਸਾਲ, ਖਾਨਦਾਨੀ ਘਰਾਣੇ ਨਾਲ ਸੰਬੰਧਤ ਸੁੰਦਰ ਅਤੇ ਸੁਸ਼ੀਲ ਲੜਕੀ ਦੀ ਲੋੜ ਹੈ। ਸੰਪਰਕ: 647-239-4866 ਅਤੇ 647-773-5902

ਸਰਾ ਪਰਿਵਾਰ ਦਾ ਲੜਕਾ, ਉਮਰ 33 ਸਾਲ, ਕੱਦ 5 ਫੁੱਟ 10 ਇੰਚ, ਬੀਬੀਏ ਕੀਤੀ ਹੋਈ ਹੈ, ਵਰਤਮਾਨ ਵਿਚ ਭਾਰਤ ਵਿਚ ਬਿਜ਼ਨਸ ਕਰ ਰਿਹਾ ਹੈ ਤੇ ਭਵਿੱਖ ਵਿਚ ਕੈਨੇਡਾ ਵਿਚ ਟਰਾਂਸਪੋਰਟੇਸ਼ਨ ਦਾ ਬਿਜ਼ਨਸ ਖੋਲ੍ਹਣ ਜਾ ਰਿਹਾ ਹੈ, ਲਈ ਸੁੰਦਰ ਸੁਸ਼ੀਲ ਲੜਕੀ ਦੀ ਲੋੜ ਹੈ। ਸੰਪਰਕ: 437-332-8422,
ਈ ਮੇਲ puneetasra17october@gmail.com

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11", B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5"8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013




ਸਾਰੀਆਂ ਸੱਮਸਿਆਵਾਂ ਦੇ ਇਲਾਜ਼ ਲਈ

AWARD WINNER **RAJNI SHARMA**

- ਸਾਰੀਆਂ ਬਿਮਾਰੀਆਂ ਦਾ ਨੈਚੁਰਲ ਢੰਗ ਨਾਲ ਇਲਾਗ ਕੀਤਾ ਜਾਦਾਂ ਹੈ
- ਧਰਨ ਚੁਕ ਅਤੇ ਬੈਕ ਪਰਾਬਲਮ
- ਛਟਕਾ ਪੇਨ ਅਤੇ ਬੱਚੇ ਦੀ ਪਰਾਬਲਮ
- ਮੈਂਟਲ ਹੈਲਥ ਪਰਾਬਲਮ
- ਸ਼ਰੀਰ ਦੀਆਂ ਸਾਰੀਆਂ ਸੱਮਸਿਆਵਾਂ ਦੀ ਮਦੱਦ ਲਈ ਕਾਲ ਕਰੋ :

**RAJNI SHARMA - CALL 647-409-0731**
Near Ebenzer & Gore - 45 Caranci Crescent, Brampton, ON L6P 1H3

## ਲੜਕੀ ਦੀ ਲੋੜ

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877
Email :- komal1128@gmail.com

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5'11" ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ।ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ।ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9", ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਕੈਨੇਡਾ ਵਿਚ ਵੈੱਲ ਸੈਟਲਡ ਪੀ.ਆਰ. ਲੜਕਾ, ਟਰੱਕਿੰਗ ਇੰਡਸਟਰੀ ਵਿਚ ਵਧੀਆ ਨੌਕਰੀ ਕਰ ਰਿਹਾ, ਉਮਰ 30 ਸਾਲ, ਕੱਦ 5'9" ਲਈ ਕੈਨੇਡੀਅਨ ਪੀ.ਆਰ./ਸਿਟੀਜਨ, ਵਰਕ ਪਰਮਿਟ ਜਾਂ ਆਪਣੇ ਪਰਿਵਾਰ ਨਾਲ ਰਹਿ ਰਹੀ ਲੜਕੀ ਦੀ ਲੋੜ ਹੈ। ਲੜਕੇ ਦੀ ਭੇਣ ਕੈਨੇਡਾ ਵਿਚ ਆਪਣੇ ਪਰਿਵਾਰ ਨਾਲ ਰਹਿੰਦੀ ਹੈ। ਸੰਪਰਕ: 647-608-4013




## ਕੇਅਰ ਗਿਵਰ ਦੀ ਲੋੜ

ਬਜੁਰਗ ਔਰਤ ਨੂੰ ਸੰਭਾਲਣ ਲਈ ਕੇਅਰ ਗਿਵਰ ਦੀ ਲੋੜ ਹੈ। ਵਧੀਆ ਤਨਖਾਹ ਦਿੱਤੀ ਜਾਵੇਗੀ। **'PR'** ਲਈ ਮੱਦਦ ਕੀਤੀ ਜਾਵੇਗੀ। Location 'Winnipeg, MB' ਜ਼ਿਆਦਾ ਜਾਣਕਾਰੀ ਲਈ ਸੰਪਰਕ ਕਰੋ:



**204-333-9000, 416-818-3777**

## ਲੜਕੇ ਦੀ ਲੋੜ

ਨਾਈ ਸਿੱਖ ਲੜਕੀ, 1993, Masters in Commerce, Two years Canadian Education, Job: Accounting Bookkeeper Got: Hargun Height: 5'3, Status in canada : PR, (1 brother also in canada ) Looking for vegetarian , Well educated sikh boy. (Preferred in canada.) 6048973052

ਕੈਨੇਡਾ ਪੀ ਆਰ ਲੜਕੀ ਨਾਈ ਸਿੱਖ /ਲੱਖਣਪਾਲ ਲਈ ਸ਼ੁਧ ਵੈਸ਼ਨੂੰ ਵਰ ਦੀ ਲੋੜ। ਤਰਜੀਹ ਕੈਨੇਡਾ। ਜਨਮ 13/12/1991, ਕੱਦ 5'7", ਭਾਰਤ ਤੋਂ M.Com ਅਤੇ ਕੈਨੇਡਾ ਤੋ ਪੋਸਟ ਗਰੈਡ ਡਿਪਲੋਮਾ HRM ਇੱਕ ਭੈਣ ਤੇ ਇੱਕ ਭਰਾ ਵਿਆਹੇ ਦੋਵੇ ਕੈਨੇਡਾ PR ਫੋਨ +12049148700 +919569557850

ਜੱਟ ਸਿਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11" ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2" ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com



# ਬਲਿਊ ਓਕ ਪਾਰਕ ਵਿਖੇ ਚਾਵਾਂ ਨਾਲ ਮਨਾਇਆ ਤੀਆਂ ਦਾ ਤਿਉਹਾਰ

## ਮੁਟਿਆਰਾਂ ਨੇ ਪਾਈ ਗਿੱਧੇ ਅਤੇ ਬੋਲੀਆਂ ਦੀ ਧਮਾਲ



ਬਰੈਪਟਨ: ਬਲਿਊ ਓਕ ਪਾਰਕ ਵਿਖੇ ਪੰਜਾਬ ਦੇ ਅਮੀਰ ਵਿਰਸੇ ਨਾਲ ਜੁੜਿਆ ਤੀਆਂ ਦਾ ਤਿਉਹਾਰ ਬੜੇ ਪਿਆਰ ਅਤੇ ਚਾਵਾਂ ਨਾਲ ਮਨਾਇਆ ਗਿਆ। ਪੰਜਾਬੀ ਸੱਭਿਆਚਾਰ ਦੇ ਰੰਗ ਵਿੱਚ ਸੱਜ-ਧੱਜ ਕੇ ਆਈਆਂ ਮੁਟਿਆਰਾਂ ਤੇ ਸੁਆਣੀਆਂ ਨੇ ਇਕ ਦੂੱਜੇ ਨੂੰ ਤੀਆਂ ਦੇ ਤਿਉਹਾਰ ਦੀਆਂ ਵਧਾਈਆਂ ਦਿੱਤੀਆਂ। ਇਸ ਸਮਾਗਮ ਵਿਚ ਬਲਿਊ ਓਕ, ਬਲੈਕ ਓਕ, ਫਰਨ ਫਰੈਸਟ ਅਤੇ ਆਲੇ ਦੁਆਲੇ ਰਹਿੰਦੇ ਵੱਡੀ ਗਿਣਤੀ ਪੰਜਾਬੀ ਭਾਈਚਾਰੇ ਦੇ ਪ੍ਰੀਵਾਰਾਂ ਦੀਆਂ ਮੁਟਿਆਰਾਂ ਵਲੋਂ ਪਾਈਆਂ ਪੰਜਾਬੀ ਬੋਲੀਆ ਅਤੇ ਗਿੱਧੇ ਨੇ ਤੀਆਂ ਦੇ ਤਿਉਹਾਰ ਨੂੰ ਹੋਰ ਵੀ ਚਾਰ ਚੰਨ ਲਾ ਦਿੱਤੇ। ਇਕ ਪਾਸੇ ਸੁਆਣੀਆਂ ਪੀਂਘਾਂ ਝੂਟ ਰਹੀਆਂ ਸੀ ਤੇ ਦੂੱਜੇ ਪਾਸੇ ਗਿੱਧੇ ਦੀ ਧਮਾਲ। ਸਾਵਨ ਦਾ ਮਹੀਨਾਂ ਤੇ ਪਾਰਕ ਵਿਚ ਆਪਣੇ ਨਿਕੇ ਨਿਆਨਿਆਂ ਨਾਲ ਆਏ ਮਾਪੇ ਤੇ ਬਜ਼ੁਰਗ ਕਨੇਡਾ ਵਿਚ ਪੰਜਾਬ ਦੀ ਝਲਕ ਦਾ ਭੁਲੇਖਾ ਪਾ ਰਹੇ ਸੀ।ਇਸ ਮੌਕੇ ਪ੍ਰਬੰਧਕਾਂ ਵਲੋਂ ਖਾਣ-ਪੀਣ ਦਾ ਵੀ ਪ੍ਰਬੰਧ ਕੀਤਾ ਸੀ ਜਿਨਾਂ ਦੇ ਸਾਰਿਆਂ ਨੇ ਰਲ ਕੇ ਅਨੰਦ ਮਾਣਿਆਂ। ਭਾਵੇਂ ਪੰਜਾਬੀ ਭਾਈਚਾਰਾ ਦੁਨੀਆਂ ਦੇ ਵੱਖ ਵੱਖ ਦੇਸ਼ਾਂ ਵਿੱਚ ਜਾ ਵਸਿਆ ਹੈ ਪਰ ਉਹ ਵਿਦੇਸ਼ਾਂ ਵਿੱਚ ਰਹਿ ਕੇ ਵੀ ਆਪਣੇ ਸ਼ਾਨਾ ਮੱਤੇ ਵਿਰਸੇ ਨਾਲ ਜੁੜਿਆ ਹੋਇਆ ਹੈ। ਉਹ ਆਪਣੇ ਧਾਰਮਿਕ ਸਮਾਗਮ, ਖੇਡਾਂ ਅਤੇ ਤਿਉਹਰ ਮਨਾਉਂਦੇ ਹਨ ਜਿਸ ਵਿਚ ਹਜ਼ਾਰਾਂ ਦੀ ਗਿਣਤੀ ਵਿਚ ਪੰਜਾਬੀ ਪ੍ਰੀਵਾਰ ਸ਼ਾਮਲ ਹੁੰਦੇ ਹਨ। ਸਾਡੇ ਵਿਦੇਸ਼ਾਂ ਵਿਚ ਜਮ-ਪਲ ਨਵੀਂ ਪੀੜੀ ਦੇ ਬੱਚਿਆਂ ਲਈ ਵੀ ਪ੍ਰੇਰਣਾ ਸਰੋਤ ਹਨ।





## ਪੰਜਵੀਂ ਸਲਾਨਾ ਐੱਨਲਾਈਟ ਕਿੱਡਜ਼ ਰੱਨ ਫ਼ਾਰ ਐਜੂਕੇਸ਼ਨ 7 ਅਗਸਤ ਨੂੰ ਚਿੰਗੁਆਕੂਜ਼ੀ ਪਾਰਕ ਵਿਚ ਹੋਵੇਗੀ




ਬਰੈਂਪਟਨ, (ਡਾ.ਝੰਡ) - 'ਐੱਨਲਾਈਟ ਲਾਈਫ਼ ਆਫ਼ ਕਿੱਡਜ਼ ਇਨ ਨੀਡ' ਸੰਸਥਾ ਦੇ ਸੰਚਾਲਕ ਨਰਿੰਦਰਪਾਲ ਬੈਂਸ ਤੋਂ ਪ੍ਰਾਪਤ ਸੂਚਨਾ ਅਨੁਸਾਰ ਪੰਜਵੀਂ ਐੱਨਲਾਈਟ ਕਿੱਡਜ਼ ਰੱਨ ਫ਼ਾਰ ਐਜੂਕੇਸ਼ਨ' 7 ਅਗਸਤ ਦਿਨ ਐਤਵਾਰ ਨੂੰ ਬਰੈਂਪਟਨ ਦੇ ਚਿੰਗੁਆਕੂਜ਼ੀ ਪਾਰਕ ਵਿਚ ਸਵੇਰੇ 9.00 ਵਜੇ ਕਰਵਾਈ ਜਾ ਰਹੀ ਹੈ ਜਿਸ ਦੇ ਲਈ ਰਜਿਸਟ੍ਰੇਸ਼ਨ ਪਹਿਲਾਂ ਹੀ 'ਔਨ-ਲਾਈਨ' ਆਰੰਭ ਹੋ ਚੁੱਕੀ ਹੈ ਜੋ ਇਸ ਸੰਸਥਾ ਦੀ ਵੈੱਬਸਾਈਟ 'ਤੇ ਜਾ ਕੇ ਕਰਵਾਈ ਜਾ ਸਕਦੀ ਹੈ। ਕੇਵਲ ਨੌਜੁਆਨ ਹੀ ਨਹੀਂ, ਸਗੋਂ ਹਰੇਕ ਉਮਰ ਵਰਗ ਦੇ ਵਿਅੱਕਤੀਆਂ ਵਿਚ ਇਸ ਰਜਿਸਟ੍ਰੇਸ਼ਨ ਲਈ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ।

ਇੱਥੇ ਇਹ ਜ਼ਿਕਰਯੋਗ ਹੈ ਕਿ ਇਸ ਸੰਸਥਾ ਵੱਲੋਂ ਲੋੜਵੰਦ ਵਿਦਿਆਰਥੀਆਂ ਦੀ ਸਹਾਇਤਾ ਲਈ 2018 ਵਿਚ ਪਹਿਲੀ ਵਾਰ ਐੱਨਲਾਈਟ ਕਿੱਡਜ਼ ਰੱਨ ਫ਼ਾਰ ਐਜੂਕੇਸ਼ਨ ਦੀ ਸ਼ੁਰੂਆਤ ਕੈਲੇਡਨ ਟਰੇਲ ਦੇ ਪੱਛਮ ਵਾਲੇ ਪਾਸੇ 5 ਕਿਲੋਮੀਟਰ ਅਤੇ 10 ਕਿਲੋਮੀਟਰ ਦੌੜ ਕੇ ਕੀਤੀ ਗਈ ਜਿਸ ਵਿਚ ਟੋਰਾਂਟੋ ਪੀਅਰਸਨ ਏਅਰਪੋਰਟ ਰੱਨਰਜ਼ ਕਲੱਬ (ਟੀ.ਪੀ.ਏ.ਆਰ. ਕਲੱਬ), ਗੁਰੂ ਗੋਬਿੰਦ ਸਿੰਘ ਚਿਲਡਰਨ ਫਾਊਂਡੇਸ਼ਨ ਅਤੇ ਤਰਕਸ਼ੀਲ ਸੋਸਾਇਟੀ ਆਫ਼ ਨਾਰਥ ਅਮੈਰਿਕਾ ਦੇ ਮੈਂਬਰਾਂ ਵੱਲੋਂ ਵੱਡੀ ਗਿਣਤੀ ਵਿਚ ਹਿੱਸਾ ਲਿਆ ਗਿਆ। ਇਸ ਦੌੜ ਨੂੰ ਸਾਰੀਆਂ ਕਮਿਊਨਿਟੀਆਂ ਵੱਲੋਂ ਭਰਪੂਰ ਹੁੰਗਾਰਾ ਮਿਲਿਆ ਸੀ ਅਤੇ ਇਸ ਵਿਚ ਦੌੜਾਕਾਂ ਤੇ ਵੱਕਰਾਂ ਦੀ ਗਿਣਤੀ 150 ਦੇ ਲੱਗਭੱਗ ਹੋ ਗਈ ਸੀ। ਇਸ ਤੋਂ ਉਤਸ਼ਾਹਿਤ ਹੋ ਕੇ 2019 ਵਿਚ ਦੂਸਰੀ ਐੱਨਲਾਈਟ ਕਿੱਡਜ਼ ਰੱਨ ਫ਼ਾਰ ਐਜੂਕੇਸ਼ਨ ਬਰੈਂਪਟਨ ਦੇ ਚਿੰਗੁਆਕੂਜ਼ੀ ਪਾਰਕ ਵਿਚ ਕਰਵਾਈ ਗਈ ਜਿਸ ਵਿਚ ਉਪਰੋਕਤ ਵਰਨਣ ਤਿੰਨਾਂ ਸੰਸਥਾਵਾਂ ਨੇ ਆਪਣਾ ਭਰਪੂਰ ਯੋਗਦਾਨ ਪਾਇਆ ਅਤੇ ਇਸ ਦੌੜ ਵਿਚ 200 ਤੋਂ ਵਧੀਕ ਦੌੜਾਕ ਤੇ ਵੱਕਰ ਸ਼ਾਮਲ ਹੋਏ। ਇੱਥੇ 'ਐੱਨਲਾਈਟ ਲਾਈਫ਼ ਆਫ਼ ਕਿੱਡਜ਼ ਇਨ ਨੀਡ' ਸੰਸਥਾ ਵੱਲੋਂ ਖੇਡ-ਜਗਤ ਨਾਲ ਜੁੜੀਆਂ ਪੰਜਾਬੀ ਕਮਿਊਨਿਟੀ ਦੀਆਂ ਅਹਿਮ ਸ਼ਖ਼ਸੀਅਤਾਂ ਬਰੈਂਪਟਨ ਦੇ ਸੱਭ ਤੋਂ ਸੀਨੀਅਰ ਐਥਲੀਟ ਪ੍ਰਿੰ. ਵਤਨ ਸਿੰਘ ਗਿੱਲ, ਉੱਘੇ ਖੇਡ-ਲੇਖਕ ਪ੍ਰਿੰ. ਸਰਵਣ ਸਿੰਘ, ਖੇਡ-ਪੱਤਰਕਾਰ ਡਾ. ਸੁਖਦੇਵ ਸਿੰਘ ਝੰਡ ਅਤੇ ਮੈਰਾਥਨ ਦੌੜਾਕ ਸੰਜੂ ਗੁਪਤਾ ਨੂੰ ਸਨਮਾਨਿਤ ਕੀਤਾ ਗਿਆ ਸੀ।

2020 ਵਿਚ ਸਾਰੀ ਦੁਨੀਆਂ ਕਰੋਨਾ ਮਹਾਂਮਾਰੀ ਦੇ ਫ਼ੈਲਣ ਕਾਰਨ ਇਹ ਦੌੜ ਨਹੀਂ ਕਰਵਾਈ ਜਾ ਸਕੀ ਸੀ ਪਰ ਫਿਰ ਵੀ ਇਸ ਸੰਸਥਾ ਦੇ ਕੁਝ ਨੌਜੁਆਨ ਮੈਂਬਰਾਂ ਨੇ ਸੀਮਤ ਗਿਣਤੀ ਵਿਚ ਸਿੰਬੌਲਿਕ ਤੌਰ 'ਤੇ ਦੌੜ ਕੇ ਤੀਸਰੀ ਐੱਨਲਾਈਟ ਕਿੱਡਜ਼ ਰੱਨ ਫ਼ਾਰ ਐਜੂਕੇਸ਼ਨ ਦੀ ਪ੍ਰਕਿਰਿਆ ਪੂਰੀ ਕੀਤੀ। ਸਾਲ 2021 ਵਿਚ ਵਰਚੂਅਲ ਅਤੇ ਰੀਅਲ ਦੋਹਾਂ ਕਿਸਮਾਂ ਦੀ ਸਾਂਝੀ 'ਹਾਈਬਰਿੱਡ-ਦੌੜ' ਦਾ ਆਯੋਜਨ ਕੀਤਾ ਗਿਆ ਜਿਸ ਵਿਚ ਦੌੜਾਕ ਚਿੰਗੁਆਕੂਜ਼ੀ ਪਾਰਕ, ਸਿੱਖ ਸਪਿਰਿਚੂਅਲ ਸੈਂਟਰ ਗੁਰਦੁਆਰਾ ਸਾਹਿਬ ਦੀ ਪਾਰਕਿੰਗ ਅਤੇ ਈਟੋਬੀਕੋ ਦੇ ਇਕ ਪਾਰਕ ਤੋਂ ਥੋੜ੍ਹੀ-ਥੋੜ੍ਹੀ ਗਿਣਤੀ ਵਿਚ ਸਿੰਬੌਲਿਕ ਤੌਰ 'ਤੇ ਦੌੜੇ ਸਨ ਅਤੇ ਬਾਕੀਆਂ ਨੇ ਆਪਣੇ ਘਰਾਂ ਦੇ ਨੇੜਲੇ ਪਾਰਕਾਂ ਤੇ ਵਾੱਕਵੇਅਜ਼ 'ਤੇ ਦੌੜਦਿਆਂ ਹੋਇਆਂ ਕੇ ਆਪਣੇ ਆਪ ਨੂੰ ਫ਼ੋਨਾਂ 'ਤੇ ਆਨ-ਲਾਈਨ 'ਲਾਈਵ' ਕੀਤਾ ਸੀ। ਇਸ ਤਰ੍ਹਾਂ ਇਹ 'ਚੌਥੀ ਐੱਨਲਾਈਟ ਕਿੱਡਜ਼ ਰੱਨ ਫ਼ਾਰ ਐਜੂਕੇਸ਼ਨ ਆਪਣੀ ਕਿਸਮ ਦੀ ਵੱਖਰੀ ਯਾਦਗਾਰੀ ਦੌੜ ਬਣ ਗਈ ਜਿਸ ਵਿਚ ਕਨੇਡਾ ਦੇ ਸ਼ਹਿਰਾਂ ਸਕਾਰਬਰੋ, ਸਰੀ, ਕੈਲਗਰੀ ਤੇ ਐਡਮਿੰਟਨ ਤੋਂ ਇਲਾਵਾ ਅਮਰੀਕਾ, ਇੰਗਲੈਂਡ ਅਤੇ ਭਾਰਤ ਤੋਂ ਕਈ ਦੌੜਾਕਾਂ ਨੇ ਇਸ ਦੌੜ ਵਿਚ ਵਰਚੂਅਲ ਤੌਰ 'ਤੇ ਸ਼ਮੂਲੀਅਤ ਕੀਤੀ। ਇਸ ਵੱਖਰੇ ਤਜਰਬੇ ਤੋਂ ਉਤਸ਼ਾਹਿਤ ਹੋ ਕੇ ਇਸ ਸੰਸਥਾ ਦੇ ਪ੍ਰਬੰਧਕੀ ਬੋਰਡ ਨੇ ਅੱਗੋਂ ਹਰ ਸਾਲ ਕਰਵਾਈ ਜਾਣ ਵਾਲੀ ਇਸ ਰੀਅਲ ਦੌੜ ਦੇ ਨਾਲ਼ ਨਾਲ਼ ਵਰਚੂਅਲ ਦੌੜ ਵੀ ਕਰਵਾਉਣ ਦਾ ਫ਼ੈਸਲਾ ਕੀਤਾ ਹੈ ਤਾਂ ਜੋ ਬਰੈਂਪਟਨ ਤੇ ਮਿਸੀਸਾਗਾ ਸ਼ਹਿਰਾਂ ਤੋਂ ਇਲਾਵਾ ਕੈਨੇਡਾ ਦੇ ਹੋਰ ਸ਼ਹਿਰਾਂ ਅਤੇ ਵਿਦੇਸ਼ਾਂ ਤੋਂ ਵੀ ਦੌੜਾਕ ਇਸ ਦੌੜ ਵਿਚ ਆਪਣੀ ਵਰਚੂਅਲ ਸ਼ਮੂਲੀਅਤ ਕਰ ਸਕਣ।

ਹੁਣ ਕਰੋਨਾ ਤੋਂ ਲੱਗਭੱਗ ਛੁਟਕਾਰਾ ਹੋਣ ਤੋਂ ਬਾਅਦ 'ਪੰਜਵੀਂ ਐੱਨਲਾਈਟ ਕਿੱਡਜ਼ ਰੱਨ ਫ਼ਾਰ ਐਜੂਕੇਸ਼ਨ' 7 ਅੱਗਸਤ ਨੂੰ ਐਤਵਾਰ ਸਵੇਰੇ 9.00 ਵਜੇ ਬਰੈਂਪਟਨ ਦੇ ਚਿੰਗੁਆਕੂਜ਼ੀ ਪਾਰਕ ਵਿਚ ਬਣੇ 'ਟੈਰੀ ਫ਼ੌਕਸ ਟਰੈਕ ਐਂਡ ਫ਼ੀਲਡ ਸਟੇਡੀਅਮ' ਵਿਚ ਕਰਵਾਈ ਜਾ ਰਹੀ ਹੈ ਜਿਸ ਵਿਚ ਪਹਿਲਾਂ ਵਾਂਗ ਦੌੜਾਕਾਂ ਅਤੇ ਵੱਕਰਾਂ ਦੇ ਵੱਡੀ ਗਿਣਤੀ ਵਿਚ ਪਹੁੰਚਣ ਦੀ ਆਸ ਕੀਤੀ ਜਾ ਰਹੀ ਹੈ। ਟੋਰਾਂਟੋ ਪੀਅਰਸਨ ਏਅਰਪੋਰਟ ਰੱਨਰਜ਼ ਕਲੱਬ, ਗੁਰੂ ਗੋਬਿੰਦ ਸਿੰਘ ਚਿਲਡਰਨ ਫਾਊਂਡੇਸ਼ਨ ਅਤੇ ਤਰਕਸ਼ੀਲ ਸੋਸਾਇਟੀ ਆਫ਼ ਨਾਰਥ ਅਮੈਰਿਕਾ ਦੇ ਮੈਂਬਰਾਂ ਵੱਲੋਂ ਪਹਿਲਾਂ ਵਾਂਗ ਹੀ ਪੂਰਾ ਸਹਿਯੋਗ ਮਿਲ ਰਿਹਾ ਹੈ ਅਤੇ ਹੋਰ ਕਈ ਖੇਡ-ਕਲੱਬਾਂ ਤੇ ਸੰਸਥਾਵਾਂ ਦੇ ਮੈਂਬਰ ਵੀ ਇਸ ਦੌੜ ਵਿਚ ਸ਼ਾਮਲ ਹੋ ਰਹੇ ਹਨ। ਇਨ੍ਹਾਂ ਤੋਂ ਇਲਾਵਾ ਇਸ ਦੌੜ ਵਿਚ ਵਰਚੂਅਲ ਤੌਰ 'ਤੇ ਸ਼ਾਮਲ ਹੋਣ ਵਾਲਿਆਂ ਦੀ ਗਿਣਤੀ ਵੀ ਕਾਫ਼ੀ ਹੋਣ ਦੀ ਉਮੀਦ ਹੈ। ਲੋੜਵੰਦ ਬੱਚਿਆਂ ਦੀ ਪੜ੍ਹਾਈ ਲਈ ਸਹਾਇਤਾ ਕਰਨ ਲਈ ਪ੍ਰਬੰਧਕਾਂ ਵੱਲੋਂ ਸਾਰਿਆਂ ਨੂੰ ਇਸ ਦੌੜ ਵਿਚ ਸ਼ਾਮਲ ਹੋਣ ਲਈ ਬੇਨਤੀ ਕੀਤੀ ਜਾਂਦੀ ਹੈ।

## ਪੰਜਾਬੀ ਸੱਭਿਆਚਾਰ ਮੰਚ ਵੱਲੋਂ ਸ਼ਹੀਦ ਊਧਮ ਸਿੰਘ ਦਾ ਸ਼ਹੀਦੀ ਦਿਵਸ ਮਨਾਇਆ ਗਿਆ






(ਬਰੈਂਪਟਨ/ਬਾਸੀ ਹਰਚੰਦ) ਭਾਰਤ ਦੀ ਅਜਾਦੀ ਦੇ ਸੰਘਰਸ਼ ਦੇ ਮਹਾਨ ਸਪੂਤ ਸਹੀਦ ਊਧਮ ਸਿੰਘ ਦਾ ਸ਼ਹੀਦੀ ਦਿਵਸ ਪੰਜਾਬੀ ਸੱਭਿਆਚਾਰ ਮੰਚ ਬਰੈਂਪਟਨ ਟਰੋਂਟੋ (ਕੇਨੇਡਾ) ਵੱਲੋਂ ਮੰਚ ਦੇ ਪਰਧਾਨ ਸਾਥੀ ਬਲਦੇਵ ਸਿੰਘ ਸਹਿਦੇਵ ਅਤੇ ਸੀਨੀਅਰਜ ਅਸੋਸੀਏਸ਼ਨ ਕਲੱਬ ਬਰੈਂਪਟਨ ਦੇ ਪਰਧਾਨ ਜੰਗੀਰ ਸਿੰਘ ਸੈਂਭੀ ਦੀ ਪਰਧਾਨਗੀ ਹੇਠ ਬੜੇ ਪਰਭਾਵਸਾਲੀ ਅਤੇ ਸੰਜੀਦਗੀ ਨਾਲ ਮਨਾਇਆ ਗਿਆ। ਲੋਕ ਹੱਕਾਂ ਨੂੰ ਪਰਨਾਏ ਹੋਏ ਬੁਲਾਰਿਆਂ ਮੰਚ ਦੇ ਪਰਧਾਨ ਬਲਦੇਵ ਸਿੰਘ ਸਹਿਦੇਵ, ਕਿਰਤੀ ਲਹਿਰ ਦੇ ਆਗੂ ਜਗਜੀਤ ਸਿੰਘ ਜੋਗਾ, ਡਾ:ਬਲਜਿੰਦਰ ਸਿੰਘ ਸੇਖੋਂ, ਬਲਦੇਵ ਸਿੰਘ ਰੈਪਾ, ਹਰਚੰਦ ਸਿੰਘ ਬਾਸੀ,ਨੇ ਸ਼ਹੀਦ ਦੇ ਜੀਵਨ ਉਦੇਸ਼ ਅਤੇ ਸਰਗਰਮੀਆਂ ਬਾਰੇ ਬਾਲਪਣ ਤੋਂ ਲੈ ਕੇ ਫਾਂਸੀ ਦੇ ਤਖਤੇ ਤੱਕ ਦੇ ਸਮੇਂ ਦਾ ਬਿਰਤਾਂਤ ਕੀਤਾ। ਮਾਂ ਬਾਪ ਦੇ ਸਾਏ ਦਾ ਸਿਰ ਤੋਂ ਓਠ ਜਾਣਾ, ਯਤੀਮ ਖਾਨੇ ਪਲਣਾ ਤੇ ਓਥੇ ਹੀ ਪੜਣਾ, ਜਲਿਆਂ ਵਾਲੇ ਬਾਗ ਦੇ ਸਾਕੇ ਦੇ ਦੁਖਾਤ ਦਾ ਮਨ ਤੇ ਅਸਰ ਹੋਣਾ, ਅਫਰੀਕਾ ਜਾਣਾ,ਵਾਪਸ ਪਰਤਣਾ , ਜੇਲ ਜਾਣਾ, ਇਗਲੈਂਡ ਜਾਣਾ ਅਤੇ ਵੀਹ ਸਾਲ ਬਾਅਦ ਜਲਿਆਂ ਵਾਲੇ ਬਾਗ ਦੇ ਸਾਕੇ ਦੇ ਜਿੰਮੇਵਾਰ ਜਰਨਲ ਉਡਵਾਇਰ ਨੂੰ ਮਾਰਨਾ, ਬਾਰੇ ਵਿਸਥਾਰ ਨਾਲ ਵਿਚਾਰ ਸਾਂਝੇ ਕੀਤੇ। ਇਸ ਦੇ ਨਾਲ ਦੀ ਨਾਲ ਹੀ ਉਸ ਸਮੇਂ ਦੀ ਅੰਗਰੇਜ਼ ਹਕੂਮਤ ਅਤੇ ਅੱਜੋਕੀ ਭਾਰਤ ਸਰਕਾਰ ਵੱਲੋਂ ਲੋਕਾਂ ਨਾਲ ਕੀਤੀਆਂ ਜਾ ਰਹੀਆਂ ਬੇਇਨਸਾਫੀਆਂ ਅਤੇ ਮਨੁਖੀ ਅਜਾਦੀਆਂ ਨੂੰ ਕੁਚਲਣ ਦਾ ਭਾਵਪੂਰਕ ਡੰਗ ਨਾਲ ਜਿਕਰ ਕੀਤਾ।,ਸੁਰਜੀਤ ਸਿੰਘ ਦੌਧਰ,ਨੌਜਵਾਨ ਸੁਮੀਤ, ਬਲਬੀਰ ਸਿੰਘ,ਨੇ ਆਪਣੇ ਢੰਗ ਨਾਲ ਵਿਚਾਰ ਸਾਂਝੇ ਕੀਤੇ। ਇਸ ਗੱਲ ਤੇ ਜੋਰ ਦਿਤਾ ਕਿ ਅਜੋਕੀ ਹਕੂਮਤ ਦੀਆਂ ਮਾਰੂ ਨੀਤੀਆਂ ਦਾ ਟਾਕਰਾ ਕਰਨ ਲਈ ਲੋਕ ਪੱਖੀ ਲੜਾਕੂ ਸ਼ਕਤੀਆਂ ਨੂੰ ਇਕ ਮੰਚ ਤੇ ਸੰਜੀਦਗੀ ਨਾਲ ਇਕੱਠੇ ਹੋਣ ਦੀ ਲੋੜ ਲਈ ਅਪੀਲ ਕਰੀਏ । ਲੋਕ ਘੋਲਾਂ ਦੇ ਸ਼ਹੀਦ ਸਾਡੇ ਲਈ ਪਰੇਰਨਾ ਸਰੋਤ ਹਨ ਇਸ ਲਈ ਸਾਨੂੰ ਇਕੱਠੇ ਹੋ ਕੇ ਦਿਨ ਮਨਾਉਣੇ ਚਾਹੀਦੇ ਹਨ। ਸਿਮਰਜੀਤ ਸਿੰਘ ਮਾਨ ਵੱਲੋਂ ਲੋਕ ਨਾਇਕ ਪਰਮਗੁਣੀ ਸ਼ਹੀਦ ਸ੍ਰ:ਭਗਤ ਸਿੰਘ ਬਾਰ ਦਿਤੇ ਘਟੀਆ ਬਿਆਨ:ਕਿ ਉਹ ਅੱਤਵਾਦੀ ਸੀ, ਦੇ ਵਿਰੁਧ ਨਿੰਦਿਆ ਦਾ ਮਤਾ ਸਰਵ ਸੰਮਤੀ ਨਾਲ ਸਮਾਗਮ ਵਿੱਚ ਹਾਜਰ ਮੈਂਬਰਾਂ ਨੇ ਪਾਸ ਕੀਤਾ ਅਤੇ ਉਸ ਪੁੱਤ ਦੇ ਸਰਕਾਰੀ ਦਫਤਰਾਂ ਵਿੱਚੋਂ ਸ਼ਹੀਦ ਭਗਤ ਸਿੰਘ ਦੀ ਫੋਟੋ ਹਟਾਉਣ ਵਾਲੇ ਬਿਆਨ ਦੀ ਨਿੰਦਿਆ ਕੀਤੀ । ਮੰਚ ਦੇ ਸਕੱਤਰ ਕਾਮਰੇਡ ਸੁਖਦੇਵ ਸਿੰਘ ਧਾਲੀਵਾਲ ਨੈ ਸਮਾਗਮ ਵਿੱਚ ਸਾਮਲ ਸੱਭ ਹਾਜ਼ਰੀਨ ਦਾ ਧੰਨਵਾਦ ਕੀਤਾ। ਹਰਚੰਦ ਸਿੰਘ ਬਾਸੀ ਨੇ ਸਟੇਜ ਦੀ ਜਿੰਮੇਵਾਰੀ ਨਿਭਾਈ। ਚਾਹ ਸਨੈਕਸ ਦਾ ਪਰਬੰਧ ਮੰਚ ਵੱਲੋਂ ਕੀਤਾ ਗਿਆ ।

## ਫਾਦਰ ਟੌਬਿਨ ਸੀਨੀਅਰ ਕਲੱਬ ਨੇ ਲਾਇਆ ਸੈਂਟਰ ਆਈਲੈਂਡ ਦਾ ਟੂਰ



ਫਾਦਰ ਟੌਬਿਨ ਸੀਨੀਅਰ ਕਲੱਬ ਵੱਲੋਂ ਸੈਂਟਰ ਆਈਲੈਂਡ ਦਾ ਟੂਰ ਲਗਾਇਆ ਗਿਆ। ਤਕਰੀਬਨ 9:30 ਵਜੇ ਸਵੇਰੇ ਇਕ ਬੱਸ, ਜਿਸ ਵਿਚ 46 ਸੀਟਾਂ ਸਨ, ਪੂਰੀ ਭਰ ਗਈ ਅਤੇ ਉਪਰੋਕਤ ਸਮੇਂ ’ਤੇ ਟੂਰ ਲਈ ਚੱਲ ਪਈ। ਠਕਿ 9:50 ਉਤੇ ਬੱਸ ਫੇਰੀ ਕੋਲ ਪਹੁੰਚ ਗਈ। ਟਿਕਟਾਂ ਪਹਿਲਾਂ ਹੀ ਆਨਲਾਈਨ ਲੈ ਲਈਆਂ ਸਨ। ਇਸ ਲਈ ਲਾਈਨ ਵਿੱਚ ਲੱਗਣ ਦੀ ਕੋਈ ਦਿੱਕਤ ਨਹੀਂ ਆਈ। ਠੀਕ 11 ਵਜੇ ਫੈਰੀ ਸੈਂਟਰ ਆਈਲੈਂਡ ਵੱਲ ਚੱਲ ਪਈ। ਤਕਰੀਬਨ 20 ਮਿੰਟ ਲੇਕ ਦੇ ਨਜ਼ਾਰੇ ਵੇਖਦੇ ਹੋਏ ਆਈਲੈਂਡ ’ਤੇ ਪਹੁੰਚ ਗਏ। ਉਤਰਨ ਉਪਰੰਤ ਗਰੁੱਪ ਦੀ ਫ਼ੋਟੋ ਕਰਵਾਈ ਗਈ। ਵੱਖ-ਵੱਖ ਗਰੁੱਪਾਂ ਵਿਚ ਪਾਰਕ ਦੇ ਨਜ਼ਾਰੇ ਵੇਖਣ ਲਈ ਤੁਰ ਪਏ ਝੀਲ ਦੇ ਬੀਚ ਨੂੰ ਪਾਰ ਕਰਿਆਂ ਝੀਲ ਉਪਰ ਖੜ੍ਹ ਕੇ ਕੁਦਰਤ ਦੇ ਨਜ਼ਾਰਿਆਂ ਨੂੰ ਮਾਣਿਆ। ਦੁਪਹਿਰ ਸਮੇਂ ਸਭ ਨੇ ਰਲ-ਮਿਲ ਕੇ ਲੰਚ ਕੀਤਾ। ਉਸ ਤੋਂ ਬਾਅਦ ਸਾਊਥ ਇੰਡੀਅਨ ਕੱਥਕ ਡਾਂਸ ਦੇ ਮਨਮੋਹਕ ਨਜ਼ਾਰਿਆਂ ਨੂੰ ਮਾਣਿਆ। ਕਰੀਬ ਸ਼ਾਮ 4 ਵਜੇ ਸਕੂਲ ਵਿੱਚ ਪਹੁੰਚ ਕੇ ਸਭ ਨੂੰ ਕਲੱਬ ਵਲੋਂ ਪੀਜ਼ਾ ਦਿੱਤਾ ਗਿਆ। ਸਭ ਨੇ ਸਫ਼ਲ ਟੂਰ ਲਈ ਪ੍ਰਧਾਨ ਕਰਤਾਰ ਸਿੰਘ ਚਾਹਲ ਨੂੰ ਵਧਾਈ ਦਿੱਤੀ ਅਤੇ ਖ਼ੁਸ਼ੀ-ਖ਼ੁਸ਼ੀ ਸਭ ਨੇ ਘਰ ਵਾਪਸੀ ਕੀਤੀ।

## ਸਾਵਣ ਸੋਹਣਾ

-ਡਾ, ਗਿਆਨ ਸਿੰਘ ਘਈ ਫ਼ੋਨ: 647-624-7733

ਸਾਵਣ ਸੋਹਣਾ ਗਿਆ ਆ ਵੇ ਸੱਜਣਾ,
ਤੂੰ ਵਤਨੀ ਫੇਰਾ ਪਾ ਵੇ ਸੱਜਣਾ।
ਕੁਦਰਤ ਪਈ ਮੋਤੀ ਬਰਸਾਵੇ,
ਤਪ ਰਹੇ ਸੀਨੇ ਠੰਡ ਪਾਵੇ,
ਕੋਇਲ ਮਿੱਠੜੇ ਗੀਤ ਸੁਣਾਵੇ,
ਦਿਲ ਨੂੰ ਰਹੀ ਤੜਫ਼ਾ ਵੇ ਸੱਜਣਾ,
ਤੂੰ ਵਤਨੀ ਫੇਰਾ.............।
ਸਖ਼ੀਆਂ ਪਿੱਪਲੀ ਪੀਘਾਂ ਪਾਵਣ,
ਉੱਚੀ - ਉੱਚੀ ਪੀਂਘ ਚੜ੍ਹਾਵਣ,
ਨਾਲੇ ਗੀਤ ਖ਼ੁਸ਼ੀ ਦੇ ਗਾਵਣ,
ਰਹੀ ਮੈਂ ਤਰਲੇ ਪਾ ਵੇ ਸੱਜਣਾ,
ਤੂੰ ਵਤਨੀ ਫੇਰਾ .............।
ਬਾਗਾਂ ਵਿੱਚ ਆ ਗਈਆਂ ਬਹਾਰਾਂ,
ਹਰ ਪਾਸੇ ਖਿੜੀਆਂ ਗੁਲਜ਼ਾਰਾਂ,
ਉੱਡ ਗਈਆਂ ਕੂੰਜਾਂ ਦੀਆਂ ਡਾਰਾਂ,
ਮੈ ਰਹੀ ਕੂੰਜ ਕੁਰਲਾ ਵੇ ਸੱਜਣਾ,
ਤੂੰ ਵਤਨੀ ਫੇਰਾ................।
ਬਾਗਾਂ ਅੰਦਰ ਬੁਲਬੁਲ ਬੋਲੇ,
ਕਿਸੇ ਭਾਅ ਨਾ ਨਖ਼ਰਾ ਤੋਲੇ,
ਫੁੱਲਾਂ ਦੇ ਗਿਰਦ ਫਿਰਦੇ ਭੌਰੇ,
ਸੂਹੇ ਫੁੱਲ ਖਿੜਾ ਵੇ ਸੱਜਣਾ,
ਤੂੰ ਵਤਨੀ ਫੇਰਾ............।
ਲੱਗਦੈ ਭੁੱਲ ਗਿਉਂ ਕੀਤੇ ਵਾਦੇ,
ਮੇਰੀ ਤੈਨੂੰ ਯਾਦ ਨਾ ਆਵੇ,
ਚਿੱਟੀਆਂ ਮਿੱਟੀਆਂ ਜਾਦੂ ਕੀਤਾ,
ਦੱਸੇ ਪਈ ਹਵਾ ਵੇ ਸੱਜਣਾ,
ਤੂੰ ਵਤਨੀ ਫੇਰਾ.............।
ਕਰ ਉਡੀਕਾਂ ਤੇਰੀਆਂ ਥੱਕੀ,
ਰਹਿ ਗਈ ਹਾਂ ਮੈਂ ਹੱਕੀ-ਬੱਕੀ,
ਫੇਰ ਨਾ ਰੋਵੀਂ ਖੜਾ ਬਨੇਰੇ,
ਜੇ ਲੈ ਗਈ ਹਵਾ ਵੇ ਸੱਜਣਾ,
ਤੂੰ ਵਤਨੀ ਫੇਰਾ............।

## ਬਿਊਟੀ ਟਿਪਸ: ਇੰਝ ਹਟਾਓ ਸਕਿਨ ਵਾਰਟ

ਸਕਿਨ ਵਾਰਟ ਹੋਣਾ ਆਮ ਸਮੱਸਿਆ ਹੈ। ਸਭ ਤੋਂ ਪਹਿਲਾਂ ਤੁਹਾਨੂੰ ਦੱਸ ਦੇਈਏ ਕਿ ਸਕਿਨ ਵਾਰਟ ਹੁੰਦਾ ਕੀ ਹੈ। ਇਹ ਇੱਕ ਮੱਸਾ ਹੁੰਦਾ ਹੈ। ਜੋ ਇਨਫੈਕਸ਼ਨ, ਕਮਜ਼ੋਰ ਇਮਿਊਨ, ਪਬਲਿਕ ਸ਼ਾਵਰ, ਸਿਸਟਮ ਵਰਗੇ ਕਈ ਕਾਰਨਾਂ ਤੋਂ ਹੋ ਸਕਦਾ ਹੈ। ਇਸ ਨੂੰ ਦੂਰ ਕਰਨ ਦੇ ਕਈ ਟ੍ਰੀਟਮੈਂਟਸ ਮੌਜੂਦ ਹਨ, ਪਰ ਅੱਜ ਤੁਹਾਨੂੰ ਕੁਝ ਘਰੇਲੂ ਟਿਪਸ ਦੱਸਦੇ ਹਾਂ, ਜੋ ਸਕਿਨ ਵਾਰਟ ਨੂੰ ਦੂਰ ਕਰਨ ਲਈ ਮਦਦਗਾਰ ਹੋ ਸਕਦੇ ਹਨ।

**ਐਲੋਵੇਰਾ**

ਐਲੋਵੇਰਾ ਵਿੱਚ ਮੈਲਿਕ ਐਸਿਡ ਦੇਂਦਾ ਹੈ, ਜੋ ਵਾਰਟਸ ਤੋਂ ਰਾਹਤ ਦੇਂਦਾ ਹੈ। ਇਸ ਵਿੱਚ ਐਂਟੀਬਾਇਓਟਿਕ ਪ੍ਰਾਪਰਟੀਜ਼ ਹੁੰਦੀ ਹੈ ਜਿਸ ਕਾਰਨ ਵਾਰਟ ਜਲਦੀ ਹੀਲ ਹੁੰਦਾ ਹੈ। ਐਲੋਵੇਰਾ ਦੀ ਪੱਤੀ ਨੂੰ ਤੁਸੀਂ ਵਾਰਟ ਉੱਤੇ ਲਗਾਏ ਇਸ ਤੋਂ ਤੁਹਾਨੂੰ ਰਾਹਤ ਮਿਲੇਗੀ।

**ਬੇਕਿੰਗ ਪਾਊਡਰ**

ਬੇਕਿੰਗ ਪਾਊਡਰ ਅਤੇ ਕੈਸਟਰ ਆਇਲ ਨੂੰ ਮਿਕਸ ਕਰ ਕੇ ਲਾਓ ਅਤੇ ਫਿਰ ਬੈਂਡੇਜ਼ ਨਾਲ ਕਵਰ ਕਰ ਲਓ। ਇਸ ਨੂੰ ਸਾਰੀ ਲੱਗਾ ਰਹਿਣ ਦਿਓ। ਇਸ ਨੂੰ ਦੋ-ਤਿੰਨ ਤੱਕ ਕਰੋ।


**ਕੇਲੇ ਦਾ ਛਿਲਕਾ**

ਕੇਲੇ ਦੇ ਛਿਲਕੇ ਵਿੱਚ ਜੋ ਐਜਾਈਮ ਹੁੰਦਾ ਹੈ ਉਹ ਸਕਿਨ ਨੂੰ ਹੀਲ ਕਰਦਾ ਹੈ। ਵਾਰਟ ਉੱਤੇ ਰੋਜ਼ਾਨਾ ਦੇ ਛਿਲਕੇ ਨਾਲ ਮਾਲਿਸ਼ ਕਰੋ।

**ਐਪਲ ਸਾਈਡਰ ਵਿਨੇਗਰ**

ਐਪਲ ਸਾਈਡਰ ਵਿਨੇਗਰ ਵਿੱਚ ਐਸਿਡ ਦੀ ਮਾਤਰਾ ਕਾਫੀ ਜ਼ਿਆਦਾ ਹੁੰਦੀ ਹੈ। ਇਹ ਵਾਰਟ ਅਤੇ ਉਸ ਦੀ ਗ੍ਰੋਥ ਨੂੰ ਖਤਮ ਕਰ ਦਿੰਦਾ ਹੈ। ਤੁਸੀਂ ਰੂੰ ਨੂੰ ਵਿਨੇਗਰ ਵਿੱਚ ਭਿਉਂ ਕੇ ਇਸ ਨੂੰ ਵਾਰਟ ਉੱਤੇ ਰੱਖ ਦਿਓ। ਇਸ ਉੱਤੇ ਸਾਰੀ ਰਾਤ ਬੈਂਡੇਜ਼ ਲਗਾ ਕੇ ਰੱਖੋ। ਅਜਿਹਾ ਕਰਨ ਨਾਲ ਵੀ ਤੁਹਾਨੂੰ ਰਾਹਤ ਮਿਲੇਗੀ।

# ਕਿਰਦਾਰ ਜਾਨਣ ਲਈ ਪੂਰੀ ਫਿਲਮ ਦੇਖਣੀ ਹੋਵੇਗੀ : ਆਮਿਰ ਖਾਨ





ਆਮਿਰ ਖਾਨ ਦੀ'ਲਾਲ ਸਿੰਘ ਚੱਢਾ' ਅਗਸਤ ਨੂੰ ਸਿਨੇਮਾਘਰਾਂ ਵਿੱਚ ਆ ਰਹੀ ਹੈ। ਹਾਲੀਵੁੱਡ ਫਿਲਮ 'ਫਾਰੈਸਟ ਗੰਪ' ਦੇ ਇਸ ਰੀਮੇਕ ਵਿੱਚ ਇੱਕ ਵਾਰ ਫਿਰ ਆਮਿਰ ਖਾਨ ਅਤੇ ਕਰੀਨਾ ਕਪੂਰ ਦੀ ਜੋੜੀ ਆਏਗੀ। ਇਸ ਫਿਲਮ ਨਾਲ ਨਾਗਾਰਜੁਨ ਦਾ ਬੇਟਾ ਨਾਗਾ ਚੈਤਨਯ ਬਾਲੀਵੁੱਡ ਵਿੱਚ ਡੈਬਿਊ ਕਰੇਗਾ। ਆਮਿਰ ਖਾਨ ਦੀ ਇੱਕ ਤੋਂ ਦੂਸਰੀ ਫਿਲਮ ਵਿੱਚ ਕਾਫੀ ਲੰਬਾ ਗੈਪ ਹੁੰਦਾ ਹੈ। 'ਠੱਗਸ ਆਫ ਹਿੰਦੋਸਤਾਨ' ਦੀ ਅਸਫਲਤਾ ਪਿੱਛੋਂ ਆਮਿਰ ਫਿਲਮਾਂ ਚੁਣਨ ਦੇ ਮਾਮਲੇ ਵਿੱਚ ਪਹਿਲਾਂ ਦੇ ਮੁਕਾਬਲੇ ਹੋਰ ਸਾਵਧਾਨ ਹੋ ਗਏ ਹਨ। ਇਹੀ ਕਾਰਨ ਹੈ ਕਿ 'ਲਾਲ ਸਿੰਘ ਚੱਢਾ' ਚੁਣਨ ਵਿੱਚ ਉਨ੍ਹਾਂ ਨੇ ਕਾਫੀ ਸਮਾਂ ਲਿਆ। ਸੂਤਰਾਂ ਦਾ ਦਾਅਵਾ ਹੈ ਕਿ ਇਸ ਵਿੱਚ ਆਮਿਰ ਖਾਨ ਇੱਕ ਅਲੱਗ ਅਵਤਾਰ ਵਿੱਚ ਨਜ਼ਰ ਆਉਣਗੇ, ਪਰ ਫਿਲਮ ਦਾ ਟਰੇਲਰ ਦੇਖਣ ਪਿੱਛੋਂ ਉਨ੍ਹਾਂ ਦੇ ਇਹ ਅਵਤਾਰ ਉਨ੍ਹਾਂ ਦੀ ਫਿਲਮ 'ਪੀਕੇ' ਅਤੇ ਧੂਮ 3' ਦੇ ਕਿਰਦਾਰਾਂ ਨਾਲ ਮਿਲਦਾ-ਜੁਲਦਾ ਨਜ਼ਰ ਆ ਰਿਹਾ ਹੈ। ਪੇਸ਼ ਹਨ ਆਮਿਰ ਖਾਨ ਨਾਲ ਹੋਈ ਗੱਲਬਾਤ ਦੇ ਕੁਝ ਅੰਸ਼ :

* 'ਲਾਲ ਸਿੰਘ ਚੱਢਾ' ਕੰਪਲੀਟ ਹੋ ਚੁੱਕੀ ਹੈ। ਇਸ ਦੇ ਬਾਅਦ ਕਿਹੜਾ ਪ੍ਰੋਜੈਕਟ ਕਰਨ ਜਾ ਰਹੇ ਹੋ?

– 'ਲਾਲ ਸਿੰਘ ਚੱਢਾ' ਦਾ ਪ੍ਰਮੋਸ਼ਨ ਸ਼ੁਰੂ ਹੋ ਚੁੱਕਾ ਹੈ। ਫਿਲਹਾਲ ਇਸ ਵਿੱਚ ਕਾਫੀ ਬਿਜ਼ੀ ਰਹਿਣ ਵਾਲਾ ਹਾਂ, ਇਸ ਲਈ ਇਸ ਦੀ ਰਿਲੀਜ਼ ਦੇ ਬਾਅਦ ਹੀ ਤੈਅ ਹੋਵੇਗਾ ਕਿ ਅੱਗੇ ਕੀ ਕਰਨਾ ਹੈ।

* ਤੁਹਾਨੂੰ ਲੈ ਕੇ ਪੰਜ-ਛੇ ਫਿਲਮਾਂ ਦੀ ਚਰਚਾ ਹੈ। ਇਸ ਤਰ੍ਹਾਂ ਦੀ ਖਬਰ ਹੈ ਕਿ ਸਭ ਤੋਂ ਪਹਿਲਾਂ ਤੁਸੀਂ ਰਣਬੀਰ ਕਪੂਰ ਦੇ ਨਾਲ ਵਾਲੀ ਫਿਲਮ ਦੀ ਸ਼ੂਟਿੰਗ ਸ਼ੁਰੂ ਕਰੋਗੇ?

– ਫਿਲਹਾਲ ਮੈਂ ਸਿਰਫ 'ਲਾਲ ਸਿੰਘ ਚੱਢਾ' ਦੇ ਬਾਰੇ ਹੀ ਗੱਲ ਕਰ ਸਕਦਾ ਹਾਂ, ਇਸ ਬਾਰੇ ਕੁਝ ਪੁੱਛਣਾ ਹੈ ਤਾਂ ਪੁੱਛੋ।

* 'ਲਾਲ ਸਿੰਘ ਚੱਢਾ'ਬਾਰੇ ਦਾਅਵਾ ਕੀਤਾ ਜਾ ਰਿਹਾ ਸੀ ਕਿ ਇਸ ਵਿੱਚ ਤੁਸੀਂ ਅਨੋਖੇ ਅਤੇ ਅਣਦੇਖੇ ਲੁਕ ਵਿੱਚ ਨਜ਼ਰ ਆਓਗੇ, ਪਰ ਫਿਲਮ ਦਾ ਟ੍ਰੇਲਰ ਦੇਖਣ ਪਿੱਛੋਂ ਜੇ ਇੱਕ ਸਿੱਖ ਕਰੈਕਟਰ ਨੂੰ ਵੱਖਰਾ ਮੰਨ ਲਿਆ ਜਾਏ ਤਾਂ ਤੁਹ- ਾ ਡ ਿ ਇ ਸ ਕਿਰਦਾਰ ਦੀ ਸਾਰੀ ਬਾਡੀ ਲੈਂਗਵੇਜ਼ 'ਪੀਕੇ' ਅਤੇ 'ਧੂਮ 3' ਦੇ ਕਿਰਦਾਰਾਂ ਦੇ ਨਾਲ ਮੇਲਾ ਖਾਂਦੀ ਨਜ਼ਰ ਆ ਰਹੇ ਹੈ?

– ਫਿਲਮ ਵਿੱਚ ਮੇਰਾ ਕਿਰਦਾਰ ਕੀ ਅਤੇ ਕਿਸ ਤਰ੍ਹਾਂ ਦਾ ਹੈ, ਇਸ ਗੱਲ ਦਾ ਅੰਦਾਜ਼ਾ ਸਿਰਫ ਫਿਲਮ ਦਾ ਟ੍ਰੇਲਰ ਦੇਖ ਕੇ ਲਗਾ ਸਕਣਾ ਮੁਸ਼ਕਲ ਹੈ। ਇਸ ਦੇ ਲਈ ਹਰ ਕਿਸੇ ਨੂੰ ਪੂਰੀ ਫਿਲਮ ਦੇਖਣੀ ਪਵੇਗੀ।

* ਤੁਹਾਡੀਆਂ ਦੂਸਰੀਆਂ ਫਿਲਮਾਂ ਮੁਕਾਬਲੇ 'ਲਾਲ ਸਿੰਘ ਚੱਢਾ' ਨੂੰ ਬਣਨ ਵਿੱਚ ਵੱਧ ਸਮਾਂ ਲੱਗਣ ਦਾ ਕੀ ਕਾਰਨ ਸੀ?

– ਫਿਲਮ ਦਾ ਸੈਟਅਪ ਜਿਸ ਤਰ੍ਹਾਂ ਦਾ ਸੀ, ਉਸ ਹਿਸਾਬ ਨਾਲ ਲੋਕੇਸ਼ਨ ਲੱਭਣ ਵਿੱਚ ਹੀ ਕਾਫੀ ਸਮਾਂ ਲੱਗਾ ਸੀ। ਫਿਲਮ ਨੂੰ ਅਸੀਂ ਪੂਰੇ ਦੇਸ਼ ਵਿੱਚ 100 ਤੋਂ ਵੱਧ ਥਾਵਾਂ ਉੱਤੇ ਸ਼ੂਟ ਕੀਤਾ, ਇਸ ਲਈ ਇੰਨਾ ਸਮਾਂ ਲੱਗਣਾ ਸੁਭਾਵਿਕ ਸੀ। ਕਸਰ ਅਸੀਂ 'ਠੱਗ ਆਫ ਹਿੰਦੋਸਤਾਨ' ਵਿੱਚ ਵੀ ਕੋਈ ਨਹੀਂ ਛੱਡੀ, ਪਰ ਇਸ ਦੇ ਬਾਵਜੂਦ ਦਰਸ਼ਕਾਂ ਨੂੰ ਫਿਲਮ ਓਨੀ ਪਸੰਦ ਨਹੀਂ ਆਈ। ਕਿਹੜੀ ਫਿਲਮ ਉਨ੍ਹਾਂ ਨੂੰ ਪਸੰਦ ਆਏਗੀ ਤੇ ਕਿਹੜੀ ਨਹੀਂ, ਇਸ ਦਾ ਅਸੀਂ ਸਿਰਫ ਅੰਦਾਜ਼ਾ ਤਾਂ ਲਾ ਸਕਦੇ ਹਾਂ, ਪਰ ਸਾਡਾ ਅੰਦਾਜ਼ਾ ਹਰ ਵਾਰ ਸੱਚ ਸਾਬਿਤ ਹੋਵੇ, ਇਹ ਜ਼ਰੂਰੀ ਨਹੀਂ ਹੈ।

* 'ਥ੍ਰੀ ਇਡੀਅਟਸ' ਵਿੱਚ ਕਰੀਨਾ ਕਪੂਰ ਦੇ ਨਾਲ ਤੁਹਾਡੀ ਕੈਮਿਸਟਰੀ ਨੂੰ ਦਰਸ਼ਕਾਂ ਨੇ ਕਾਫੀ ਪਸੰਦ ਕੀਤਾ ਸੀ। ਕੀ ਇਸ ਵਾਰ ਵੀ ਉਮੀਦ ਕਰ ਰਹੇ ਹਨ ਕਿ ਤੁਹਾਡੀ ਜੋੜੀ ਉਸੇ ਤਰ੍ਹਾਂ ਦਾ ਜਾਦੂ ਦਿਖਾ ਸਕੇਗੀ?

– ਤਦ ਤੋਂ ਅੱਜ ਤੱਕ ਮੈਂ ਅਤੇ ਕਰੀਨਾ ਦੋਵੇਂ ਕਾਫੀ ਮੈਚਿਓਰ ਹੋ ਗਏ ਹਾਂ ਅਤੇ ਸਾਡੀ ਮੈਚਿਓਰਿਟੀ ਸਾਡੇ ਵਿੱਚ ਵੀ ਨਜ਼ਰ ਆਏਗੀ। ਅਸੀਂ ਆਸ ਕਰਦੇ ਹਾਂ ਕਿ ਸਾਡੀ ਇਹ ਫਿਲਮ ਇਸ ਵਾਰ ਵੀ ਦਰਸ਼ਕਾਂ ਨੂੰ ਖੂਬ ਇੰਟਰਟੇਨ ਕਰੇਗੀ।

* ਤੁਹਾਡਾ ਬੇਟਾ ਜੁਨੈਦ ਯਸ਼ਰਾਜ ਫਿਲਮਜ਼ ਦੀ 'ਮਹਾਰਾਜਾ' ਦੇ ਨਾਲ ਡੈਬਿਊ ਕਰਨ ਜਾ ਰਿਹਾ ਹੈ। ਇਸ ਨੂੰ ਲੈ ਕੇ ਤੁਸੀਂ ਕੀ ਸੋਚਦੇ ਹੋ?

– 'ਮਹਾਰਾਜਾ' ਨੂੰ ਸਿਧਾਰਥ ਆਨੰਦ ਡਾਇਰੈਕਟਰ ਕਰ ਰਹੇ ਹਨ। ਉਹ ਇੱਕ ਬਹੁਤ ਬਿਹਤਰੀਨ ਡਾਇਰੈਕਟਰ ਹਨ। ਅਸੀਂ ਉਮੀਦ ਹੈ ਕਿ ਉਨ੍ਹਾਂ ਦੇ ਹੱਥ ਵਿੱਚ ਜੁਨੈਦ ਪੂਰੀ ਤਰ੍ਹਾਂ ਮਹਿਫੂਜ਼ ਹੈ। ਜਦ ਮੈਂ ਬਤੌਰ ਐਕਟਰ ਸ਼ੁਰੂਆਤ ਕੀਤੀ ਸੀ, ਮੇਰੇ ਵਿੱਚ ਕਾਫੀ ਕਮੀਆਂ ਸਨ, ਪਰ ਜੁਨੈਦ ਮੈਨੂੰ ਐਕਟਰ ਦੇ ਤੌਰ ਉੱਤੇ ਜ਼ਿਆਦਾ ਪ੍ਰਫੈਕਟ ਨਜ਼ਰ ਆਉਂਦਾ ਹੈ।






# ਫਿਲਮੀ ਦੁਨੀਆ

## 'ਚਕਦਾ ਐਕਸਪ੍ਰੈੱਸ' ਲਈ ਇੰਗਲੈਂਡ ਵਿੱਚ ਕ੍ਰਿਕਟ ਟਰੇਨਿੰਗ ਲਵੇਗੀ ਅਨੁਸ਼ਕਾ ਸ਼ਰਮਾ




ਅਨੁਸ਼ਕਾ ਸ਼ਰਮ ਜਲਦੀ ਹੀ ਫਿਲਮ 'ਚਕਦਾ ਐਕਸਪ੍ਰੈੱਸ' ਵਿੱਚ ਆਏਗੀ। ਉਸ ਵਿੱਚ ਉਹ ਮਹਿਲਾ ਕ੍ਰਿਕਟ ਦੀ ਆਲ ਟਾਈਮ ਫਾਸਟ ਬਾਲਰ ਝੂਲਨ ਗੋਸਵਾਮੀ ਦਾ ਰੋਲ ਨਿਭਾਵੇਗੀ। ਸੂਤਰਾਂ ਨੇ ਦੱਸਿਆ ਕਿ ਫਿਲਮ ਦੇ ਕੁਝ ਇੰਟੈਂਸਿਵ ਪੋਰਸ਼ਨ ਦੀ ਸ਼ੂਟਿੰਗ ਤੋਂ ਪਹਿਲਾਂ ਖੁਦ ਨੂੰ ਪੂਰੀ ਤਰ੍ਹਾਂ ਤਿਆਰ ਕਰਨ ਲਈ ਅਨੁਸ਼ਕਾ ਇੰਗਲੈਂਡ ਜਾ ਰਹੀ ਹੈ।

ਸੂਤਰਾਂ ਮੁਤਾਬਕ 'ਪਰਦੇ ਉੱਤੇ ਝੂਲਨ ਬਣਨ ਵਿੱਚ ਅਨੁਸ਼ਕਾ ਕੋਈ ਕਸਰ ਨਹੀਂ ਛੱਡ ਰਹੀ। ਉਹ ਆਪਣੀ ਬਾਡੀ ਤਿਆਰ ਕਰੇਗੀ, ਫਿਲਮ ਦੇ ਕ੍ਰਿਕਟ ਪੋਰਸ਼ਨ ਦੀ ਸ਼ੂਟਿੰਗ ਸ਼ੁਰੂ ਕਰਨ ਤੋਂ ਉਹ ਲੀਡਸ ਵਿੱਚ ਆਪਣੇ ਕ੍ਰਿਕਟ ਸਕਿਲਸ ਦੀ ਪ੍ਰਫੈਕਟ ਬਣਾਏਗੀ। ਇਸ ਲਈ ਉਹ ਅਗਸਤ ਤੋਂ ਸਤੰਬਰ ਅੱਧ ਤੱਕ ਟਫ ਟਰੇਨਿੰਗ ਤੋਂ ਗੁਜ਼ਰੇਗੀ। ਫਿਲਮ ਨੂੰ ਲੀਡ ਕਰਨ ਲਈ ਅਨੁਸ਼ਕਾ ਤਿੰਨ ਸਾਲ ਬਾਅਦ ਫਿਲਮਾਂ ਵਿੱਚ ਵਾਪਸੀ ਕਰ ਰਹੀ ਹੈ। ਇਸ ਦੀ ਸ਼ੂਟਿੰਗ ਭਾਰਤ ਅਤੇ ਯੂ ਕੇ ਵਿੱਚ ਹੋਣੀ ਹੈ। ਮੰਨੀ ਪ੍ਰਮੰਨੀ ਭਾਰਤੀ ਤੇਜ਼ ਗੇਂਦਬਾਜ਼ ਦੇ ਕਿਰਦਾਰ ਲਈ ਅਨੁਸ਼ਕਾ ਪਹਿਲਾਂ ਕਈ ਮਹੀਨਿਆਂ ਤੋਂ ਤਿਆਰੀ ਵਿੱਚ ਲੱਗੀ ਹੋਈ ਹੈ। ਕਲੀਨ ਸਲੇਟ ਫਿਲਮਜ਼ ਦੇ ਬੈਨਰ ਹੇਠ ਇਸ ਦਾ ਨਿਰਮਾਣ ਕੀਤਾ ਰਿਹਾ ਹੈ।"

## ਪਰਿਣੀਤੀ ਚੋਪੜਾ ਨੇ ਇਮਤਿਆਜ਼ ਦੀ ਫਿਲਮ ਲਈ ਛੱਡੀ ਰਣਬੀਰ ਦੀ 'ਐਨੀਮਲ'

ਪਰਿਣੀਤੀ ਚੋਪੜਾ ਦੇ ਰਣਬੀਰ ਕਪੂਰ ਦੀ ਫਿਲਮ 'ਐਨੀਮਲ' ਨੂੰ ਛੱਡਣ ਦੀ ਚਰਚਾ ਹੈ। ਉਹ ਇਮਤਿਆਜ਼ ਅਲੀ ਦੀ ਫਿਲਮ 'ਚਮਕੀਲਾ' ਵਿੱਚਜਲਦੀ ਹੀ ਲੀਡ ਰੋਲ ਵਿੱਚ ਆਵੇਗੀ। ਇਹ ਪਹਿਲੀ ਵਾਰ ਹੈ ਜਦ ਪਰਿਣੀਤੀ ਇਮਤਿਆਜ਼ ਅਲੀ ਨਾਲ ਕੰਮ ਕਰੇਗੀ। ਇੱਕ ਖਾਸ ਗੱਲਬਾਤ ਦੌਰਾਨ ਇਮਤਿਆਜ਼ ਅਲੀ ਨੇ ਦੱਸਿਆ ਕਿ ਉਸ ਦੀ ਫਿਲਮ 'ਚਮਕੀਲਾ' ਵਿੱਚ ਅਜਿਹਾ ਕੀ ਹੈ, ਜਿਸ ਦੇ ਲਈ ਪਰਿਣੀਤੀ ਨੇ ਰਣਬੀਰ ਦੀ ਫਿਲਮ 'ਐਨੀਮਲ' ਛੱਡ ਦਿੱਤੀ। ਇਮਤਿਆਜ਼ ਨੇ ਕਿਹਾ, "ਇਸ ਦਾ ਜਵਾਬ ਤਦ ਦੇਣਾ ਵੱਧ ਸਹੀ ਹੋਵੇਗਾ, ਜਦ ਤੁਸੀਂ ਫਿਲਮ ਦੇਖੋਗੇ। ਮੈਂ ਅਜੇ ਫਿਲਮ ਦੇ ਬਾਰੇ ਜ਼ਿਆਦਾ ਕੁਝ ਨਹੀਂ ਦੱਸ ਸਕਦਾ, ਕਿਉਂਕਿ ਅਜੇ ਅਸੀਂ ਉਸ ਫਿਲਮ ਨੂੰ ਸ਼ੁਰੂ ਨਹੀਂ ਕੀਤਾ, ਪਰ ਇੱਕ ਗੱਲ ਕਹਿ ਸਕਦਾ ਹਾਂ ਕਿ ਉਸ ਵਿੱਚ ਕਲਾਕਾਰ ਨੇ ਗਾਣਾ ਵੀ ਖੁਦ ਗਾਉਣਾ ਹੈ, ਤਾਂ ਇਹ ਫਿਲਮ ਦੀ ਬਹੁਤ ਅਟ੍ਰੈਕਟਿਵ ਚੀਜ਼ ਹੈ ਅਤੇ ਪਰਿਣੀਤੀ ਖੁਦ ਇੱਕ ਸਿੰਗਰ ਵੀ ਹੈ ਤਾਂ ਉਸ ਦੇ ਲਈ ਇਹ ਇੱਕ ਵੱਡੀ ਵਜ੍ਹਾ ਹੋ ਸਕਦੀ ਹੈ। ਇਸ ਵਿੱਚ ਪਰਿਣੀਤੀ ਗਾਣਾ ਵੀ ਗਾਏਗੀ।"ਅਮਰ ਸਿੰਘ ਚਮਕੀਲਾਪੰਜਾਬੀ ਗਾਇਕ ਸਨ, ਜੋ ਬੇਖੌਫ ਹੋ ਕੇ ਆਪਣੇ ਗੀਤਾਂ ਨਾਲ ਸਮਾਜ ਦੀ ਗੱਲ ਲੋਕਾਂ ਸਾਹਮਣੇ ਰੱਖਦੇ ਸਨ ਤੇ ਇਸ ਲਈ ਉਹ ਕਈ ਲੋਕਾਂ ਦੀਆਂ ਅੱਖਾਂ ਵਿੱਚ ਰੜਕਦੇ ਸਨ। ਉਨ੍ਹਾਂ ਦੀ ਇੱਕ ਮੋਟਰ ਸਾਈਕਲ ਗਿਰੋਹ ਨੇ ਅੱਠ ਮਾਰਚ 1988 ਨੂੰ ਦਿਨ ਦਿਹਾੜੇ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਸੀ।



## ਕਮਲ ਹਾਸਨ ਦੀ ਫਿਲਮ 'ਇੰਡੀਅਨ 2' ਤੋਂ ਕਾਜਲ ਅਗਰਵਾਲ ਬਾਹਰ



ਕਮਲ ਹਾਸਨ ਦੀ ਫਿਲਮ 'ਇੰਡੀਅਨ 2' ਪਿਛਲੇ ਕੁਝ ਸਾਲਾਂ ਤੋਂ ਰੁਕੀ ਪਈ ਹੈ। ਕਰੀਬ ਦੋ ਸਾਲ ਪਹਿਲਾਂ ਇਸ ਫਿਲਮ ਦੇ ਸੈੱਟ ਉਤੇ ਹਾਦਸਾ ਹੋ ਗਿਆ ਸੀ ਅਤੇ ਇਸ ਦੇ ਬਾਅਦ ਤੋਂ ਇਸ ਦਾ ਕੰਮ ਨਹੀਂ ਸ਼ੁਰੂ ਹੋ ਸਕਿਆ ਹੈ। ਅੱਗੋਂ ਇਸ ਫਿਲਮ ਦੀ ਇੱਕ ਵੱਡੀ ਅਪਡੇਟ ਆਈ ਹੈ। ਮੇਕਰਸ ਨੇ ਫਿਲਮ ਵਿੱਚੋਂ ਕਾਜਲ ਅਗਰਵਾਲ ਨੂੰ ਹਟਾ ਦਿੱਤਾ ਹੈ। ਸੂਤਰਾਂ ਮੁਤਾਬਕ ਇਸ ਵਿੱਚ ਕਾਜਲ ਦੀ ਜਗ੍ਹਾ ਦੀਪਿਕਾ ਪਾਦੁਕੋਣ ਤੇ ਕੈਟਰੀਨਾ ਕੈਫ ਵਰਗੀਆਂ ਅਭਿਨੇਤਰੀਆਂ ਦੇ ਨਾਂਅ ਬਾਰੇ ਸੋਚਿਆ ਰਿਹਾ ਹੈ। ਸੂਤਰਾਂ ਨੇ ਦੱਸਿਆ ਕਿ ਇਸ ਨੂੰ ਪੈਨ ਇੰਡੀਆ ਫਿਲਮ ਦੇ ਰੂਪ ਵਿੱਚ ਡਿਜ਼ਾਈਨ ਕੀਤਾ ਜਾ ਰਿਹਾ ਹੈ। ਫਿਲਮ ਨੂੰ ਬਾਲੀਵੁੱਡ ਦੀਆਂ ਵੱਡੀਆਂ ਹੀਰੋਇਨਾਂ ਜਿਵੇਂ ਦੀਪਿਕਾ ਜਾਂ ਕੈਟਰੀਨਾ ਦੀ ਜ਼ਰੂਰਤ ਹੈ। ਇਸ ਨੂੰ ਸ਼ੰਕਰ ਡਾਇਰੈਕਟ ਕਰ ਰਹੇ ਹਨ। ਇਸ ਦਾ ਪਹਿਲਾ ਪਾਰਟ 1996 ਵਿੱਚ ਰਿਲੀਜ਼ ਹੋਇਆ ਸੀ। ਪਹਿਲੇ ਪਾਰਟ ਵਿੱਚ ਕਮਲ ਦੇ ਇਲਾਵਾ ਉਰਮਿਲਾ ਮਾਤੋਂਡਕਰ ਅਤੇ ਮਨੀਸ਼ਾ ਕੋਇਰਾਲਾ ਲੀਡ ਰੋਲ ਵਿੱਚ ਸਨ। ਦੱਸਣਾ ਬਣਦਾ ਹੈ ਕਿ ਕਾਜਲ ਨੂੰ ਇਸ ਤੋਂ ਪਹਿਲਾਂ ਫਿਲਮ 'ਆਚਾਰੀਆ' ਤੋਂ ਵੀ ਹਟਾਇਆ ਗਿਆ ਸੀ। ਫਿਲਮ ਵਿੱਚ ਚਿਰੰਜੀਵੀ ਲੀਡ ਰੋਲ ਵਿੱਚ ਸਨ। ਕਮਲ ਹਾਸਨ ਵੀ ਫਿਲਮ 'ਵਿਕਰਮ' ਵਿੱਚ ਨਜ਼ਰ ਆ ਚੁੱਕੇ ਹਨ।













FRESH & LARGE VARIETY
Bread, Dairy & Eggs
Branded Foods
Fruits & Vegetables
Beverages & Confectionery
Grocery & Staples
Sweet & Samosas

**SERVING FROM ALL LOCATIONS IN GTA AREA:**

10 Westmore Drive
Etobicoke ON M9V-3Z7
416-740-3262

21 Lacoste Blvd,
Brampton, ON L6P 2K2
905 794-8109

621 Wanless drive, # 122
Brampton ON L7A 0A9
905-495-3336

1075 Ceremonial Drive
Mississauga ON L5R 2Z4
905-502-1600

80 Pertosa Drive
Brampton ON L5X-5E9
905-460-0009

10510 Torbram Road,
Brampton
905-790-0030

2120 North park Drive
Brampton ON L6S 0C9
905-793-1338

10 Pannahill Dr,
Brampton
905 913-8017